SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 6 ISSUE - 41
January 17, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ



ਸਤਿਕਾਰਯੋਗ ਦੋਸਤੋ, ਅੱਜ (14 ਜਨਵਰੀ) ਉਸ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦਾ 132ਵਾਂ ਜਨਮ ਦਿਨ ਹੈ, ਜਿਨ੍ਹਾਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਹੋਰਨਾਂ ਗਦਰੀ ਬਾਬਿਆਂ ਨਾਲ ਸੰਘਰਸ਼ ਕੀਤਾ ਅਤੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ, ਜਿਨ੍ਹਾਂ ਬਾਰੇ ਅਸੀਂ ਸਮੇਂ-ਸਮੇਂ ਹਫਤਾਵਾਰੀ ਅਖਬਾਰਾਂ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਅੰਗਰੇਜ਼ੀ/ ਪੰਜਾਬੀ ਵਿਚ ਅਕਸਰ ਜ਼ਿਕਰ ਕਰਦੇ ਆਏ ਹਾਂ। ਗਦਰੀ ਬਾਬਾ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਹੋਰਨਾਂ ਮਾਣਯੋਗ ਲੇਖਕਾਂ ਨੇ ਵੀ ਬਹੁਤ ਕੁਝ ਲਿਖਿਆ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ।

# ਗ਼ੈਰ ਕਾਨੂੰਨੀ ਪਰਵਾਸੀਆਂ 'ਤੇ ਸੰਕਟ ਦੇ ਬੱਦਲ ਹਾਲੇ ਵੀ ਕਾਇਮ

**ਵਾਸ਼ਿੰਗਟਨ (ਬਿਊਰੋ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਬਚਪਨ 'ਚ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਲਿਆਂਦੇ ਪਰਵਾਸੀਆਂ ਦੀ ਰਾਖੀ ਕਰਨ ਵਾਲਾ ਪ੍ਰੋਗਰਾਮ 'ਸੰਭਾਵੀ ਤੌਰ 'ਤੇ ਖ਼ਤਮ' ਹੋ ਗਿਆ ਹੈ। ਉਨ੍ਹਾਂ ਨੇ ਵਿਰੋਧੀ ਧਿਰ ਡੈਮੋਕਰੈਟਾਂ 'ਤੇ ਸੰਭਾਵੀ ਆਵਾਸ ਸਮਝੌਤੇ ਉਤੇ ਗੱਲਬਾਤ ਵਿੱਚ ਅੜਿੱਕੇ ਡਾਹੁਣ ਦਾ ਦੋਸ਼ ਵੀ ਲਾਇਆ। ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡਾਕਾ) ਪ੍ਰੋਗਰਾਮ, ਜੋ ਹਜ਼ਾਰਾਂ ਪਰਵਾਸੀਆਂ (ਡਰੀਮਰਜ਼) ਦੀ ਵਤਨ ਵਾਪਸੀ ਰੋਕਦਾ ਹੈ, ਉਤੇ ਹਫ਼ਤਾ ਭਰ ਚੱਲੀ ਗੰਭੀਰ ਚਰਚਾ ਬਾਅਦ ਟਰੰਪ ਨੇ ਇਹ ਟਿੱਪਣੀ ਕੀਤੀ ਹੈ।

ਓਬਾਮਾ ਕਾਲ ਦੀ ਇਹ ਨੀਤੀ ਤਕਰੀਬਨ ਅੱਠ ਲੱਖ ਲੋਕਾਂ ਦੀ ਰਾਖੀ ਕਰ ਰਹੀ ਹੈ, ਜਿਸ ਤਹਿਤ ਕੰਮ ਤੇ ਪੜ੍ਹਾਈ ਲਈ ਆਰਜ਼ੀ ਪਰਮਿਟ ਵੀ ਮੁਹੱਈਆ ਕਰਾਏ ਜਾਂਦੇ ਹਨ। ਦੱਸਣਯੋਗ ਹੈ ਕਿ ਟਰੰਪ ਇਸ ਸਮਝੌਤੇ ਤਹਿਤ ਸਰਹੱਦੀ ਸੁਰੱਖਿਆ ਲਈ ਯੂ ਐਸ-



ਮੈਕਸਿਕੋ ਦੀਵਾਰ ਲਈ ਰਾਸ਼ੀ ਤੋਂ ਇਲਾਵਾ ਲਾਟਰੀ ਆਧਾਰਤ 'ਲੜੀਵਾਰ ਪਰਵਾਸ' ਵਿੱਚ ਤਬਦੀਲੀ ਚਾਹੁੰਦੇ ਹਨ। ਟਰੰਪ ਨੇ ਟਵੀਟ ਕੀਤਾ, 'ਡਾਕਾ ਸੰਭਾਵੀ ਤੌਰ 'ਤੇ ਖ਼ਤਮ ਹੋ ਗਿਆ ਹੈ ਕਿਉਂਕਿ ਡੈਮੋਕਰੈਟ ਅਸਲ ਵਿੱਚ ਇਸ ਨੂੰ ਨਹੀਂ ਚਾਹੁੰਦੇ। ਉਹ ਮਹਿਜ਼ ਗੱਲਬਾਤ ਕਰਨਾ ਅਤੇ ਸਾਡੀ ਫ਼ੌਜ ਤੋਂ ਬੇਹੱਦ ਲੋੜੀਦੀਂ ਰਾਸ਼ੀ ਲੈਣਾ ਚਾਹੁੰਦੇ ਹਨ।' ਪ੍ਰਸ਼ਾਸਨ ਨੂੰ ਇਸ ਪ੍ਰੋਗਰਾਮ ਨੂੰ ਰੱਦ ਕਰਨ ਤੋਂ ਰੋਕਣ ਵਾਲੇ ਸੰਘੀ ਅਦਾਲਤ ਦੇ ਫ਼ੈਸਲੇ ਬਾਅਦ ਡਾਕਾ ਤਹਿਤ 'ਡਰੀਮਰਜ਼' ਦੀਆਂ ਨਵਿਆਉਣ ਵਾਲੀਆਂ ਅਰਜ਼ੀਆਂ ਮੁੜ ਪ੍ਰਾਪਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਦੇ ਕੁੱਝ ਘੰਟਿਆਂ ਬਾਅਦ ਟਰੰਪ ਨੇ ਟਵੀਟ ਕੀਤਾ, 'ਮੈਂ ਰਾਸ਼ਟਰਪਤੀ ਵਜੋਂ ਚਾਹੁੰਦਾ ਹਾਂ ਕਿ ਉਹ ਲੋਕ ਸਾਡੇ ਮੁਲਕ ਆਉਣ, ਜੋ ਇਸ ਨੂੰ ਮੁੜ ਮਜ਼ਬੂਤ ਤੇ ਮਹਾਨ ਬਣਾਉਣ 'ਚ ਸਾਡੀ ਮਦਦ ਕਰਨ। ਲੋਕ ਮੈਰਿਟ ਆਧਾਰ ਉਤੇ ਆਉਣ। ਹੋਰ ਲਾਟਰੀ ਸਿਸਟਮ ਨਹੀਂ।'



ਪੰਜਵੇਂ ਛਣਕਾਟਾ ਪ੍ਰੋਗਰਾਮ ਦੌਰਾਨ ਰਾਜਾ ਸਵੀਟਸ ਅਤੇ ਕੇਟਰਿੰਗ ਦੇ ਮਾਲਕ ਸ. ਮੱਖਣ ਸਿੰਘ ਬੈਂਸ, ਗਿਆਨੀ ਰਵਿੰਦਰਪਾਲ ਸਿੰਘ ਜੀ ਪ੍ਰਸਿੱਧ ਗਾਇਕਾ ਅਮ੍ਰਿਤਾ ਵਿਰਕ ਦਾ ਸਨਮਾਨ ਕਰਦੇ ਹੋਏ। ਨਾਲ ਖੜ੍ਹੇ ਹਨ ਸ. ਗਾਖਲ ਅਤੇ ਹੋਰ।
*(ਇਕ ਯਾਦਗਾਰੀ ਤਸਵੀਰ)* **(ਖਬਰ ਦੇਖੋ ਸਫਾ 5 'ਤੇ)**

# ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-**ਸਿਆਟਲ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਤੇ ਸੰਸਥਾਵਾਂ ਨੇ ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ ਮਨਾਉਂਦੇ ਸਮੇਂ ਸੰਦੇਸ਼ ਦਿੱਤਾ ਕਿ ਨਫ਼ਰਤ ਤੇ ਘਿਰਣਾ ਛੱਡ ਕੇ ਪਿਆਰ-ਮੁਹੱਬਤ ਦੀ ਰੌਸ਼ਨੀ ਪੈਦਾ ਕਰਨੀ ਚਾਹੀਦੀ ਹੈ । ਕੈਂਟਰਿਜ਼ ਹਾਈ ਸਕੂਲ ਵਿਚ ਸਮਾਗਮ ਦੌਰਾਨ ਮਾਰਟਿਨ ਲੂਥਰ ਕਿੰਗ ਦਾ ਜਨਮ ਦਿਨ ਸਮੂਹ





ਵਿਦਿਆਰਥੀਆਂ, ਸਟਾਫ਼ ਤੇ ਪ੍ਰਿੰਸੀਪਲ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ । ਜਿੱਥੇ ਪਿਆਰ-ਮੁਹੱਬਤ ਦੀ ਰੌਸ਼ਨੀ ਅਤੇ ਆਪਸੀ ਭਾਈਚਾਰਕ ਸਾਂਝ ਵਧਾਉਣ 'ਤੇ ਜ਼ੋਰ ਦਿੱਤਾ। ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ ਅਮਰੀਕਾ ਭਰ ਵਿਚ ਜਨਵਰੀ ਦੇ ਤੀਜੇ ਹਫ਼ਤੇ ਦੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਅਮਰੀਕਾ ਵਿਚ ਰਾਸ਼ਟਰੀ ਛੁੱਟੀ ਹੁੰਦੀ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

FARMERS INSURANCE
Auto, Home, Business, Commercial, Rental, Workecomp, Life, Health etc.
ਮਨਜੀਤ ਕੌਰ
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
RE/MAX
DALVIR 'DIL' NIJJAR
Realtor, Lic # 01418648
2081 Arena Blvd. @ 100 Sacramento CA 95835
916-628-2210
Dil.realtor@gmail.com

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਾਬਕਾ ਐਮ.ਪੀ. ਅਤੇ ਸਾਬਕਾ ਐਮ.ਐਲ.ਏ. ਸਤਨਾਮ ਸਿੰਘ ਕੈਂਥ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

## ਰਾਣਾ ਗੁਰਜੀਤ ਸਿੰਘ, ਚੌਧਰੀ ਸੰਤੋਖ ਸਿੰਘ ਸਮੇਤ ਵੱਡੀ ਗਿਣਤੀ 'ਚ ਰਾਜਨੀਤਕ ਆਗੂਆਂ ਵਲੋਂ ਸ਼ਰਧਾਂਜ਼ਲੀ







**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਪੰਜਾਬ ਵਿਧਾਨ ਸਭਾ 'ਚ ਬਹੁਜਨ ਸਮਾਜ ਪਾਰਟੀ ਵਲੋਂ ਵਿਧਾਇਕ ਚੁਣੇ ਜਾਣ ਤੇ ਸਾਲ 1992 'ਚ ਵਿਰੋਧੀ ਧਿਰ ਦੇ ਨੇਤਾ ਅਤੇ ਸਾਲ 1998 ਵਿੱਚ ਬਹੁਜਨ ਸਮਾਜ ਮੋਰਚਾ ਵਲੋਂ ਲੋਕ ਸਭਾ ਹਲਕਾ ਫ਼ਿਲੌਰ ਤੋਂ ਐਮ.ਪੀ. ਰਹੇ ਦੋਆਬੇ ਦੇ ਉੱਘੇ ਦਲਿਤ ਨੇਤਾ ਸ. ਸਤਨਾਮ ਸਿੰਘ ਕੈਂਥ ਉੱਪ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਅੱਜ ਉਨ੍ਹਾਂ ਦੇ ਪਿੰਡ ਸੋਤਰਾਂ (ਨੇੜੇ ਬੰਗਾ) ਵਿਖੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦ–ਾਇਗੀ ਦਿੱਤੀ ਗਈ। ਕਾਲਜ ਦੀ ਪੜ੍ਹਾਈ ਦੌਰਾਨ ਹੀ ਉਹ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਅਗਵਾਈ ਵਿੱਚ ਰਾਜਨੀਤੀ ਵਿੱਚ ਆਏ ਸ਼੍ਰੀ ਸਤਨਾਮ ਸਿੰਘ ਕੈੱਥ ਨੇ ਦਲਿਤ ਸਮਾਜ ਦੀ ਬਿਹਤਰੀ ਲਈ ਸੰਘਰਸ਼ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ।ਪੰਜਾਬ ਦੀ ਦਲਿਤ ਰਾਜਨੀਤੀ ਵਿੱਚ ਬਹੁਜਨ ਸਮਾਜ ਦੇ ਬਾਬਾ ਬੋਹੜ ਸਵ.ਸ੍ਰੀ ਹਰਭਜਨ ਸਿੰਘ ਲਾਖਾ ਨਾ.ਲ ਮੋਢੇ ਨਾ.ਲ ਮੋਢਾ ਜੋੜ ਕੇ ਦਲਿਤ ਉਥਾਨ ਵਾਸਤੇ ਦਿਨ ਰਾਤ ਇੱਕ ਕਰਕੇ ਡਾਕਟਰ ਬੀ.ਆਰ.ਅੰਬੈਦਕਰ ਦੀ ਸੋਚ ਅਤੇ ਸੰਘਰਸ਼ ਨੂੰ ਅੱਗੇ ਵਧਾਉਣ ਲਈ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾਂ ਦਾ 14 ਜਨਵਰੀ ਨੂੰ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਰਹਿਣ ਬਾਅਦ ਦੇਹਾਂਤ ਹੋ ਗਿਆ ਸੀ।ਇਸ ਮੌਕੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਪੁੱਤਰਾਂ ਹਰਪ੍ਰੀਤ ਸਿੰਘ ਕੈਂਥ ਅਤੇ ਪਰਮਜੀਤ ਸਿੰਘ ਕੈਂਥ ਵਲੋਂ ਦਿੱਤੀ ਗਈ।






ਸਵਰਗੀ ਕੈਂਥ ਨੂੰ ਅੰਤਿਮ ਵਿਦਾਇਗੀ ਦੇਣ ਮੌਕੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਐਮ.ਪੀ. ਜਲੰਧਰ ਚੌ. ਸੰਤੋਖ ਸਿੰਘ, ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਸੰਤੋਸ਼ ਚੌਧਰੀ, ਮਾਰਕਫ਼ੈਡ ਦੇ ਚੇਅਰਮੈਨ ਅਮਰਜੀਤ ਸਿੰਘ ਸਮਰਾ, ਵਿਧਾਇਕ ਰਾਜ ਕੁਮਾਰ ਚੱਬੇਵਾਲ, ਵਿਧਾਇਕ ਚੌ. ਦਰਸ਼ਨ ਲਾਲ ਮੰਗੂਪੁਰ ਬਲਾਚੌਰ, ਸ੍ਰੀ ਅੰਗਦ ਸਿੰਘ ਵਿਧਾਇਕ ਨਵਾਂਸ਼ਹਿਰ, ਪਵਨ ਕੁਮਾਰ ਟੀਨੂ ਆਦਮਪੁਰ, ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਅਤੇ ਸਾਬਕਾ ਵਿਧਾਇਕ ਸਰਵਣ ਸਿੰਘ ਫ਼ਿਲੌਰ, ਸਾਬਕਾ ਵਿਧਾਇਕ ਮੋਹਨ ਸਿੰਘ ਬੰਗਾ, ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਅਤੇ ਰਾਜ ਖੇੜੀ ਤੋਂ ਇਲਾਵਾ ਸਾਬਕਾ ਐਮ.ਪੀ. ਮੋਹਨ ਸਿੰਘ ਫਲੀਆਂਵਾਲਾ, ਮੈਂਬਰ ਐਸ.ਜੀ.ਪੀ.ਸੀ. ਸੁਖਦੇਵ ਸਿੰਘ ਭੌਰ, ਸ੍ਰੀ ਗੁਰੂ ਰਵੀਦਾਸ ਸੰਪ੍ਰਦਾਇ ਤੋਂ ਸੰਤ ਬਾਬਾ ਕੁਲ–ਵੰਤ ਰਾਏ ਭਰੋ ਮਜਾਰਾ ਅਤੇ ਬਹੁਜਨ ਸਮਾਜ ਦੇ ਆਗੂ ਅਤੇ ਵਰਕਰ ਮੌਜੂਦ ਸਨ।

ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ੍ਰੀ ਅਮਿਤ ਕੁਮਾਰ ਅਤੇ ਐਸ.ਐਸ.ਪੀ. ਸਤਿੰਦਰ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ੍ਰੀ ਕੈਂਥ ਦੀ ਮ੍ਰਿਤਕ ਦੇਹ 'ਤੇ ਫੁੱਲ ਮਾਲਾ ਅਰਪਿਤ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਵਲੋਂ ਜ਼ਿਲ੍ਹਾ ਪ੍ਰਧਾਨ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਪੱਲੀਝਿੱਕੀ ਨੇ ਸ੍ਰੀ ਕੈਂਥ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਝੰਡਾ ਅਰਪਿਤ ਕੀਤਾ।ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਏ.ਐਸ.ਆਈ. ਕਮਲ ਰਾਜ ਦੀ ਅਗਵਾਈ ਵਿੱਚ ਸ਼ੋਕ ਸਲਾਮੀ ਦਿੱਤੀ ਗਈ।

ਇਸ ਮੌਕੇ ਰਾਣਾ ਗੁਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਆਖਿਆ ਕਿ ਸ੍ਰੀ ਕੈਂਥ ਬਹੁਤ ਹੀ ਸੁਲਝੇ ਹੋਏ ਸਿਆਸਤਦਾਨ ਸਨ, ਜਿਨ੍ਹਾਂ ਨੇ ਵਿਦਿਆਰਥੀ ਜੀਵਨ ਤੋਂ ਰਾਜਨੀਤੀ ਵਿੱਚ ਕਦਮ ਰੱਖਿਆ। ਉਨ੍ਹਾਂ ਨੇ ਸਵਰਗੀ ਕੈਂਥ ਵਲੋਂ ਲੋਕ ਸਭਾ ਅਤੇ ਵਿਧਾਨ ਸਭਾ ਵਿੱਚ ਲੋਕ ਨੁਮਾਇਦੇਂ ਵਜੋਂ ਲੋਕ ਮੁੱਦੇ ਉਠਾਉਣ ਨੂੰ ਯਾਦ ਵੀ ਕੀਤਾ।

ਚੌ. ਸੰਤੋਖ ਸਿੰਘ ਨੇ ਸਵ. ਕੈਂਥ ਨੂੰ ਦੋਆਬੇ ਦਾ ਅਹਿਮ ਦਲਿਤ ਆਗੂ ਕਰਾਰ ਦਿੰਦਿਆ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਦਲਿਤ ਸਮਾਜ ਦੀ ਬਿਹਤਰੀ ਲਈ ਝੰਡਾ ਚੁੱਕਿਆ ਅਤੇ ਉਨ੍ਹਾਂ ਦੇ ਵਿਛੋੜੇ ਨਾਲ ਦਲਿਤ ਸਮਾਜ ਇਕ ਸੰਜੀਦਾ ਨੇਤਾ ਤੋਂ ਵਾਂਝਾ ਹੋ ਗਿਆ ਹੈ।ਸਵ. ਕੈਂਥ ਨਮਿਤ ਅੰਤਿਮ ਅਰਦਾਸ 24 ਜਨਵਰੀ ਨੂੰ ਪਿੰਡ ਸੋਤਰਾਂ ਵਿਖੇ ਹੋਵੇਗੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION

2680 N TRACY BLVD, SUITE 4, TRACY, CA 95376

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਡਾ ਸੁੱਖਵਿੰਦਰ ਕਮਾਰ ਸੁੱਖੀ ਦਾ ਸੈਨਹੋਜੇ ਵਿਚ ਸਨਮਾਨ



**ਸੈਨਹੋਜੇ (ਹੁਸਨ ਲੜੋਆ ਬੰਗਾ)–** ਉਤਰੀ ਅਮਰੀਕਾ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਸੈਨਹੋਜੇ, ਕੈਲੀਫੋਰਨੀਆ ਵਿੱਚ ਹਲਕਾ ਬੰਗਾ ਤੋਂ ਅਕਾਲੀ ਐਮ ਐਲ ਏ ਡਾ ਸੁਖਵਿੰਦਰ ਕਮਾਰ ਸੁੱਖੀ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਿਰੋਪਾ ਅਤੇ ਕਿਰਪਾਨ ਭੇਟ ਕਰਕੇ ਵਿਸੇਸ ਸਨਮਾਨ ਕੀਤਾ ਗਿਆ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ, ਗੁਰਸੇਵਕ ਸਿੰਘ ਭੰਗੂ, ਸੁੱਚਾ ਰਾਮ ਭਾਰਟਾ, ਹਰਦੁਮਣ ਸਿੰਘ ਸੰਘੇੜਾ, ਬਲਜੀਤ ਸਿੰਘ, ਭੁਪਿੰਦਰ ਸਿੰਘ ਗਿੱਲ , ਇੰਦਰਜੀਤ ਸਿੰਘ ਹੁੰਦਲ , ਰਣਜੀਤ ਸਿੰਘ ਨਾਗਰਾ, ਸਰਬਜੋਤ ਸਿੰਘ ਸਵੱਦੀ ਅਤੇ ਨੀਟੂ ਸਿੰਘ ਕਾਹਲੋਂ ਡਾ ਸੁੱਖੀ ਨਾਲ ਹਾਜ਼ਰ ਸਨ । ਡਾ ਸੁੱਖੀ ਨੇ ਇਸ ਸਮੇਂ ਪ੍ਰਭਾਵਸਾਲੀ ਤਕਰੀਰ ਵੀ ਕੀਤੀ ।

# ਪਾਕਿਸਤਾਨ ਰਹਿ ਗਈ ਸਾਡੀ ਵਿਰਾਸਤ ਦੀਆਂ ਕਹਾਣੀ ਸੁਣ ਭਾਰਤੀ ਅਤੇ ਗੋਰਿਆਂ ਦੀਆਂ ਅੱਖਾਂ ਹੋਈਆਂ ਨਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਪਾਕਿਸਤਾਨ ਦੇ ਵਿਚ ਸਾਡਾ ਕੀ ਰਹਿ ਗਿਆ ਅਤੇ ਕਿਸ ਅਵਸਥਾ ਵਿਚ ਹੈ? ਨੂੰ ਕਿਤਾਬਾਂ ਜਾਂ ਤਸਵੀਰਾਂ ਦੇ ਵਿਚ ਬਿਆਨ ਕਰਨਾ ਭਾਵੇਂ ਅਤਿ ਮੁਸ਼ਕਿਲ ਹੈ, ਪਰ ਇਸ ਕੋਸ਼ਿਸ ਨੂੰ ਵੀ ਸਲਾਮ ਹੈ ਜਿਸਨੇ ਦੋ 1000 ਸਫਿਆਂ ਦੀ ਕਿਤਾਬਾਂ ਦੇ ਵਿਚ ਅਜਿਹੀ ਵਿਛੜੀ ਵਿਰਾਸਤ ਸ਼ਾਮਿਲ ਕਰ ਦਿੱਤੀ ਕਿ ਇਹ ਨਿਸ਼ਾਨੀਆਂ ਵੇਖ ਕੇ ਹਰ ਇਕ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਅਜਿਹੀਆਂ ਦੋ ਕਿਤਾਬਾਂ ਦੇ ਰਚੇਤਾ ਸ. ਅਮਰਦੀਪ ਸਿੰਘ ਅੱਜਕਲ੍ਹ ਨਿਊਜ਼ੀਲੈਂਡ ਦੌਰੇ 'ਤੇ ਹਨ ਅੱਜ ਪਹਿਲਾ ਸੈਮੀਨਾਰ ਉਨ੍ਹਾਂ ਪਾਪਾਟੋਏਟੋਏ ਵਾਰ ਮੈਮੋਰੀਅਲ ਲਾਇਬ੍ਰੇਰੀ ਦੇ ਵਿਚ ਕੀਤਾ ਅਤੇ ਦੂਜਾ ਮਾਊਂਟ ਰੌਸਕਿਲ ਲਾਇਬ੍ਰੇਰੀ ਦੇ ਵਿਚ। ਦੋਵਾਂ ਸਥਾਨਾਂ ਉਤੇ ਚੁਣੀਂਦਾ ਲੋਕਾਂ ਨੇ ਸ. ਅਮਰਦੀਪ ਸਿੰਘ ਦੀਆਂ ਉਹ ਕਹਾਣੀਆਂ ਅਤੇ ਤਜ਼ਰਬੇ ਸੁਣੇ ਜਿਹੜੇ ਭਾਰਤ-ਪਾਕਿਸਤਾਨ ਸਾਂਝੀਵਾਲਤਾ, ਹਿੰਦੂ, ਸਿੱਖ ਮੁਸਲਮਾਨ, ਜੈਨੀ, ਅਫਗਾਨੀ ਅਤੇ ਹੋਰ ਕਈ ਧਰਮਾਂ ਦੇ ਲੋਕਾਂ ਦੀ ਗੂੜੀ ਮਿੱਤਰਤਾ ਅੱਜ ਵੀ ਬਿਆਨ ਕਰਦੇ ਸਨ। ਸਿੱਖੀ ਦੇ 1947 ਤੋਂ ਪਹਿਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਕੀ ਮਾਅਨੇ ਹੁੰਦੇ ਸਨ? ਨੂੰ ਬਾਖੂਬੀ ਬਿਆਨ ਕਰਦੀਆਂ ਤਸਵੀਰਾਂ ਅਤੇ ਸੰਖੇਪ ਜਾਣਕਾਰੀ ਤੁਹਾਡੀਆਂ ਅੱਖਾਂ ਦੇ ਵਿਚ ਹੰਝੂ ਲਿਆ ਦਿੰਦੀਆਂ ਹਨ। ਪਾਕਿਸਤਾਨ ਮੂਲ ਦੇ ਸਾਬਕਾ ਸੰਸਦ ਮੈਂਬਰ ਤੇ ਬੋਰਡ ਮੈਂਬਰ ਸ੍ਰੀ ਅਸ਼ਰਫ ਚੌਧਰੀ ਨੇ ਵੀ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮਾਉਂਟ ਰੌਸਕਿਲ ਵਿਖੇ ਸਿੱਖ ਯੂਥ ਗਰੁੱਪ ਨੇ ਸਮਾਗਮ ਆਯੋਜਿਤ ਕੀਤਾ। ਸ. ਅਮਰਦੀਪ ਸਿੰਘ ਹੋਰਾਂ ਦਾ ਸੈਮੀਨਾਰ ਤੋਂ ਬਾਅਦ ਨਿਊਜ਼ੀਲੈਂਡ ਪੰਜਾਬੀ ਮੀਡੀਆ ਕਰ-ਮੀਆਂ ਅਤੇ ਕੌਂਸਿਲ ਲਾਇਬ੍ਰੇਰੀ ਵੱਲੋਂ ਯਾਦਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਰੇਡੀਓ ਸਪਾਈਸ ਦੀ ਟੀਮ ਵੱਲੋਂ ਵੀ ਇਕ ਨਿਸ਼ਾਨੀ ਵਜੋਂ ਸੌਗਾਤ ਭੇਟ ਕੀਤੀ ਗਈ।



ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਵਿਖੇ ਕੱਲ੍ਹ ਐਤਵਾਰ 12.30 ਵਜੇ ਵਿਸ਼ੇਸ਼ ਸੈਮੀਨਾਰ: ਪਾਕਿਸਤਾਨ ਰਹਿ ਗਏ ਸੈਂਕੜੇ ਗੁਰਦੁਆਰਾ ਸਾਹਿਬਾਨਾਂ ਅਤੇ ਸਿੱਖ ਜਰਨੈਲਾਂ ਦੀਆਂ ਯਾਦਗਾਰੀ ਇਮਾਰਤਾਂ ਬਾਰੇ ਇਕ ਵਿਸ਼ੇਸ਼ ਪੇਸ਼ਕਸ਼ ਕੱਲ੍ਹ ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਪਾਪਾਟੋਏਟੋਏ ਵਿਖੇ ਦੁਪਹਿਰ 12.30 ਵਜੇ ਹੋਵੇਗੀ। ਸੰਗਤਾਂ ਨੂੰ ਅਪੀਲ ਹੈ ਕਿ ਇਹ ਪੇਸ਼ਕਸ਼ ਜਰੂਰ ਵੇਖੀ ਜਾਵੇ।

# ਅੰਤਰਜਾਤੀ ਵਿਆਹ ਗ਼ੈਰਕਾਨੂੰਨੀ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ (ਬਿਊਰੋ)–** ਭਾਰਤੀ ਸੁਪਰੀਮ ਕੋਰਟ ਨੇ ਕਿਹਾ ਕਿ ਅੰਤਰ ਜਾਤ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਨਿਸ਼ਾਨਾ ਬਣਾਉਣਾ 'ਸਰਾਸਰ ਗੈਰਕਾਨੂੰਨੀ' ਹੈ ਅਤੇ ਕੋਈ ਵੀ ਖਾਪ ਪੰਚਾਇਤ, ਵਿਅਕਤੀ ਜਾਂ ਸਮਾਜ ਕਿਸੇ ਵੀ ਬਾਲਗ ਮਹਿਲਾ



ਤੇ ਪੁਰਸ਼ ਨੂੰ ਆਪਣੀ ਮਰਜ਼ੀ ਨਾਲ ਵਿਆਹ ਕਰਨ ਤੋਂ ਨਹੀਂ ਰੋਕ ਸਕਦਾ। ਚੀਫ਼ ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਏ.ਐਮ ਖ਼ਾਨਵਿਲਕਰ ਤੇ ਡੀ.ਵਾਈ. ਚੰਦਰਚੂੜ ਅਧਾਰਿਤ ਬੈਂਚ ਨੇ ਇਸ ਮੁੱਦੇ ਨੂੰ ਸੰਜੀਦਗੀ ਨਾਲ ਨਾ ਲਏ ਜਾਣ ਅਤੇ ਆਪਣੇ ਸੁਝਾਅ ਨਾ ਦੇਣ 'ਤੇ ਕੇਂਦਰ ਦੀ ਜੰਮ ਕੇ ਖਿਚਾਈ ਕੀਤੀ। ਬੈਂਚ ਨੇ ਕਿਹਾ ਕਿ ਅਜਿਹੀਆਂ ਪੰਚਾਇਤਾਂ ਜਾਂ ਜਥੇਬੰਦੀਆਂ ਬਾਲਗ ਮਹਿਲਾਵਾਂ ਤੇ ਪੁਰਸ਼ਾਂ ਨੂੰ ਇਕ ਦੂਜੇ ਨਾਲ ਵਿਆਹ ਕਰਾਉਣ 'ਤੇ ਧਮਕਾ ਨਹੀਂ ਸਕਦੇ। ਬੈਂਚ ਨੇ ਸਰਕਾਰ ਵੱਲੋਂ ਪੇਸ਼ ਵਧੀਕ ਸੌਲਿਸਟਰ ਜਨਰਲ ਪਿੰਕੀ ਆਨੰਦ ਨੂੰ ਕਿਹਾ ਕਿ ਜੇਕਰ ਸਰਕਾਰ ਇਸ ਮਸਲੇ 'ਤੇ ਕੋਈ ਸੁਝਾਅ ਨਹੀਂ ਦਿੰਦੀ ਤਾਂ ਇਸ ਮਾਮਲੇ 'ਚ ਅਦਾਲਤੀ ਮਿੱਤਰ ਵਜੋਂ ਸਹਾਇਤਾ ਦੇ ਰਹੇ ਸੀਨੀਅਰ ਐਡਵੋਕੇਟ ਰਾਜੂ ਰਾਮਚੰਦਰਨ ਵੱਲੋਂ ਦਿੱਤੇ ਸੁਝਾਆਂ ਨੂੰ ਮਨਜ਼ੂਰ ਕਰ ਲਿਆ ਜਾਵੇਗਾ।




ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮ ਤੁਮ੍ਹਾਰੇ ਲੇਖੇ॥

ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਮਹੀਨਾਵਾਰ ਸਮਾਗਮ
ਅਖੰਡ ਪਾਠ ਸਾਹਿਬ ਦੀ ਸੇਵਾ:

**ਸਤਨਾਮ ਸਿੰਘ ਮੰਡਾਲੀ ਅਤੇ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
19 ਜਨਵਰੀ 2018, ਸਵੇਰੇ 10 ਵਜੇ
ਭੋਗ 21 ਜਨਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਰਾਕੇਸ਼ ਚੰਦਰ ਅਤੇ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
26 ਜਨਵਰੀ 2018, ਸਵੇਰੇ 10 ਵਜੇ
ਭੋਗ 28 ਜਨਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਸ੍ਰੀ ਗੁਰੂ ਰਵਿਦਾਸ ਟੈਂਪਲ ਬੀਬੀਆਂ ਅਤੇ ਸਮੂਹ ਸਾਧ ਸੰਗਤ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਫਰਵਰੀ 2018, ਸਵੇਰੇ 10 ਵਜੇ
ਭੋਗ 4 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਸੁੱਖ ਰਾਮ ਚੰਦੜ ਅਤੇ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
9 ਫਰਵਰੀ 2018, ਸਵੇਰੇ 10 ਵਜੇ
ਭੋਗ 11 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਹਰਬੰਸ ਰੱਲ੍ਹ ਅਤੇ ਅਮਰਜੀਤ ਸਿੰਘ ਅਤੇ ਸਮੂਹ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
16 ਫਰਵਰੀ 2018, ਸਵੇਰੇ 10 ਵਜੇ
ਭੋਗ 18 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਬ੍ਰਹਮ ਗਿਆਨੀ ਸੰਤ ਦਰਸ਼ਨ ਦਾਸ ਜੀ ਨਗਰ ਵਾਲੇ ਮਹਾਂਪੁਰਸ਼ (ਫਿਲੌਰ) ਸਮੂਹ ਸਾਧ ਸੰਗਤ ਸੇਵਾ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
23 ਫਰਵਰੀ 2018, ਸਵੇਰੇ 10 ਵਜੇ
ਭੋਗ 25 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਗੁਰੂ ਰਵਿਦਾਸ ਟੈਂਪਲ ਨੌਜਵਾਨ ਸਭਾ, ਸੈਕਰਾਮੈਂਟੋ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਮਾਰਚ 2018, ਸਵੇਰੇ 10 ਵਜੇ
ਭੋਗ 4 ਮਾਰਚ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਗੁਰੂ ਰਵਿਦਾਸ ਟੈਂਪਲ ਅਤੇ ਸਮੂਹ ਸਾਧ ਸੰਗਤ, ਰਿਓ ਲਿੰਡਾ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
8 ਮਾਰਚ 2018, ਸਵੇਰੇ 10 ਵਜੇ
ਭੋਗ 11 ਮਾਰਚ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:
ਅਜੈ ਪਡਵੱਗਾ
(916) 462-7300
ਭਾਈ ਨਿਰਮਲ ਸਿੰਘ
(916) 410-9564
ਭਾਈ ਜਸਪਾਲ ਸਿੰਘ
(916) 274-9278
ਰਮੇਸ਼ ਬੰਗੜ
(916) 821-2175
ਬਲਵਿੰਦਰ ਰੱਲ੍ਹ
(916) 425-2705

ਅਖੰਡ ਪਾਠ ਸਾਹਿਬ ਦੀ ਸੇਵਾ ਲੈਣ ਲਈ ਸੰਪਰਕ ਕਰੋ: 916-992-1719

# ਪੰਜਵੇਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਨਾਲ ਸਿਰਜਿਆ ਗਿਆ ਕੈਲੇਫੋਰਨੀਆਂ 'ਚ ਨਿਵੇਕਲਾ ਸੰਗੀਤਕ ਇਤਿਹਾਸ

**ਫਰੀਮਾਂਟ, ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐਸ ਅਸ਼ੋਕ ਭੌਰਾ ਵਲੋਂ ਕਰਵਾਏ ਗਏ ਪੰਜਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਕਰਵਾਏ ਗਿਆ। ਇਸ ਪੰਜਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਵਿਚ ਤਕਰੀਬਨ ਛੇ ਘੰਟੇ ਗੀਤ ਸੰਗੀਤ ਦੀ ਨਿਵੇਕਲੀ ਧਮਾਲ ਪੈਂਦੀ ਰਹੀ ਤੇ ਇਕ ਸਿਹਤਮੰਤ ਤੇ ਸੰਗੀਤਕ ਪ੍ਰੋਗਰਾਮ ਚਿਰਾਂ ਤੱਕ ਪੰਜਾਬੀਆਂ ਲਈ ਯਾਦ ਰੱਖਣਯੋਗ ਬਣ ਗਿਆ। ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਨੇ ਕੀਤਾ ਤੇ ਆਪਣੀ ਕਿਸਮ ਦੇ ਇਸ ਨਵੇਂ ਵਰੇ ਨੂੰ ਜੀ ਆਇਆਂ ਆਖਦੇ ਪ੍ਰੋਗਰਾਮ ਵਿਚ ਪੰਜਾਬੀਆਂ ਨੇ ਪਰਿਵਾਰਾਂ ਸਮੇਤ ਭਰਵੀਂ ਹਾਜ਼ਰੀ ਲਗਵਾਈ। ਲਗਤਾਰ ਚੱਲੇ ਇਸ ਪ੍ਰੋਗਰਾਮ ਵਿਚ ਲੋਕ ਨਾਚ, ਗੀਤ ਸੰਗੀਤ, ਭੰਗੜਾ, ਗਿੱਧਾ, ਹਾਸਰਸ ਦੀਆਂ ਆਤਿਸ਼ਬਾਜ਼ੀਆਂ ਤੇ ਫੁਲਝੜੀਆਂ ਆਪੋ ਆਪਣੇ ਰੰਗ ਬਿਖੇਰਦੀਆਂ ਪੰਜਾਬੀਆਂ ਦੇ ਮਨਾਂ ਦਾ ਦੁਆਰ ਖੋਲ ਦੀਆਂ ਰਹੀਆਂ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਛਣਕਾਟੇ ਨੂੰ ਪੰਜਾਬੀਆਂ ਵਲੋਂ ਰੱਜ ਕੇ ਦਿੱਤੇ ਜਾਂਦੇ ਪਿਆਰ ਦਾ ਉਹ ਮੁੱਲ ਮੋੜ ਨਹੀਂ ਸਕਣਗੇ । ਭੰਗੜਾ ਅਕੈਡਮੀ ਦੇ ਬਾਲ ਕਲਾਕਾਰਾਂ ਵਲੋਂ ਪੇਸ਼ ਭੰਗੜਾ, ਉਪਰੰਤ ਨਿੱਕੀਆਂ ਬੱਚੀਆਂ ਵਲੋਂ ਭੰਗੜਾ, ਪ੍ਰੋਗਰਾਮ ਦੀ ਸ਼ੁਰੂਆਤੀ ਖਿੱਚ ਬਣੇ। ਬਾਲ ਗਾਇਕ ਸੁਖਮਨ ਨੇ 'ਸੁੱਚਾ ਸੂਰਮਾ' ਪੇਸ਼ ਕੀਤਾ ਤੇ ਸੱਤੀ ਪਾਬਲਾ ਨੇ ਧਾਰਮਿਕ ਗੀਤ ਉਪਰੰਤ ਕੁਲਦੀਪ ਮਾਣਕ ਦੀਆਂ ਕੁਝ ਅਮਰ ਰਚਨਾਵਾਂ ਪੇਸ਼ ਕਰਕੇ ਮਹੌਲ ਨੇ ਮੇਲੇ ਦਾ ਪਹਿਲਾ ਰੰਗ ਦਿੱਤਾ। ਅਨੂਪ ਚੀਮਾ ਨੇ ਵਾਰ 'ਕਰਤਾਰ ਸਿੰਘ ਸਰਾਭਾ' ਬਾਖੂਬੀ ਪੇਸ਼ ਕੀਤੀ। ਛਣਕਾਟੇ ਦੀ ਸੰਗੀਤਕ ਵਾਛੜ ਕ੍ਰਿਸ਼ਮਾ



ਡਾਂਸ ਅਕੈਡਮੀ ਦੀ ਜਯਾ ਸ਼ਰਮਾ ਵਲੋਂ ਪੇਸ਼ ਪ੍ਰੋਗਰਾਮ ਦੇ ਟਾਈਟਲ ਗੀਤ 'ਉੱਡਣ ਕਬੂਤਰੀਆਂ ਜਦੋਂ ਨੱਚਣ ਵੰਗਾਂ ਛਣਕਾ ਕੇ' ਤੇ ਕੋਰੀਓਗ੍ਰਾਫੀ ਪੇਸ਼ ਕਰਨ ਵੇਲੇ ਪਈ। ਪੰਜਾਬ ਦੇ ਕਮੇਡੀ ਕਿੰਗ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਨੇ ਪਹਿਲੀ ਵਾਰ ਅਮਰੀਕਨ ਪੰਜਾਬੀਆਂ ਵਿਚ ਭਰਵੀਂ ਹਾਜ਼ਰੀ ਲਗਵਾਈ ਅਤੇ ਰੱਜ ਕੇ ਹੱਸਣ ਦਾ ਇਕ ਮੰਚ ਪ੍ਰਦਾਨ ਕੀਤਾ। ਆਪਣੀ ਸਹਿਯੋਗੀ ਕਲਾਕਾਰਾ ਸੰਤੀ ਦੀ ਗੈਰਹਾਜ਼ਰੀ ਵਿਚ ਜਸਵਿੰਦਰ ਧਨੋਆ ਨੇ ਉਸ ਨਾਲ ਇਹ ਕਾਰਜ ਮੁਕੰਮਲ ਕਰਵਾਇਆ। ਅਜੇ ਭੰਗੜਾ ਅਕੈਡਮੀ ਦੀਆਂ ਮੁਟਿਆਰਾਂ ਵਲੋਂ ਪੰਜਾਬ ਦਾ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ। ਮੰਚ ਸੰਚਾਲਨ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ। ਪੰਜਾਬ ਵਿਧਾਨ ਸਭਾ ਦੇ ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਹਾਜਰੀ ਭਰੀ, ਐਲ.ਈ.ਡੀ ਤੇ ਇਸ ਪ੍ਰੋਗਰਾਮ ਨੂੰ ਕਲਰਫੁੱਲ ਬਣਾ ਕੇ ਪੇਸ਼ ਕੀਤਾ ਗਿਆ ਜਿਸ ਨੂੰ ਦਰਸ਼ਕਾਂ ਨੇ ਰੱਜ ਕੇ ਮਾਣਿਆ ਤੇ ਸਲਾਹਿਆ, ਲੈਥਰੌਪ ਦੇ ਪੰਜਾਬੀ ਮੇਅਰ ਸਨੀ ਧਾਲੀਵਾਲ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ, ਅਪੰਗ ਬੱਚਿਆਂ ਲਈ ਵਿਸ਼ਵ ਭਰ ਵਿਚ ਸਾਂਭ ਸੰਭਾਲ ਲਈ ਉਪਰਾਲੇ ਕਰ ਰਹੀ 'ਸਹਾਇਤਾ' ਸੰਸਥਾ ਵਲੋਂ ਵੱਖਰਾ ਕਾਊਂਟਰ ਖੋਲਿਆ ਗਿਆ ਜਿਸ ਨੂੰ ਪੰਜਾਬੀਆਂ ਨੇ ਵਿੱਤੀ ਸਹਿਯੋਗ ਵੀ ਦਿੱਤਾ, ਤੇ ਆਸਾ ਸਿੰਘ ਮਸਤਾਨਾ ਦਾ ਪਰਿਵਾਰ ਕਿਸੇ ਵੱਡੇ ਪੰਜਾਬੀ ਸਮਾਗਮ ਵਿਚ ਹਾਜ਼ਰ ਹੋਇਆ ਤੇ ਉਸ ਦੀ ਪੋਤਰੀ ਗੁਰਨਿਮਰਤ ਮਸਤਾਨਾਂ ਨੂੰ ਸਨਮਾਨ ਵੀ ਦਿੱਤਾ ਗਿਆ। ਯੂ.ਕੇ ਦੀ ਪੰਜਾਬਣ ਮੁਟਿਆਰ ਗਾਇਕਾ ਸੋਨਾ ਵਾਲੀਆ ਨੇ ਆਪਣਾ ਬਹੁਚਰਚਿਤ ਗੀਤ 'ਪਿੰਡਾਂ ਵਾਲੇ ਜੱਟ' ਪੇਸ਼ ਕਰਨ ਦੇ ਨਾਲ ਨਾਲ ਅੱਧੀ ਦਰਜ਼ਨ ਗੀਤਾਂ ਨਾਲ ਨ੍ਰਿਤ ਦੀ ਪੇਸ਼ਕਾਰੀ ਕੀਤੀ । ਸੱਤੀ ਸਤਵਿੰਦਰ ਨੇ ਆਪਣੇ ਫੇਮ ਗੀਤ 'ਛੋਰਾ ਹਰਿਆਣੇ ਕਾ' ਪ੍ਰਸਿੱਧ ਲੋਕ ਗਾਇਕਾ ਅੰਮ੍ਰਿਤਾ ਵਿਰਕ ਨੇ 'ਰਾਤੀਂ ਡੀ.ਜੇ ਉੱਤੇ ਦੱਸ ਕਿਹਦੇ ਨਾਲ ਨੱਚਿਆ' ਤੋਂ ਲੈ ਕੇ ਕਰੀਬ ਇਕ ਦਰਜਨ ਗੀਤਾਂ ਦੀ ਪੇਸ਼ਕਾਰੀ ਕੀਤੀ। ਪ੍ਰੋਗਰਾਮ ਦੇ ਆਖਰ ਵਿਚ ਭਜਨਾ ਅਮਲੀ, ਅੰਮ੍ਰਿਤਾ ਵਿਰਕ, ਸੋਨਾ ਵਾਲੀਆ, ਸੱਤੀ ਸਤਵਿੰਦਰ, ਸੱਤੀ ਪਾਬਲਾ, ਅਨੂਪ ਚੀਮਾ ਵਲੋਂ ਸਾਂਝੇ ਰੂਪ ਵਿਚ ਬੋਲੀਆਂ ਪੇਸ਼ ਕਰਕੇ ਛਣਕਾਟੇ ਨੂੰ ਮੁਕੰਮਲ ਰੂਪ ਵਿਚ ਪੰਜਾਬ ਵਰਗਾ ਮਹੌਲ ਦਿੱਤਾ ਤੇ ਹਾਜ਼ਰ ਪੰਜਾਬੀਆਂ ਨੇ ਨੱਚ ਕੇ ਪਿੜ ਪੁੱਟਣ ਵਾਂਗ ਛਣਕਾਟੇ ਦੀ ਸਮਾਪਤੀ ਦਾ ਜਸ਼ਨ ਮਨਾਇਆ।

# ਫਰਿਜ਼ਨੋ ਇਲਾਕੇ ਦੇ ਸਮੂੰਹ ਪੰਜਾਬੀਆਂ ਨੇ ਲੋਹੜੀ ਤੇ ਮਾਘੀ ਬੜੀ ਧੂਮ ਧਾਮ ਨਾਲ ਮਨਾਈ

## "ਗੁਰਦੁਆਰਾ ਅਨੰਦਗੜ ਸਾਹਿਬ ਕਰਮਨ" ਵਿਖੇ ਮਨਾਈ ਗਈ ਲੋਹੜੀ

**ਫਰਿਜ਼ਨੋ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਬੇਸ਼ੱਕ ਸਮੇਂ ਦੇ ਬਦਲਨ ਨਾਲ ਪੰਜਾਬ ਅੰਦਰ ਬਹੁਤੇ ਤਿਉਹਾਰ ਦਿਖਾਵੇ ਮਾਤਰ ਰਹਿ ਗਏ ਹਨ। ਜਿਸ ਦਾ ਵੱਡਾ ਕਾਰਨ ਪੰਜਾਬ ਹੀ ਨਹੀਂ ਸਗੋਂ ਸਮੁੱਚਾ ਭਾਰਤ ਹੀ ਅਜਿਹੀ ਸਿਆਸਤ ਦੇ ਧੱਕੇ ਚੜਿਆ ਕਿ ਆਪਣੇ ਆਪ ਨੂੰ ਪੱਛਮੀ ਸੱਭਿਆਚਾਰ ਦੇ ਨਾਲ ਮੇਲਦੇ ਹੋਏ ਆਪਣੇ ਹੀ ਸੱਭਿਆਚਾਰ ਤੋਂ ਕੋਹਾ ਦੂਰ ਹੋ ਰਹੇ ਹਨ। ਪਰ ਇਸ ਦੇ ਉਲਟ ਵਿਦੇਸਾ ਵਿੱਚ ਬੈਠੇ ਭਾਰਤੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾ ਹੋਰ ਵੀ ਮਜ਼ਬੂਤ ਕਰਦੇ ਹੋਏ ਆਪਣੇ ਬੱਚਿਆ ਨੂੰ ਨਾਲ ਜੋੜੀ ਰੱਖਣ ਲਈ ਸਮਾਂ ਕੱਢ ਕੇ ਸਾਂਝੇ ਤੋਰ ਤੇ ਮਨਾਉਦੇ ਹਨ। ਲੋਹੜੀ ਦਾ ਬੇਸ਼ੱਕ ਗੁਰਮਤਿ ਜਾਂ ਸਿੱਖ ਸਿਧਾਤਾ ਨਾਲ ਕੋਈ ਸਬੰਧ ਨਹੀਂ, ਪਰ ਫਿਰ ਵੀ ਸਮੁੱਚਾ ਪੰਜਾਬੀ ਭਾਈਚਾਰਾ ਗੁਰੂਘਰਾ ਵਿੱਚ ਸਾਂਝੇ ਤੌਰ 'ਤੇ ਨਵ-ਜਨਮੇਂ ਪੁੱਤਰਾ ਅਤੇ ਧੀਆਂ ਦੀ ਲੋਹੜੀ ਬੜੀ ਸ਼ਾਨ ਨਾਲ ਮਨਾਉਦੇ ਹਨ। ਇੱਥੇ ਨਵ ਵਿਆਹੇ ਜੋੜੇ ਵੀ ਆ ਅਰਦਾਸਾ ਕਰਦੇ ਹਨ।

ਇਸੇ ਹੀ ਸਾਂਝੀ ਪਰੰਪਰਾ ਅਧੀਨ ਸਮੁੱਚੇ ਕੈਲੀਫੋਰਨੀਆਂ ਅੰਦਰ ਜਿਥੇ ਗੁਰਦੁਆਰਿਆ ਅਤੇ ਮੰਦਰਾਂ ਵਿੱਚ ਸਰਕਾਰੀ ਪ੍ਰਵਾਨਗੀ ਲੈਂਦੇ ਹੋਏ ਲੋਹੜੀ ਦੇ ਵੱਡੇ ਵੱਡੇ ਧੂਣੇ ਲਾਏ ਗਏ। ਉਥੇ ਪਾਠ ਪੂਜਾ ਦੇ ਦੀਵਾਨ ਵੀ ਸਜੇ। ਇਸ ਤਿਉਹਾਰ ਨੂੰ ਸਭਨਾ ਨੇ ਰੱਜ ਕੇ ਮਾਣਿਆ। ਪੰਜਾਬ ਵਾਂਗ ਇਥੇ ਕਈ ਤਰ੍ਹਾਂ ਦੀਆਂ ਮਿਠਾਈਆਂ ਦੇ ਲੰਗਰ ਸਜੇ ਸਨ। ਜਿੰਨਾ ਵਿੱਚ ਮੂੰਗਫਲੀ



ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਲੱਗੇ ਧੂਣੇ ਦਾ ਨਿੱਘ ਮਾਣ ਰਹੀਆਂ ਸੰਗਤਾਂ

ਤੇ ਰਿਉੜੀਆ ਆਦਿਕ ਖਾਦੇ ਹੋਏ ਹਜ਼ਾਰਾਂ ਪਰਿਵਾਰਾਂ ਨੇ ਅਨੰਦ ਮਾਣਿਆ। ਜਿਸ ਵਿੱਚ ਹਿੱਸਾ ਲੈਣ ਲਈ ਗੋਰਿਆ ਦੇ ਬੱਚੇ ਵੀ ਦੇਖੇ ਗਏ। ਲੋਹੜੀ ਦੇ ਨਾਲ ਨਾਲ ਇਥੋ ਦੇ ਸਮੂੰਹ ਗੁਰਦੁਆਰਿਆ ਵਿੱਚ ਮਾਘ ਦੇ ਮਹੀਨੇ ਦੀ ਸੁਰੂਆਤ ਤੇ ਸਿੱਖ ਇਤਿਹਾਸ ਦੇ ਨਾਲ ਸੰਬੰਧਿਤ ਚਾਲੀ ਮੁਕਤਿਆ ਦੀ ਯਾਦ ਵਿੱਚ ਵੀ ਵਿਸ਼ੇਸ਼ ਸਮਾਗਮ ਸਿਲਮਾ, ਬੇਕਰਸਫੀਲਡ, ਸਨਵਾਕੀਨ, ਕਰਮਨ ਅਤੇ ਫਰਿਜ਼ਨੋ ਆਦਿਕ ਸ਼ਹਿਰਾਂ ਵਿਖੇ ਕੀਤੇ ਗਏ। ਜਿਸ ਦੌਰਾਨ ਮਹਾਨ ਕੀਰਤਨ ਦੀਵਾਨ ਸਜ਼ੇ।

ਇਸੇ ਲੜੀ ਅਧੀਨ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਸਥਾਨਿਕ ਭਾਈ ਸੋਢੀ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਸਰਵਨ ਕਰਵਾਈ ਗਈ। ਇਸ ਤੋਂ ਇਲਾਵਾ ਹੋਰ ਵੱਖਰੇ-ਵੱਖਰੇ ਬੁਲਾਰਿਆ ਨੇ ਵੀ ਹਾਜ਼ਰੀ ਭਰੀ। ਇਸ ਤਰਾਂ ਬਾਅਦ ਸਮਾਪਤੀ ਦੌਰਾਨ ਅੱਗ ਦੇ ਧੂਣੇ ਲਾਏ ਗਏ ਸਨ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਲੋਹੜੀ ਦੇ ਪਰੰਪਰਾਗਤ ਜਸ਼ਨਾ ਤੋਂ ਇਲਾਵਾ ਵਿਸ਼ੇਸ਼ ਧਾਰਮਿਕ ਸਮਾਗਮ ਵੀ ਹੋਏ। ਜਿੰਨਾ ਵਿੱਚ ਸਮੂੰਹ ਭਾਈਚਾਰੇ ਨੇ ਰਲ ਮਿਲ ਅਨੰਦ ਮਾਣਿਆ।

ਇਸ ਸਮੇਂ ਟੀ. ਵੀ. ਵੱਲੋਂ ਵਿਸ਼ੇਸ਼ ਤੌਰ 'ਤੇ ਬਲਜੀਤ ਕੌਰ ਪੰਨੂੰ ਅਤੇ ਗੁਰਦੁਆਰਾ ਕਮੇਟੀ ਵਿੱਚੋ ਸ. ਕੁਲਦੀਪ ਸਿੰਘ ਕਾਲੇਕਾ ਨਾਲ ਗੱਲਬਾਤ ਕੀਤੀ ਗਈ। ਅੰਤ ਇਹ ਸਾਰੇ ਸਮਾਗਮ ਲੋਹੜੀ ਦੇ ਬਲਦੇ ਧੂਣਿਆਂ ਨਾਲ ਬੁਰਾਈ ਦੇ ਖਾਤਮੇ ਦਾ ਸੁਨੇਹਾ ਦਿੰਦੇ ਹੋਏ, ਆਪਣੇ ਪਿਆਰ ਦੀਆਂ ਨਿੱਘੀਆਂ ਯਾਦਾ ਛੱਡ ਗਏ।

## ਫਰਿਜ਼ਨੋ ਵਿਖੇ ਫੈਮਲੀ ਪਿਕਨਿਕ 10 ਮਾਰਚ ਨੂੰ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਜੀ ਐਚ ਜੀ ਅਕੈਡਮੀ ਦੇ ਸਮੂੰਹ ਸਰਗਰਮ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਹੋਈ। ਜਿਸ ਦੌਰਾਨ ਹੋਣ ਵਾਲੀ ਪਰਿਵਾਰਕ ਪਿਕਨਿਕ ਸੰਬੰਧੀ ਫ਼ੈਸਲੇ ਲਏ ਗਏ। ਜਿਸ ਦੌਰਾਨ ਇਸ ਸਾਲ ਇਹ ਪਿਕਨਿਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਦੇ ਖੁੱਲੇ ਗਰਾਉਡਾਂ ਵਿੱਚ ਹੋਵੇਗੀ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੀ ਐਚ ਜੀ ਅਕੈਡਮੀ ਵੱਲੋਂ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦੀ ਮਿਤੀ 10 ਮਾਰਚ ਨਿਯਤ ਕੀਤੀ ਗਈ ਹੈ। ਜਿਸ ਦੌਰਾਨ ਇਸ ਸਾਲ ਸਤਾਰਾ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆ ਦੇ ਬਾਸਕਟਬਾਲ ਮੁਕਾਬਲੇ ਸਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆਂ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਕੁਝ ਮੰਨੋਰੰਜਨ ਲਈ ਹੋਵੇਗਾ। ਵਧੇਰੇ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559) 351-9465 ਜਾਂ ਗੁਰਦੀਪ ਸ਼ੇਰਗਿੱਲ (569) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


## Matrimonial

Sikh Saini boy, Age 28 years old, height 6'6", Profession: Vollyball coach at the university. Education M.P.Ed. Caste and Education does not matter. The girl's family can send the girl's bio-data to this

email -meenukaur.21@gmail.com

or call at 408-480-6234.


## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਹੇਵਰਡ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਸੰਖਿਪਤ ਝਾਤ ਪਾਉਂਦਿਆਂ ਦੱਸਿਆ ਕਿ ਸਾਹਿਬ ਏ ਕਮਾਲ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਦੋਂ ਮਜਹਬੀ, ਤੁਅੱਸਬ, ਆਰਥਿਕ ਲੁੱਟ-ਖਸੁੱਟ, ਰਾਜਨੀਤਿਕ ਜਬਰ ਤੇ ਸਮਾਜਿਕ ਵਿਤਕਰੇ ਆਦਿ ਵਾਪਰ ਰਹੇ ਸਨ, ਦੇ ਵਿਰੁੱਧ ਆਵਾਜ਼ ਉਠਾ ਕੇ ਇਨਕਲਾਬ ਲਿਆਂਦਾ। ਧਾਰਮਿਕ ਕਵੀ ਦਰਬਾਰ ਵਿਚ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਿਰਤਾਂਤ 'ਤੇ ਆਧਾਰਿਤ ਰਚਨਾਵਾਂ ਕਹੀਆਂ। ਚਲਦੇ ਪ੍ਰੋਗਰਾਮ ਵਿਚ ਅਵਤਾਰ ਸਿੰਘ ਮਿਸ਼ਨਰੀ ਨੇ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਕੌਮ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਆਪਣੇ ਜੀਵਨ ਨੂੰ ਢਾਲਣਾ ਚਾਹੀਦਾ ਹੈ।



## ਫਰਿਜ਼ਨੋ ਵਿਖੇ ਲੋਹੜੀ ਧੂੰਮ ਧਾਮ ਨਾਲ ਮਨਾਈ ਗਈ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਦੁਨੀਆਂ ਵਿੱਚ ਕਿੱਧਰੇ ਵੀ ਗਏ ਉਹਨਾਂ ਓਥੇ ਹੀ ਆਪਣਾ ਪੰਜਾਬ ਵਸਾ ਲਿਆ। ਸੈਂਟਰਲਵੈਲੀ ਦਾ ਸੋਹਣਾ ਸ਼ਹਿਰ ਫਰਿਜ਼ਨੋ ਜਿੱਥੇ ਪੰਜਾਬੀਆਂ ਦੀ ਸੰਘਣੀ ਵੱਸੋਂ ਹੋਣ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆਂ ਜਾਂਦਾ ਹੈ 'ਤੇ ਪੰਜਾਬੀ ਆਪਣਾਂ ਹਰ ਤਿਉਹਾਰ ਇੱਥੇ ਧੂੰਮ-ਧਾਮ ਨਾਲ ਮਨਾਉਂਦੇ ਹਨ। ਇਸੇ ਕੜੀ ਤਹਿਤ ਡੀਜ਼ਲ ਮਕੈਨਿਕ ਮਨਜੀਤ ਸਿੰਘ ਦੇ ਉੱਦਮ ਸਦਕਾ ਪੰਜਾਬੀਆਂ ਨੇ ਸਾਂਝੀਵਾਲਤਾ ਦਾ ਤਿਉਹਾਰ ਲੋਹੜੀ ਸਥਾਨਿਕ ਫਰਿਜ਼ਨੋ ਟਰੱਕ ਸਰਵਿਸ ਸੈਂਟਰ ਵਿਖੇ ਬੜੇ ਚਾਵਾਂ ਨਾਲ ਮਨਾਈ। ਇਸ ਮੌਕੇ ਲੱਕੜਾਂ ਦੀ ਅੱਗ ਬਾਲਕੇ ਫਰਿਜ਼ਨੋ ਦੇ ਨੌਜੁਆਨ ਪੰਜਾਬੀਆਂ ਨੇ ਨੀਲੇ ਅੰਬਰ ਦੀ ਛੱਤ ਹੇਠ ਬੈਠਕੇ ਦੋਸਤੀ ਦਾ ਨਿੱਘ ਮਾਣਿਆਂ ਤੇ ਲੋਹੜੀ ਮਨਾਈ। ਇਸ ਮੌਕੇ ਲੋਕ ਗਾਇਕ ਅਕਾਸ਼ਦੀਪ, ਅਵਤਾਰ ਗਿੱਲ, ਤੇ ਮਨਜੀਤ ਸਿੰਘ ਨੇ ਆਪਣੇ ਨਵੇਂ ਪੁਰਾਣੇ ਗੀਤਾ ਨਾਲ ਖ਼ੂਬ ਰੰਗ ਬੰਨਿਆ। ਸਨੀ ਭੁੱਲਰ, ਗੈਰੀ ਗਰੇਵਾਲ਼, ਨੀਟੂ ਵੜਿਆਲ, ਕੁਲਵੰਤ ਧਾਲੀਆਂ ਅਤੇ ਜਗਰੂਪ ਗਰੇਵਾਲ਼ ਨੇ ਚੁਟਕਲਿਆਂ ਅਤੇ ਕਵਿਤਾਵਾਂ ਨਾਲ ਹਾਜ਼ਰੀ ਲਵਾਈ। ਇਸ ਮੌਕੇ ਉੱਘੇ ਕਾਰੋਬਾਰੀ ਅਵਤਾਰ ਗਿੱਲ, ਪਾਲ ਸਹੋਤਾ, ਦੀਪਾ ਚੌਹਾਨ, ਗੁਰੂ ਸਾਈਨ ਆਦਿ ਤੋਂ ਬਿਨਾਂ ਫਰਿਜ਼ਨੋ ਦੀਆਂ ਹੋਰ ਵੀ ਬਹੁਤ ਸਾਰੀਆਂ ਸਿਰਕੱਢ ਹਸਤੀਆਂ ਇਸ ਪ੍ਰੋਗਰਾਮ ਦਾ ਸ਼ਿੰਗਾਰ ਬਣੀਆਂ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਅਖੀਰ ਨੂੰ ਰਾਤਰੀ ਦੇ ਭੋਜਨ ਪਿੱਛੋਂ ਭੰਗੜੇ ਪਾਉਂਦਿਆਂ ਇਹ ਲੋਹੜੀ ਯਾਦਗਾਰੀ ਹੋ ਨਿਬੜੀ।



ਦੇਸ਼ ਦੁਆਬਾ

## ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵੱਲੋਂ ਖ਼ੁਦ ਦਾ ਲਿਖਿਆ (ਆਦਿ ਧਰਮੀ) ਕੌਮ ਦੇ ਨਾਂ ਸੰਦੇਸ਼

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ

ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ’ ਬਣਾ ਕੇ ਦਿੰਦੇ ਸੀ।

ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ।

ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ।

ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ।

ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
**ਧੰਨਵਾਦ ਸਹਿਤ- “ਕੌਮੀ ਉਡਾਰੀਆਂ”**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-57

## ਗੁਰਬਾਣੀ ਚਾਨਣ ਵਿੱਚ ਸੰਸਕਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨਕੋਸ਼ ਅਨੁਸਾਰ ਸੰਸਕਾਰ ਦਾ ਅਰਥ ਸੁਧਾਰਨਾ, ਸ਼ੁੱਧ ਕਰਨਾ, ਕਿਸੇ ਕਰਮ ਦੇ ਕਰਨ ਤੋਂ ਪੈਦਾ ਹੋਇਆ ਖਿਆਲ, ਧਰਮਰੀਤ ਨਾਲ ਕੀਤਾ ਹੋਇਆ ਕਰਮ ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ ਜੈਸੇ ਜਨਮ, ਅੰਮ੍ਰਿਤ, ਵਿਆਹ ਆਦਿ ਸੰਸਕਾਰ। ਵਿਦਵਾਨਾਂ ਨੇ ਧਰਮ ਸੰਸਕਾਰ ਤਿੰਨ ਪ੍ਰਕਾਰ ਦੇ ਮੰਨੇ ਹਨ-ਉੱਤਮ, ਮਧਮ ਅਤੇ ਨਸ਼ਿੱਧ। (ੳ) ਉੱਤਮ-ਉਹ ਸੰਸਕਾਰ ਹਨ ਜਿੰਨਾਂ ਕਰਕੇ, ਕਰਤਾਰ ਦੀ ਰਚਨਾ ਦੇ ਵਿਰੁੱਧ ਕੁਝ ਨਾ ਕੀਤਾ ਜਾਵੇ ਅਤੇ ਉਹ ਚਿੰਨ੍ਹ ਧਾਰੇ ਜਾਣ ਜੋ ਸਰੀਰ ਤਥਾ ਦੇਸ਼ ਦੀ ਰੱਖਿਆ ਦਾ ਕਾਰਣ ਹੋਣ ਜੈਸੇ ਅੰਮ੍ਰਿਤ ਸੰਸਕਾਰ ਸਮੇ ਸਿੱਖ ਕਛ ਕ੍ਰਿਪਾਨ ਧਾਰਦੇ ਹਨ। (ਅ) ਮੱਧਮ-ਉਹ ਸੰਸਕਾਰ ਜਿੰਨ੍ਹਾਂ ਦੁਆਰਾ ਰੱਬੀ ਰਚਨਾ ਬੁਰੀ ਸ਼ਕਲ ਵਿੱਚ ਕੀਤੀ ਜਾਵੇ ਤੇ ਚਿੰਨ੍ਹ ਐਸੇ ਧਾਰੇ ਜਾਣ ਜਿੰਨ੍ਹਾਂ ਤੋਂ ਸਰੀਰ ਅਤੇ ਦੇਸ਼ ਨੂੰ ਕੋਈ ਲਾਭ ਨਾ ਪਹੁੰਚੇ। ਜੈਸੇ-ਜਟਾ ਭਸਮ ਜਨੇਊ, ਕੰਠੀ ਆਦਿਕ ਲੋਕ ਧਾਰਨ ਕਰਦੇ ਹਨ। (ੲ) ਨਸ਼ਿੱਧ-ਉਹ ਸੰਸਕਾਰ, ਜਿੰਨਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ, ਦੇਹ ਅਰ ਦੇਸ਼ ਦਾ ਕੋਈ ਹਿੱਤ ਨ ਹੋ ਸਕੇ, ਜੈਸੇ ਯੋਗੀਆਂ ਦਾ ਕਰਨਵੇਧ, ਸੁੰਨਤ (ਖਤਨਾ) ਮੁੰਡਨ ਆਦਿਕ।

ਡਾ. ਦਿਲਗੀਰ ਜੀ ਇਸ ਬਾਰੇ ਲਿਖਦੇ ਹਨ ਕਿ ਉਹ ਕਰਮ ਜੋ ਅਖੌਤੀ ਪਿਛਲੇ ਜਨਮ ਚੋਂ ਮਜੂਦਾ ਜੀਵਨ ਚ ਆ ਗਏ ਹੋਣ (ਇਹ ਸਿਰਫ ਹਿੰਦੂ ਅਕੀਦਾ ਹੈ ਸਿੱਖ ਪਿਛਲੇ ਜਨਮ ਨੂੰ ਨਹੀਂ ਮੰਨਦੇ। ਸੰਸਕਾਰ ਦਾ ਮਤਲਬ ਇਹ ਵੀ ਹੈ ਜੋ ਕੁਝ ਮਾਪਿਆਂ ਤੋਂ ਸਿਖਿਆ ਹੋਵੇ। ਹਿੰਦੂ ਧਰਮ ਮੁਤਾਬਿਕ ਇਹ ਵੀ ਕਿ ਮਨ ਦੀ ਪਵਿਤ੍ਰਤਾ ਵਾਸਤੇ ਧਰਮ ਰਸਮਾਂ ਨਿਭਾਉਣਾ। ਸਿੱਖ ਸਿਧਾਂਤ ਮੁਤਾਬਿਕ ਰੱਬ ਨਾਲ ਦਿਲੋਂ ਜੁੜਨਾ ਹੀ ਇੱਕੋ ਇੱਕ ਸੰਸਕਾਰ ਹੈ। ਸਿੱਖ ਮੱਤ ਕਿਸੇ ਵੀ ਤਰ੍ਹਾਂ ਦੀ ਕਰਮਕਾਂਡੀ ਰਸਮ ਅਪਨਾਉਣ ਨੂੰ ਰੱਦ ਕਰਦਾ ਹੈ। ਕੁਝ ਲਿਖਾਰੀ ਇਹ ਸਮਝਦੇ ਹਨ ਕਿ ਬੱਚੇ ਦਾ ਜਨਮ ਤੇ ਨਾਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ ਅਤੇ ਅੰਤਮ ਸੰਸਕਾਰ ਪਰ ਇਹ ਚਾਰ ਰਸਮਾਂ ਹਨ ਸੰਸਕਾਰ ਨਹੀਂ।

ਬਹੁਤੇ ਗੁਰਮੱਤੀ ਵਿਦਵਾਨਾਂ ਅਨੁਸਾਰ ਪਹਿਲੇ ਮਨ ਚ ਫੁਰਨਾ ਫੁਰਦਾ, ਫਿਰ ਉਸ ਨੂੰ ਪੂਰਾ ਕਰਨ ਲਈ ਕਰਮ ਕੀਤਾ ਜਾਂਦਾ, ਫਿਰ ਉਹ ਸੁਭਾਅ ਬਣਦਾ ਤੇ ਬਾਰ ਬਾਰ ਉਹੀ ਕਰਮ ਕਰਨ ਨਾਲ ਸੰਸਕਾਰ ਬਣ ਜਾਂਦਾ ਹੈ। ਇਸ ਦਾ ਮਤਲਬ ਹੋਇਆ ਕਿ ਸੰਸਕਾਰ ਵੀ ਮਨੁੱਖ ਆਪ ਬਣਾਉਂਦਾ ਹੈ। ਸੰਸਕਾਰ ਚੰਗੇ ਕਰਮਾਂ ਕਰਕੇ ਚੰਗੇ ਅਤੇ ਮਾੜੇ ਕਰਮਾਂ ਕਰਕੇ ਮਾੜੇ ਬਣ ਜਾਂਦੇ ਹਨ। ਇਨਸਾਨ ਜੋ ਧਰਤੀ ਚ ਬੀਜ ਬੀਜਦਾ ਉਹ ਹੀ ਉਗਦਾ ਹੈ-ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ॥॥ (੧੩੪) ਚੰਗਾ ਵਿਰਸਾ, ਚੰਗੇ ਮਾਂ-ਬਾਪ, ਦੋਸਤ ਅਤੇ ਰਿਸ਼ਤੇਦਾਰ, ਚੰਗੇ ਸੰਸਕਾਰ ਅਤੇ ਮੰਦਾ ਵਿਰਸਾ, ਮੰਦੇ ਮਾਂ-ਪਾਪ, ਦੋਸਤ ਤੇ ਰਿਸ਼ਤੇਦਾਰ ਮੰਦੇ ਸੰਸਕਾਰ ਦੇ ਜਾਂਦੇ ਹਨ। ਇਸ ਲਈ ਚੰਗੀ ਸੰਗਤਿ ਕਰਕੇ ਚੰਗੇ ਤੇ ਮੰਦੀ ਕਰਕੇ ਮੰਦੇ ਸੰਸਕਾਰ ਬਣਦੇ ਹਨ। ਉੱਤਮ ਸੰਸਕਾਰ ਚੰਗੀ ਸੰਗਤ ਚੰਗੇ ਲੋਕਾਂ ਦਾ ਸਾਥ, ਚੰਗੀਆਂ ਪੁਸਤਕਾਂ ਪੜ੍ਹਨ, ਵਿਚਾਰਨ ਅਤੇ ਅਮਲ ਕਰਨ ਨਾਲ ਬਣਦੇ ਹਨ। ਇਸ ਲਈ ਫੁਰਮਾਨ ਹੈ-ਸਤੀ ਪਹਰੀ ਸਤੁ ਭਲਾ ਬਹੀਐ ਪੜਿਆਂ ਪਾਸਿ॥ ਓਥੈ ਪਾਪ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ॥ (੧੪੨) ਸੋ ਚਾਰ ਮੰਨੇ ਗਏ ਸੰਸਕਾਰ ਜੀਵਨਬਧਤਾ ਦਾ ਸੇਧਕ ਮੂਲ ਹਨ।

ਚੰਗੀ ਡਾਇਰੈਕਸ਼ਨ ਹਨ ਪਰ ਡਾਇਰੈਕਸ਼ਨ ਨੂੰ ਫੜ ਕੇ ਓਥੇ ਨਹੀਂ ਬੈਠ ਜਾਣਾ ਸਗੋਂ ਮੰਜ਼ਿਲ ਵੱਲ ਵਧਣਾ ਹੈ। ਜੇ ਇੱਲੱਲਾ ਪੜੀ ਹੀ ਜਾਂਵਾਂਗੇ ਪਰ ਡਾਇਰੈਕਸ਼ਨ ਨੂੰ ਫਾਲੋ ਕਰਕੇ ਅੱਗੇ ਨਹੀਂ ਵਧਾਂਗੇ ਤਾਂ ਇਹੀ ਸੰਸਕਾਰ ਕੇਵਲ ਮੀਲ ਪੱਥਰ ਬਣ ਕੇ ਰਹਿ ਜਾਣ ਅਤੇ ਕਰਮਕਾਂਡਾਂ ਦੀਆਂ ਸੰਗਲੀਆਂ ਬਣ ਜਾਣਗੇ।

ਮੰਨੂੰ ਬਾਮਣ ਨੇ ਜਿੰਦਗੀ ਦੇ ਚਾਰ ਪੜਾਵਾਂ (ਸੰਸਕਾਰਾਂ) ਨਾਲ ਵੀ ਥੋਥੇ ਤੇ ਲੋਟੂ ਕਰਮਕਾਂਡ ਜੋੜ ਦਿੱਤੇ। ਜਿਵੇਂ ਜਨਮ ਨਾਲ ਸੂਤਕ-ਪਾਤਕ ਤੇ ਗੁੜਤੀ, ਨਾਮ ਨਾਲ ਜਾਤਾਂ ਗੋਤਾਂ ਦੀ ਸੰਗਲੀ, ਅੰਮ੍ਰਿਤ ਨਾਲ ਕੋਈ ਚਸ਼ਮਾਂ ਤੇ ਗਿਣਤੀ ਦੇ ਮੰਤ੍ਰ ਪਾਠ, ਵਿਆਹ ਨਾਲ ਸਗਨ-ਅਪਸਗਨ, ਅਗਨੀ ਫੇਰੇ ਅਤੇ ਮਿਰਤਕ ਸੰਸਕਾਰ ਨਾਲ ਰੋਣਾ ਪਿਟਣਾ, ਧਾਹ ਮਾਰਨਾ, ਘੜਾ ਭੰਨਣਾ, ਦੱਬਣਾ, ਸਾੜਨਾ, ਪਾਣੀ ਚ ਰੋੜਨਾ, ਅਸਤੀਆਂ ਹਰਦਵਾਰ ਜਾਂ ਕੀਰਤਪੁਰ ਪ੍ਰਵਾਹ, ਨਮਿਤ ਪਾਠ, ਨਮਿਤ ਦਾਨ, ਵੱਡਾ ਕਰਨਾ, ਦਸਵਾਂ, ਸਤਾਰੀਆ, ਵਰੀਨਾ ਅਤੇ ਨਰਕ ਸਵਰਗ ਆਦਿਕ ਅੰਧਵਿਸ਼ਵਾਸ਼ੀ ਲੋਟੂ ਥੋਥੇ ਕਰਮ ਤੇ ਰਸਮਾਂ ਜੋੜ ਦਿੱਤੇ ਜਿੰਨ੍ਹਾਂ ਦਾ ਚੰਗੇ ਸੰਸਕਾਰਾਂ ਅਤੇ ਸਫਲ ਜੀਵਨ ਯਾਤਰਾ ਨਾਲ ਦੂਰ ਦਾ ਵੀ ਸਬੰਧ ਨਹੀਂ ਤੇ ਅਸੀਂ ਅੰਨ੍ਹੇਵਾਹ ਇਹ ਮੰਨੂੰ ਛੱਟ ਢੋਈ ਜਾ ਰਹੇ ਹਾਂ। ਸੋ ਸਾਨੂੰ ਚੰਗੇ ਸੰਸਕਾਰ ਧਾਰਨ ਦੀ ਲੋੜ ਹੈ ਨਾ ਕਿ ਜਨਤਾ ਲੋਟੂ ਥੋਥੇ ਤੇ ਅੰਧਵਿਸ਼ਵਾਸ਼ੀ ਕਰਮ ਰਸਮਾਂ ਅੱਖਾਂ ਮੀਟ ਨਿਭਾਈ ਜਾਣ ਦੀ।

# ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ

ਰਮੇਸ਼ ਸਿੱਧੂ
ਅਨੰਦਗੜ੍ਹ ਮਹਿਲਾਂਵਾਲੀ (ਹੁਸ਼ਿਆਰਪੁਰ)

ਸ੍ਰੀ ਕਰਮ ਚੰਦ ਲੀਲ੍ਹ ਜੀ ਦੀ ਹਿੰਦੀ ਪੁਸਤਕ ‘ਅੰਬੇਡਕਰੀ ਅੰਦੋਲਨ ਮੇਂ ਪੰਜਾਬੀਓਂ ਕਾ ਰੋਲ’ ਵਿਚ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਬਾਰੇ ਜੀਵਨੀ ਪੜ੍ਹੀ ਅਤੇ ਪਤਾ ਲੱਗਾ ਕਿ ਕਿਵੇਂ ਉਹਨਾਂ ਨੇ ਗਦਰ ਪਾਰਟੀ ਵਿਚ ਸਰਗਮ ਹਿੱਸਾ ਲਿਆ ਅਤੇ ਬਾਅਦ ਵਿਚ ਉਹਨਾਂ ਨੇ ਅੰਗਰੇਜ਼ਾਂ ਦੇ ਗੁਲਾਮਾਂ ਦੇ ਗੁਲਾਮ- ਅਛੂਤਾਂ ਦੀ ਆਜ਼ਾਦੀ ਲਈ ਆਦਿ ਧਰਮ ਮੰਡਲ, ਪੰਜਾਬ ਦੀ 1926 ਈ: ਵਿਚ ਸਥਾਪਨਾ ਕੀਤੀ। ਬਾਬੂ ਜੀ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਸਭ ਤੋਂ ਸਿਰਮੌਰ ਸਨ ਜਿਹਨਾਂ ਨੇ ਦੇਸ਼ ਦੇ ’ਅਸਲ’ ਗੁਲਾਮਾਂ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।

ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੇ ਜ਼ਿੰਦਾ ਹੋਣ ਬਾਰੇ ਪਤਾ ਨਹੀਂ ਸੀ, ਨਹੀਂ ਤਾਂ ਦੇਸ਼ ਦੇ ਅਜਿਹੇ ਉੱਚ ਕੋਟੀ ਦੇ ਮਨੁੱਖਤਾਵਾਦੀ ਨੂੰ ਮਿਲਣ ਦੀ ਬੜੀ ਜਗਿਆਸਾ ਉਤਪੰਨ ਹੋ ਗਈ ਸੀ। ਇਕ ਦਿਨ ਬੱਸ ਵਿਚ ਸਫਰ ਕਰਦਿਆਂ ਰਿਸ਼ਤੇਦਾਰੀ ਵਿਚੋਂ ਹੀ ਸੀਤਲ ਨਾਂ ਦਾ ਹਮ-ਉਮਰ ਸਾਥੀ ਮਿਲ ਪਿਆ। ਉਹ ਬਾਬੂ ਜੀ ਦੇ ਜੱਦੀ ਪਿੰਡ ਮੁੱਗੋਵਾਲ ਦਾ ਰਹਿਣ ਵਾਲਾ ਸੀ। ਉਸ ਤੋਂ ਪਤਾ ਲੱਗਾ ਕਿ ਬਾਬੂ ਜੀ ਹੁਣ ਗੜ੍ਹਸ਼ੰਕਰ ਰਹਿੰਦੇ ਹਨ। ਮਨ ਵਿਚ ਉਨ੍ਹਾਂ ਨੂੰ ਮਿਲਣ ਦੀ ਤਾਂਘ ਪੈਦਾ ਹੋਈ, ਪਰ ਜਲਦੀ ਮਿਲ ਨਾ ਸਕਿਆ।

ਦੂਜੇ ਸਾਲ 1979 ਈ: ਨੂੰ ਬਸੰਤ ਦੇ ਦਿਹਾੜੇ ਜਦੋਂ ਮੈਂ ਆਪਣੇ ਸਹੁਰੀਂ ਗਿਆ ਤਾਂ ਬਾਬੂ ਜੀ ਨੂੰ ਮਿਲਣ ਦਾ ਪੱਕਾ ਮਨ ਬਣਾ ਲਿਆ। ਇਸ ਲਈ ਮੈਂ ਉਚੇਰੀ ਛੁੱਟੀ ਲੈ ਕੇ ਗਿਆ ਸੀ। ਬਾਬੂ ਜੀ ਨੂੰ ਗੜ੍ਹਸ਼ੰਕਰ, ਉਹਨਾਂ ਦੇ ਘਰ ਮਿਲਣ ਗਿਆ ਤਾਂ ਸਬੱਬ ਨਾਲ ਬਾਬੂ ਜੀ ਉਸ ਦਿਨ ਘਰੇ ਸਨ। ਉਹ ਬਰਾਂਡੇ ਵਿਚ ਡਿੱਠੇ ਮੰਜੇ ’ਤੇ ਬੈਠੇ ਸਨ। ਮੈਂ ਉਹਨਾਂ ਦੇ ਪੈਰੀਂ ਹੱਥ ਲਾਇਆ ਤੇ ਆਪਣੇ ਬਾਰੇ ਦੱਸਿਆ। ਬਾਬੂ ਜੀ ਨੇ ਮੈਨੂੰ ਮੇਰੇ ਪਿੰਡ ਦੇ ਕੁਝ ਸਿਆਣਿਆਂ ਦਾ ਨਾਂ ਲੈ ਕੇ ਉਹਨਾਂ ਦੀ ਰਾਜ਼ੀ ਖੁਸ਼ੀ ਬਾਰੇ ਪੁੱਛਿਆ।

ਬਾਬੂ ਜੀ ਨੇ ਦੱਸਿਆ ਕਿ ਉਹਨਾਂ ਦਲਿਤ ਕੌਮ ਵਿਚ ਜਨਮ ਲੈ ਕੇ ਕਿਵੇਂ ਮੁਸ਼ਕਿਲਾਂ ਨਾਲ ਹਾਈ ਸਕੂਲ ਦੀਆਂ ਕੁਝ ਜਮਾਤਾਂ ਪਾਸ ਕੀਤੀਆਂ। ਉਹ ਨਾਰੂ ਨੰਗਲ (ਕਿਲੇ) ਤੋਂ ਬਜਵਾੜਾ ਹਾਈ ਸਕੂਲ ਪੜ੍ਹਨ ਜਾਇਆ ਕਰਦੇ ਸਨ। ਇਹ ਸਾਰਾ ਪੈਂਡਾ ਪੈਦਲ ਹੀ ਕਰਨਾ ਪੈਂਦਾ। ਘਰੋਂ ਕੀਤਾ ਗਿਆ ਕੰਮ ਮਾਸਟਰ ਨਾ ਦੇਖਦਾ ਤੇ ਨਾ ਹੀ ਅਛੂਤ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕੋਈ ਦਿਲਚਸਪੀ ਹੀ ਲੈਂਦਾ। ਮਾਸਟਰ ਜੇ ਗੁੱਸੇ ਵਿਚ ਹੁੰਦਾ ਤਾਂ ਬਿਨਾਂ ਮਤਲਬ ਕੁੱਟਣ ਲਈ ਅਛੂਤ ਵਿਦਿਆਰਥੀਆਂ ’ਤੇ ਜ਼ੋਰ ਲਾ ਦਿੰਦਾ। ਮਾਸਟਰ ਗੁੱਸੇ ਵਿਚ ਜਿੱਧਰ ਆਉਂਦਾ ਡੰਡਾ ਮਾਰਦਾ ਸਿਰ, ਪਿੱਠ,



ਲੱਤਾਂ, ਹੱਥ, ਬਾਹਾਂ ਤੇ ਸਰੀਰ ਦੇ ਕਿਸੇ ਵੀ ਅੰਗ ’ਤੇ। ਕਈ ਵਾਰੀ ਤਾਂ ਸਕੂਲ ਵਿਚ ਮਾਰ ਦੇ ਡਰ ਅਤੇ ਛੂਆ-ਛਾਤ ਦਾ ਸਾਹਮਣਾ ਨਾ ਕਰਦੇ ਵਿਦਿਆਰਥੀ ਪੜ੍ਹਨੋਂ ਹੀ ਹਟ ਜਾਂਦੇ। ਉਹਨਾਂ ਦੱਸਿਆ ਕਿ ਉਹਨਾਂ ਵੀ ਇਸੇ ਕਾਰਨ ਕਰਕੇ ਪੜ੍ਹਾਈ ਛੱਡ ਦਿੱਤੀ ਸੀ।

ਘਰ ਗਰੀਬੀ ਬਹੁਤ ਸੀ, ਪੈਸਾ ਮੁਸ਼ਕਿਲ ਨਾਲ ਪ੍ਰਾਪਤ ਹੁੰਦਾ ਸੀ। ਬਾਬੂ ਜੀ ਨੇ ਗੱਲਬਾਤ ਦੀ ਲੜੀ ਜਾਰੀ ਰੱਖਦਿਆਂ ਕਿਹਾ ਕਿ ਅਛੂਤਾਂ ਦੇ ਲੜਕਿਆਂ ਦੀ ਪੜ੍ਹਾਈ ਦੀ ਸਮੱਸਿਆ ਨੂੰ ਮੁੱਖ ਰੱਖ ਕੇ ਫਿਰ ਕੋਟ ਅਬਦੁਲ ਖਾਲਿਕ (ਪੀ. ਆਰ. ਟੀ. ਸੀ. ਜਹਾਨ ਖੇਲਾਂ, ਹੁਸ਼ਿਆਰਪੁਰ) ਸਕੂਲ ਖੁੱਲ੍ਹ ਗਿਆ ਜੋ ਕਿ ਮੁਸਲਮਾਨਾਂ ਦੇ ਉਦਮ ਨਾਲ ਖੁੱਲ੍ਹਾ ਤੇ ਫਿਰ ਬਹੁਤ ਸਾਰੇ ਅਛੂਤ ਲੜਕੇ ਉਥੇ ਪੜ੍ਹਨ ਲੱਗ ਪਏ।

ਬਾਬੂ ਜੀ ਨੇ ਆਦਿ ਧਰਮੀ ਲੋਕਾਂ ਨੂੰ ਜਾਗ੍ਰਿਤ ਕਰਨ ਬਾਰੇ ਕਾਫੀ ਕੁਝ ਦੱਸਿਆ। ਗੋਲਮੇਜ਼ ਕਾਨਫਰੰਸ ਵਿਚ ਡਾਕਟਰ ਅੰਬੇਦਕਰ ਨੂੰ ਅਛੂਤਾਂ ਦਾ ਨੁਮਾਇੰਦਾ ਦੱਸਣ ਲਈ ਆਦਿ ਧਰਮ ਮੰਡਲ ਨੇ ਤਾਰਾਂ ਦਿੱਤੀਆਂ ਤੇ ਫਿਰ ਜਦੋਂ ਪੂਨੇ ਵਿਖੇ ਯਰਵਦਾ ਜੇਲ੍ਹ ਵਿਚ ਗਾਂਧੀ ਨੇ ਅਛੂਤਾਂ ਨੂੰ ਮਿਲੇ ਹੱਕਾਂ ਖਿਲਾਫ ਮਰਨ ਵਰਤ ਰੱਖਿਆ ਤਾਂ ਗਾਂਧੀ ਦੀ ਅਛੂਤ ਵਿਰੋਧੀ ਸਾਜਿਸ਼ ਨੂੰ ਨੰਗਿਆਂ ਕਰਨ ਲਈ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੇ ਵੀ ਮਰਨ ਵਰਤ ਰੱਖਿਆ। ਇਕ ਪਾਸੇ ਆਦਿ ਧਰਮੀਆਂ ਦਾ ਵਿਰੋਧ ਸੀ ਅਤੇ ਦੂਜੇ ਪਾਸੇ ਆਦਿ ਧਰਮੀਆਂ ਦੇ ਹੱਕਾਂ ਦਾ ਮਸੀਹਾ ਬਾਬੂ ਮੰਗੂ ਰਾਮ ਜੀ। ਅੱਜ ਲੋੜ ਹੈ ਸਾਨੂੰ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਪਹਿਚਾਨਣ ਦੀ। ਅੱਜ ਅਸੀਂ ਦੋਸਤਾਂ ਨੂੰ ਦੁਸ਼ਮਣ ਅਤੇ ਦੁਸ਼ਮਣਾਂ ਨੂੰ ਦੋਸਤ ਸਮਝ ਬੈਠੇ ਹਾਂ। ਬਾਬੂ ਜੀ ਨੇ ਜੋ ਕੁਝ ਇਸ ਮੁਲਾਕਾਤ ਵਿਚ ਦੱਸਿਆ ਸੀ, ਉਸ ਤੋਂ ਕੌਮ ਲਈ ਉਹਨਾਂ ਜੋ ਕੰਮ ਕੀਤਾ, ਸੱਚੇ ਅਰਥਾਂ ਵਿਚ ਉਹਨਾਂ ਦੀ ਇਕ ਖੂਬਸੂਰਤ ਤਸਵੀਰ ਉਭਰਦੀ ਹੈ।

ਦੋ ਕੁ ਘੰਟੇ ਦਾ ਸਮਾਂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨਾਲ ਬਿਤਾ ਕੇ ਮੈਂ ਉਹਨਾਂ ਦੇ ਪੈਰੀਂ ਹੱਥ ਲਾ ਕੇ ਆ ਗਿਆ।

ਮਨ ਵਿਚ ਜੋ ਸੱਧਰ ਸੀ, ਉਹ ਪੂਰੀ ਹੋ ਗਈ ਸੀ ਤੇ ਕਾਫੀ ਜਾਣਕਾਰੀ ਵੀ ਮਿਲੀ ਸੀ। ਜਿਸ ਦੀ ਮੈਨੂੰ ਸਾਰੇ ਸਫਰ ਵਿਚ ਖੁਸ਼ੀ ਮਹਿਸੂਸ ਹੁੰਦੀ ਰਹੀ ਤੇ ਹੁਣ ਵੀ ਉਹ ਦੋ ਘੰਟੇ ਮੇਰੇ ਜੀਵਨ ਦੇ ਅਮੁੱਲੇ ਪਲ ਹਨ। ਪਰ ਅਫਸੋਸ ਕਿ 22 ਅਪ੍ਰੈਲ 1980 ਈ: ਨੂੰ ਕੌਮ ਦਾ ਇਹ ਚਾਨਣ-ਮੁਨਾਰਾ ਸਾਥੋਂ ਸਰੀਰਕ ਤੌਰ ਤੇ ਸਦਾ ਲਈ ਵਿੱਛੜ ਗਿਆ।

ਪਰ ਉਹਨਾਂ ਦੇ ਕਾਰਨਾਮੇ ਭਾਰਤ ਦੀ ਆਜ਼ਾਦੀ ਅਤੇ ਖਾਸ ਕਰਕੇ ਅਛੂਤਾਂ ਦੀ ਆਜ਼ਾਦੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣਗੇ।

**ਬਾਬੂ ਮੰਗੂ ਰਾਮ ਮੁੱਗੋਵਾਲੀਆ 1985**
**ਸੋਵੀਨੀਅਰ ’ਚੋਂ ਧੰਨਵਾਦ ਸਹਿਤ**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਬਹੁਜਨ ਸਮਾਜ ਦੇ ਰਹਿਬਰਾਂ ਨੂੰ ਪ੍ਰਣਾਮ









**ਫਰਿਜ਼ਨੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਹਫਤਾਵਾਰੀ ਪ੍ਰੋਗਰਾਮਾਂ ਦੌਰਾਨ ਸਭਾ ਵੱਲੋਂ ਕੋਈ ਨਾ ਕੋਈ ਬਹੁਜਨ ਸਮਾਜ ਨਾਲ ਸਬੰਧਤ ਇਤਿਹਾਸਕ ਦਿਨ ਤੇ ਮਹਾਂਪੁਰਸ਼ਾਂ ਨੂੰ ਯਾਦ ਕੀਤਾ ਜਾਂਦਾ ਹੈ।ਬੀਤੇ ਐਤਵਾਰ ਮਾਤਾ ਸਵਿੱਤਰੀ ਬਾਈ ਫੂਲੇ ਜੀ ਨੂੰ ਉਹਨਾਂ ਦੇ ਜਨਮ ਦਿਨ ਤੇ ਯਾਦ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਭੀਮਾ ਕੋਰੇਗਾਉਂ ਦੇ ਬਹਾਦਰ ਸੂਰਬੀਰਾਂ ਨੂੰ ਸ਼ਰਧਾਂਜਲੀਆਂ ਦਿ- ੱਤੀਆਂ ਗਈਆਂ। ਟੌਹੜਾ ਪਿੰਡ ਦੀ ਭੈਣ ਵੀਰਪਾਲ ਕੌਰ ਨਾਲ ਜੋ ਜ਼ਿਆਦਤੀ ਕੀਤੀ ਗਈ। ਉਸਨੂੰ ਬਹੁਤ ਹੀ ਮੰਦਭਾਗਾਂ ਗਰਦਾਨਦਿਆਂ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਕਿ ਗਰੀਬਾਂ ਦੀ ਜਾਨ-ਮਾਲ, ਇੱਜਤਾਂ ਨਾਲ ਖਿਲਵਾੜ ਨਾ ਹੋਣ ਦਿੱਤਾ ਜਾਵੇ। ਅੰਤ ਵਿਚ ਭੈਣ ਮਾਇਆਵਤੀ ਦੇ 62ਵੇਂ ਜਨਮ ਦਿਨ ਤੇ ਉਹਨਾਂ ਦੀ ਸਿਹਤ ਦੀ ਕਾਮਯਾਬੀ ਲਈ ਦੁਆਵਾਂ ਕੀਤੀਆਂ। ਇਸ ਤੋਂ ਪਹਿਲਾਂ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ, ਭਾਈ ਅਮਨਜੋਤ ਸਿੰਘ, ਇੰਦਰਜੀਤ ਜੀ ਅਤੇ ਸ੍ਰੀ ਰਾਜ ਬਰਾੜ ਆਦਿ ਨੇ ਸੰਗਤਾਂ ਨੂੰ ਸ਼ਬਦ ਨਾਲ ਜੋੜਨ ਲਈ ਜਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰ ਵਿਚ ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਦੀ ਸੇਵਾ ਨਿਭਾਉਂਦਿਆਂ ਸ੍ਰੀ ਅਮਰ ਦੜੌਚ ਨੇ ਸਾਰੇ ਬੁਲਾਰਿਆਂਸ੍ਰੀ ਰਜਿੰਦਰ ਗੰਗੜ ਸੇਲਮਾ, ਸ੍ਰੀ ਰਾਜ ਗੁਰੂ ਆਦਿ ਦਾ ਧੰਨਵਾਦ ਕੀਤਾ।

# ਸਿਆਟਲ ਵਿਚ ਮਾਘੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਮਾਘੀ ਦਾ ਤਿਉਹਾਰ ਸਿਆਟਲ ਦੇ ਵੱਖ ਵੱਖ ਗੁਰੂ ਘਰਾਂ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਮਾਘੀ ਦੇ ਸ਼ੁਭ ਅਵਸਰ ’ਤੇ ਭਾਰੀ ਗਿਣਤੀ ਵਿਚ ਸੰਗਤਾਂ ਗੁਰੂ ਘਰਾਂ ਵਿਚ ਪਹੁੰਚ ਕੇ ਹਾਜ਼ਰੀ ਭਰਦੀਆਂ ਦਿੱਸੀਆਂ। ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਹਫਤਾਵਾਰੀ ਦੀਵਾਨ ਸਜਾਏ ਗਏ, ਜਿੱਥੇ ਭਾਰਤ ਤੋਂ ਉਚੇਚੇ ਤੌਰ ’ਤੇ ਪਹੁੰਚੇ ਪ੍ਰਸਿੱਧ ਕੀਰਤਨੀ ਜਥੇ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ ਵਾਲਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ, ਚਾਰੇ ਸਾਹਿਬਜ਼ਾਦਿਆਂ ਤੇ ਭਾਈ ਮਹਾਂ ਸਿੰਘ ਅਤੇ ਪਰਿਵਾਰ ਵਿਛੋੜਾ ਸਬੰਧੀ ਧਾਰਮਿਕ ਵਿਚਾਰਾਂ ਤੇ ਵੈਰਾਗਮਈ ਕੀਰਤਨ ਕਰਕੇ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨ ਅਨੁਸਾਰ ’ਚਾਰ ਮੂਏ ਤੋ ਕਿਆ ਹੋਆ, ਜੀਵਤ ਕਈ ਹਜਾਰ’ ਅਤੇ ਗੁਰੂ ਜੀ ਦੇ ਉਪਦੇਸ਼ ਅਨੁਸਾਰ ਲੱਗਦੇ ਦੀਵਾਨ ਰਹੇ ਸੱਚੇ ਪਾਤਸ਼ਾਹ ਦੇ, ਝੂਲਤੇ ਨਿਸ਼ਾਨ ਰਹੇ, ਸੱਚੇ ਪਾਤਸ਼ਾਹ ਦੇ। ਭਾਈ ਦਵਿੰਦਰ ਸਿੰਘ ਸੋਢੀ ਦੇ ਕੀਰਤਨ ਤੋਂ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ ਜੋ ਲਗਾਤਾਰ ਹਿਕ ਹਫਤਾ ਸਿਆਟਲ ਦੇ ਬੌਥਲ ਗੁਰਦੁਆਰਾ ਵਿਚ ਤੇ ਬਾਅਦ ਵਿਚ ਕੈਲੇਫੋਰਨੀਆ ਹਾਜ਼ਰੀ ਭਰਨਗੇ। ਇਸ ਮੌਕੇ ਮਨਜਿੰਦਰ ਸਿੰਘ ਜੌਹਲ ਤੇ ਉਹਨਾਂ ਦੀ ਧਰਮ ਪਤਨੀ ਬੀਬੀ ਅਮਨਦੀਪ ਕੌਰ ਨੇ ਆਪਣੇ ਸਪੁੱਤਰ ਜੋਰਾਵਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੰਗਰਾਂ ਦੀ ਸੇਵਾ ਕੀਤੀ। ਗੁਰਦੁਆਰਾ ਸਾਹਿਬ ਦੇ ਚੇਅਰਮੈਨ ਰਾਜਬੀਰ ਸਿੰਘ ਸੰਧੂ ਨੇ ਭਾਈ ਦਵਿੰਦਰ ਸਿੰਘ ਸੋਢੀ ਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਮਨਜਿੰਦਰ ਸਿੰਘ ਜੌਹਲ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

# 12 ਬੱਚਿਆਂ ਨੂੰ ਘਰ ਵਿੱਚ ਬੰਧਕ ਬਣਾਉਣ ਦੇ ਦੋਸ਼ ਹੇਠ ਪਤੀ ਪਤਨੀ ਗ੍ਰਿਫਤਾਰ

**ਲਾਸ-ਏਜਲਸ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਦੱਖਣੀ ਕੈਲੇਫੋਰਨੀਆਂ ਦਾ ਇੱਕ ਗੋਰਾ ਜੋੜਾ ਇਸ ਸਮੇਂ ਜੇਲ੍ਹ ਦੀ ਹਵਾ ਖਾ ਰਿਹਾ ਹੈ। ਪਤੀ ਪਤਨੀ ਤੇ ਆਪਣੇ ਹੀ ਬੱਚਿਆਂ ਨੂੰ ਖ਼ਤਰੇ ਵਿੱਚ ਪਾਉਣ ਤੇ ਉਹਨਾਂ ਤੇ ਤਸ਼ੱਦਦ ਢਾਉਣ ਦਾ ਦੋਸ਼ ਲੱਗਿਆ ਹੈ। ਤਲਾਸ਼ੀ ਦੌਰਾਨ ਉਹਨਾਂ ਦੇ ਘਰ ਵਿੱਚੋਂ 12 ਬੱਚੇ ਮੰਜਿਆਂ ਨਾਲ ਬੰਨੇ ਹੋਏ ਮਿਲੇ।

ਡੇਵਿੱਡ ਟਰਪਿਨ (57) ਅਤੇ ਲੁਇਸ ਟਰਪਿਨ (49) ਪਤੀ ਪਤਨੀ ਰਿਵਰਸਾਇਡ ਕਾਉਂਟੀ ਜੇਲ੍ਹ ’ਚ 9 ਮਿਲੀਆਨ ਡਾਲਰ ਦੀ ਜ਼ਮਾਨਤ ਤੇ ਜੇਲ੍ਹ ਵਿੱਚ ਬੰਦ ਹਨ । ਰਿਵਰਸਾਇਡ ਸ਼ੈਰਫ ਡਿਪਾਰਟਮੈਂਟ ਨੇ ਸੋਮਵਾਰ ਦੁਪਿਹਰ ਸਮੇਂ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਤਹਿਕੀਕਾਤ ਉਸ ਸਮੇਂ ਸ਼ੁਰੂ ਹੋਈ ਜਦੋਂ ਐਂਤਵਾਰ ਸਵੇਰੇ ਸਵੱਖਤੇ ਪਿਰਸ ਸ਼ਹਿਰ ਜਿਹੜਾ ਕਿ ਲਾਸ-ਏਜਲਸ ਤੋਂ ਕਰੀਬ 70 ਮੀਲਾਂ ਪੂਰਬ ਦੱਖਣ ਵਾਲੇ ਪਾਸੇ ਸਥਿਤ ਹੈ ਅਤੇ ਇੱਥੋਂ ਮਾਂ ਬਾਪ ਦੇ ਚੁੰਗਲ ’ਚ ਭੱਜੀ 17 ਸਾਲਾਂ ਕੁੜੀ ਨੇ 911 ਕਾਲ ਕਰਕੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਹ ਕਿਸੇ ਤਰਾਂ ਬਚ ਨਿਕਲੀ ਹੈ ਪਰ ਉਸਦੇ ਹੋਰ 12 ਭੈਂਣ ਭਰਾਵਾਂ ਨੂੰ ਉਸਦੇ ਆਪਣੇ ਮਾਪਿਆਂ ਵੱਲੋਂ ਕੈਦੀ ਬਣਾਇਆ ਹੋਇਆ ਹੈ। ਇਹ ਕੁੜੀ ਏਨ੍ਹੀ ਕਮਜ਼ੋਰ ਸੀ ਕਿ ਜਦੋਂ ਪੁਲਿਸ ਵਾਲਿਆ ਨੇ ਪਹਿਲੀ ਨਜ਼ਰ ਇਸ 17 ਸਾਲਾਂ ਕੁੜੀ ਨੂੰ ਵੇਖਿਆ ਤਾਂ ਉਹਨੰਾਂ ਸੋਚਿਆ ਸ਼ਾਇਦ ਇਹ 10 ਸਾਲ ਦੀ ਕੁੜੀ ਹੈ। ਜਦੋਂ ਪੁਲਿਸ ਵਾਲੇ ਟਰਪਿਨ ਜੋੜੇ ਦੇ ਘਰ ਪਹੁੰਚੇ ਤਾਂ ਬਹੁਤ ਸਾਰੇ ਬੱਚੇ ਹਨੇਰੇ ਵਿੱਚ ਗੰਦਗੀ ਭਰੀ ਥਾਂ ਤੇ ਮੰਜਿਆਂ ਨਾਲ ਲੋਹੇ ਦੀਆਂ ਚੇਨਾਂ ਨਾਲ ਬੰਨੇ ਹੋਏ ਮਿਲੇ ਅਤੇ ਇਸ ਜਗ੍ਹਾ ਤੋਂ ਬਹੁਤ ਬਦਬੂ ਮਾਰ ਰਹੀ ਸੀ। ਪੁੱਛ ਗਿੱਛ ਦੌਰਾਨ ਟਰਪਿਨ



ਪਤੀ ਪਤਨੀ ਕੋਈ ਠੋਸ ਜਵਾਬ ਨਹੀਂ ਦੇ ਸਕੇ। ਜਦੋਂ ਅਧਿਕਾਰੀ ਮੌਕੇ ਤੇ ਪਹੁੰਚੇ ਓਹਨਾਂ ਸੋਚਿਆਂ ਸਾਰੇ ਬੱਚੇ ਨਾਬਾਲਗ ਹੀ ਹਨ ਪਰ ਜਾਣਕਾਰੀ ਇਕੱਤਰ ਕਰਨ ਤੋਂ ਬਾਅਦ ਪਤਾ ਲੱਗਾ ਕਿ ਇਹਨਾਂ ਬੱਚਿਆਂ ਵਿੱਚੋਂ 7 ਜਾਣੇ 18 ਸਾਲ ਤੋਂ ਉੱਪਰ ਹਨ। ਜਦੋਂ ਬੱਚਿਆਂ ਦੀ ਬਰਾਮਦੀ ਹੋਈ ਉਹ ਬਹੁਤ ਗੰਦੇ ਸਨ, ਭੁੱਖ ਅਤੇ ਪਿਆਸ ਨਾਲ ਤੜਫ ਰਹੇ ਸਨ। ਪਾਣੀ ਵਗੈਰਾ ਪਿਆਉਣ ਤੋਂ ਬਾਅਦ ਇਹਨਾਂ ਨੂੰ ਲੋਕਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਟਰਪਿਨ ਜੋੜਾ 2010 ਵਿੱਚ ਟੈਕਸਾਸ ਸਟੇਟ ਤੋਂ ਪਿਰਸ ਕੈਲੇਫੋਰਨੀਆਂ ਆਕੇ ਵੱਸਿਆ ਸੀ ਤੇ 2011 ਵਿੱਚ ਇਨ੍ਹਾਂ ਨੇ ਦਵਾਲੀਆ ਸ਼ੋਅ ਕਰ ਦਿੱਤਾ ਸੀ। ਇਹ ਘਰ ਜਿੱਥੇ ਟਰਪਿਨ ਜੋੜਾ ਰਹਿ ਰਿਹਾ ਸੀ ਨੂੰ ਇੱਕ ਸਕੂਲ ਸ਼ੋਅ ਕੀਤਾ ਹੋਇਆ ਸੀ ਤੇ ਡੇਵਿੱਡ ਟਰਪਿਨ ਨੇ ਆਪਣੇ ਆਪ ਨੂੰ ਇਸ ਸਕੂਲ ਦਾ ਪ੍ਰਿੰਸੀਪਲ ਸ਼ੋਅ ਕੀਤਾ ਹੋਇਆ ਸੀ। ਡੇਵਿਡ ਕਿੱਤੇ ਦੇ ਤੌਰ ਤੇ ਇੰਜਨੀਅਰ ਹੈ ਤੇ ਲੁਇਸ ਟਰਪਿਨ ਨੇ ਆਪਣੇ ਆਪ ਨੂੰ ਘਰ ਬਣਾਉਣ ਵਾਲੀ ਵਿਖਾਇਆ ਹੋਇਆ ਹੈ। ਇਸ ਖ਼ਬਰ ਨੇ ਪੂਰੇ ਅਮਰੀਕਾ ਨੂੰ ਹਿਲਾਕੇ ਰੱਖ ਦਿੱਤਾ ਹੈ। ਪੁਲਿਸ ਗਵਾਂਢੀਆਂ ਤੋਂ ਜੋੜੇ ਦੇ ਰਹਿਣ ਸਹਿਣ ਅਤੇ ਬੱਚਿਆਂ ਦੇ ਮੇਲ ਮਿਲਾਪ ਬਾਰੇ ਪੁੱਛ ਗਿੱਛ ਕਰ ਰਹੀ ਹੈ। ਲਗਦਾ ਇਸ ਘਿਨਾਉਣੇ ਕਾਰੇ ਕਰਕੇ ਜੋੜੇ ਨੂੰ ਸਾਰੀ ਉਮਰ ਜੇਲ੍ਹ ਵਿੱਚ ਬਿਤਾਉਣੀ ਪਵੇਗੀ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਵਿਆਹ-ਸ਼ਾਦੀਆਂ ਲਈ ਲੜਕੇ ਜਾਂ ਲੜਕੀ ਦੀ ਭਾਲ ਵਿਚ ਹੋ
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਜੇਕਰ ਕੋਈ ਖਬਰ ਜਾਂ ਲੇਖ ਨਹੀਂ ਛਪ ਸਕਿਆ ਤਾਂ ਹੋ ਸਕਦਾ ਹੈ ਉਹ ਸਾਡੇ ਤੱਕ ਨਹੀਂ ਪਹੁੰਚਿਆ, ਦੁਬਾਰਾ ਯਾਦ ਕਰਵਾਏ ਜਾਣ ਲਈ ਧੰਨਵਾਦੀ ਹੋਵਾਂਗੇ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਜਨ ਕਲਿਆਣ ਦਿਵਸ ਵਜੋਂ ਮਨਾਇਆ ਗਿਆ ਬਸਪਾ ਮੁੱਖੀ ਕੁਮਾਰੀ ਮਾਇਆਵਤੀ ਦਾ ਜਨਮ ਦਿਨ

## ਹਿੰਦੂ ਰਾਸ਼ਟਰ ਬਣਾਉਣ ਲਈ ਮਨੂੰਸਮਿਰਤੀ ਲਾਗੂ ਕਰਨ ਦੀਆਂ ਭਾਜਪਾ ਕਰ ਰਹੀ ਹੈ ਕੋਸ਼ਿਸ਼ਾਂ : ਰਛਪਾਲ ਰਾਜੂ

**ਲੁਧਿਆਣਾ (ਬਿਊਰੋ)–** ਬਹੁਜਨ ਸਮਾਜ ਦੇ ਲੋਕਾਂ ਵੱਲੋਂ ਦੇਸ਼ ਭਰ ਵਿੱਚ ਅੱਜ ਦੇ ਦਿਨ ਨੂੰ ਜਨ ਕਲਿਆਣਕਾਰੀ ਦਿਵਸ ਦੇ ਵਜੋਂ ਮਨਾਉਂਦੇ ਹੋਏ ਬਹੁਜਨ ਸਮਾਜ ਪਾਰਟੀ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਜਨਮ ਦਿਨ ਨੂੰ ਸਮਰਪਿਤ ਕੀਤਾ ਗਿਆ। ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੂਰਬੀ ਵਿੱਚ ਵੀ ਜਿਲਾ ਪੱਧਰ ਤੇ ਜਨ ਕਲਿਆਣਕਾਰੀ ਦਿਵਸ ਸ਼ਹਿਰੀ ਪ੍ਰਧਾਨ ਜੀਤ ਰਾਮ ਬਸਰਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ ਜਿਸ ਵਿੱਚ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਬਸਪਾ ਵਰਕਰਾਂ ਦੇ ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜੂ ਨੇ ਕਿਹਾ ਕਿ ਅੱਜ ਪੂਰੇ ਦੇਸ਼ ਵਿੱਚ ਬਸਪਾ ਵਰਕਰ ਆਪਣੀ ਲੀਡਰ ਬਸਪਾ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਜਨ ਕਲਿਆਣਕਾਰੀ ਦਿਵਸ ਵਜੋਂ ਮਨਾ ਕੇ ਗਰੀਬ ਅਤੇ ਜਰੂਰਤਮੰਦ ਲੋਕਾਂ ਕੱਪੜੇ ਅਤੇ ਹੋਰ ਜਰੂਰੀ ਵਰਤੋਂ ਦਾ ਸਮਾਨ ਵੰਡ ਰਹੇ ਹਨ। ਇਸ ਤੋਂ ਇਲਾਵਾ ਬਹੁਤ ਜਿਆਦਾ ਜਰੂਰਤਮੰਦਾਂ ਦੀ ਪਾਰਟੀ ਵਰਕਰਾਂ ਵੱਲੋਂ ਆਰਥਿਕ ਮੱਦਦ ਵੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਲੁਧਿਆਣਾ ਜਿਲੇ ਦੇ ਇਸ ਸਮਾਗਮ ਵਿੱਚ ਵੀ ਪਾਰਟੀ ਵਰਕਰਾਂ ਵੱਲੋਂ ਅਜਿਹੀ ਹੀ ਉਪਰਾਲੇ ਕੀਤੇ ਗਏ ਹਨ। ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਬਸਪਾ ਮੁੱਖੀ ਹੀ ਦੇਸ਼ ਦੀ ਇੱਕਲੀ ਅਜਿਹੀ ਆਗੂ ਹੈ ਜਿਸ ਨੇ ਭਾਜਪਾ ਦੇ ਬ੍ਰਾਹਮਣਵਾਦੀ ਸਿਸਟਮ ਅੱਗੇ ਗੋਡੇ ਨਹੀ ਟੇਕੇ। ਸਗੋਂ ਏਹ ਭਾਜਪਾ ਅਤੇ ਅਜਿਹੀ ਗੈਰ ਬਰਾਬਰੀ ਦੀ ਵਿਚਾਰਧਾਰਾ ਵਾਲੇ ਸੰਗਠਨਾਂ ਨੂੰ ਮੂੰਹ ਤੋੜ ਜਵਾਬ ਦੇ ਰਹੀ ਹੈ। ਭਾਜਪਾ ਹਿੰਦੂ ਰਾਸ਼ਟਰ ਬਣਾਉਣ ਲਈ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਤਾਂ ਕਿ ਇਸ ਦੀ ਜਗਾ ਮਨੂੰ-ਸਮਿਰਤੀ ਲਾਗੂ ਕਰਕੇ ਮੁੜ ਤੋਂ ਗੈਰ ਬਰਾਬਰੀ ਵਾਲਾ ਢਾਂਚਾ ਖੜਾ ਕੀਤਾ ਜਾ ਸਕੇ। ਪਰ ਬਹੁਜਨ ਸਮਾਜ ਪਾਰਟੀ ਅਜਿਹਾ ਕਦੇ ਵੀ ਨਹੀ ਹੋਣ ਦੇਵੇਗੀ ਅਤੇ ਜਿਹੜੀ ਵੀ ਉਂਗਲ ਸੰਵਿਧਾਨ ਵੱਲ ਉੱਠੇਗੀ ਅਸੀਂ ਉਹ ਉਂਗਲ ਵੱਢ ਦਿਆਂਗੇ। ਉਹਨਾਂ ਕਿਹਾ ਕਿ ਦੇਸ਼ ਦੇ ਲੋਕ ਭਾਜਪਾ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ ਅਤੇ ਦੇਸ਼ ਹਿੱਤ 'ਚ ਉਹ ਦੇਸ਼ ਨੂੰ ਟੁੱਟਣ ਤੋਂ ਬਚਾਉਣ ਲਈ 2019 ਵਿੱਚ ਭਾਜਪਾ ਦਾ ਸਖਤ ਵਿਰੋਧ ਕਰਨਗੇ ਅਤੇ ਬਸਪਾ ਦੇ ਪੱਖ 'ਚ ਖੜੇ ਹੋ ਕੇ ਦੇਸ਼ ਦੇ ਕੰਮਜੋਰ ਹੋ ਰਹੇ ਲੋਕਤੰਤਰ ਨੂੰ ਮਜਬੂਤ ਕਰਨਗੇ। ਉਹਨਾਂ ਕਿਹਾ ਕਿ ਬਸਪਾ ਨਗਰ ਨਿਗਮ ਦੇ ਸਾਰੇ 95 ਵਾਰਡਾਂ ਤੋਂ ਚੋਣ ਲੜੇਗੀ ਅਤੇ ਜਿੱਤੇਗੀ। ਉਹਨਾਂ ਸ਼ਹਿਰ ਵਿੱਚ ਬਸਪਾ ਦਾ ਮੇਅਰ ਬਣਾਉਣ ਦਾ ਦਾਅਵਾ ਵੀ ਕੀਤਾ।



ਇਸ ਮੌਕੇ ਜਿਲਾ ਪ੍ਰਧਾਨ ਜੀਤ ਰਾਮ ਬਸਰਾ, ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ, ਜਨਰਲ ਸਕੱਤਰ ਪ੍ਰਗਣ ਬਿਲਗਾ, ਨਰੇਸ਼ ਬਸਰਾ, ਵਿੱਕੀ ਕੁਮਾਰ, ਲਾਭ ਸਿੰਘ ਭਾਮੀਆਂ ਅਤੇ ਵਿੱਕੀ ਬਹਾਦਰਕੇ ਨੇ ਵੀ ਸਬੋਧਨ ਕੀਤਾ। ਇਸ ਮੌਕੇ ਰਾਜਿੰਦਰ ਨਿੱਕਾ, ਅਨੂ ਛਜਲਾਨਾ, ਕਿਰਨ ਦੇਵੀ, ਗੁਰਿੰਦਰ ਕੌਰ ਮਹਿਦੂਦਾਂ, ਮਾਲਤੀ ਦੇਵੀ, ਤੇਜਪਾਲ ਡੋਗਰਾ, ਮਾਨ ਸਿੰਘ, ਨਵਤੇਜ ਸਿੰਘ, ਦਰਸ਼ਨ ਸਿੰਘ, ਰਵੀਕਾਂਤ ਜੱਖੂ, ਨਿਰਮਲ ਸਿੰਘ ਸੋਖੀ, ਸੰਤੋਖ ਕੁਮਾਰ, ਅਨੁਜ ਕੁਮਾਰ, ਸੌਰਵ ਬਿਰਲਾ, ਕਾਲਾ ਬਸਰਾ, ਡਾ ਰੋਸ਼ਨ ਲਾਲ ਅਤੇ ਹੋਰ ਹਾਜਰ ਸਨ।

# ਜੋਤ ਸਰੂਪ ਨੇ ਕਰਾਟੇ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਹਾਸਲ ਕਰਕੇ ਜਲੰਧਰ ਦਾ ਨਾਂ ਰੌਸ਼ਨ ਕੀਤਾ

**ਜਲੰਧਰ–** ਹਿਮਾਚਲ ਦੇ ਧਰਮਸ਼ਾਲਾ ਵਿਚ ਹੋਈ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਵਿਚ ਜਲੰਧਰ ਦੇ ਜੋਤ ਸਰੂਪ ਸਿੰਘ ਨੇ 50 ਕਿਲੋਗ੍ਰਾਮ ਭਾਰ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਚ ਕੀਮਤੀ ਲਾਲ ਨੇ ਦੱਸਿਆ ਕਿ ਧਰਮਸ਼ਾਲਾ ਵਿਚ ਹੋਈ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਵਿਚ ਦਿੱਲੀ, ਮਹਾਰਾਸ਼ਟਰ, ਜੰਮੂ-ਕਸ਼ਮੀਰ, ਹਿਮਾਚਲ ਅਤੇ



ਚੇਨਈ, ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਤੇ ਜਾਪਾਨ ਦੀਆਂ ਟੀਮਾਂ ਨੇ ਭਾਗ ਲਿਆ। ਇਸ ਵਿਚ ਜੋਤ ਸਰੂਪ ਦੀ ਪਹਿਲੀ ਫਾਈਟ ਮੁੰਬਈ, ਦੂਜੀ ਫਾਈਟ ਦਿੱਲੀ, ਤੀਜੀ ਫਾਈਟ ਹਿਮਾਚਲ ਤੇ ਚੌਥੀ ਫਾਈਨਲ ਫਾਈਟ ਨੇਪਾਲ ਦੇ ਖਿਡਾਰੀ ਨਾਲ ਹੋਈ।ਸ੍ਰੀ ਕੀਮਤੀ ਨੇ ਦੱਸਿਆ ਕਿ ਇਸ ਖਿਡਾਰੀ ਨੇ ਆਪਣੇ ਮਾਂ-ਬਾਪ, ਸ਼ਹਿਰ ਦੇ ਨਾਲ ਉਹਨਾਂ ਦਾ ਸਿਰ ਵੀ ਫਕਰ ਨਾਲ ਚੁੱਕਿਆ ਹੈ।

# ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਮੁਖੀ ਵੱਲੋਂ ਅਸਤੀਫ਼ਾ

**ਐਸ.ਏ.ਐਸ. ਨਗਰ (ਮੁਹਾਲੀ)–** ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਦਫ਼ਤਰੀ ਮੁਲਾਜ਼ਮ ਦੇ ਹੱਥ ਆਪਣਾ ਅਸਤੀਫ਼ਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਕੇ.ਬੀ.ਐਸ. ਸਿੱਧੂ ਨੂੰ ਸੌਂਪਿਆ।

ਇਸ ਗੱਲ ਪੁਸ਼ਟੀ ਬੀਬੀ ਲਾਂਡਰਾਂ ਨੇ ਕੀਤੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਸਰਕਾਰ ਨੇ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਗਿਆ ਹੈ। ਇਕੱਤਰ ਜਾਣਕਾਰੀ ਅਨੁਸਾਰ ਮੁਹਾਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਨੂੰ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ 13 ਜਨਵਰੀ 2013 ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਪਿਛਲੇ ਸਾਲ ਉਨ੍ਹਾਂ ਦੇ ਅਹੁਦੇ ਦੀ ਮਿਆਦ ਵਿੱਚ ਤਿੰਨ ਸਾਲਾਂ ਦਾ ਹੋਰ ਵਾਧਾ ਕੀਤਾ ਗਿਆ ਸੀ।



ਪਿਛਲੀ ਸਰਕਾਰ ਦੇ ਨੋਟੀਫਿਕੇਸ਼ਨ ਮੁਤਾਬਕ ਬੀਬੀ ਲਾਂਡਰਾਂ ਦੇ ਅਹੁਦੇ ਦੀ ਮਿਆਦ 13 ਜਨਵਰੀ 2019 ਵਿੱਚ ਖ਼ਤਮ ਹੋਣੀ ਸੀ।

ਦੱਸਣਯੋਗ ਹੈ ਕਿ ਮਹਿਲਾ ਕਮਿਸ਼ਨ ਦਾ ਕੰਮ ਬੀਬੀ ਲਾਂਡਰਾਂ ਅਤੇ ਦੋ ਕਲਰਕਾਂ ਦੇ ਸਹਾਰੇ ਹੀ ਚੱਲ ਰਿਹਾ ਸੀ। ਬੀਬੀ ਲਾਂਡਰਾਂ ਨੇ ਦੱਸਿਆ ਕਿ ਇੱਕ ਆਈਏਐਸ ਮਹਿਲਾ ਕਮਿਸ਼ਨ ਦਾ ਮੈਂਬਰ ਸਕੱਤਰ ਹੁੰਦਾ ਹੈ ਪ੍ਰੰਤੂ ਇਹ ਅਹੁਦਾ ਕਾਫੀ ਸਮੇਂ ਤੋਂ ਖਾਲੀ ਪਿਆ ਹੈ। ਇਸ ਤੋਂ ਇਲਾਵਾ ਕਈ ਦਫ਼ਤਰੀ ਮੁਲਾਜ਼ਮ ਸੇਵਾਮੁਕਤ ਹੋ ਗਏ ਹਨ ਪ੍ਰੰਤੂ ਸਰਕਾਰ ਨੇ ਇਨ੍ਹਾਂ ਅਹੁਦਿਆਂ ਨੂੰ ਭਰਨ ਲਈ ਕੋਈ ਪਹਿਲਕਦਮੀ ਨਹੀਂ ਕੀਤੀ, ਜਿਸ ਕਾਰਨ ਦਫ਼ਤਰੀ ਕੰਮ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਂਜ ਉਨ੍ਹਾਂ ਦੱਸਿਆ ਕਿ ਹੁਣ ਤੱਕ ਕਮਿਸ਼ਨ ਵੱਲੋਂ 9 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਦਾ ਨਿਬੇੜਾ ਕੀਤਾ ਗਿਆ ਹੈ ਅਤੇ ਇਸ ਵੇਲੇ ਦਫ਼ਤਰ ਵਿੱਚ ਇੱਕ ਵੀ ਸ਼ਿਕਾਇਤ ਪੈਂਡਿੰਗ ਨਹੀਂ ਹੈ। ਬੀਬੀ ਲਾਂਡਰਾਂ ਨੇ ਦੱਸਿਆ ਕਿ ਉਹ ਮਹਿਲਾ ਕਮਿਸ਼ਨ ਦੀ ਜ਼ਿੰਮੇਵਾਰੀ ਤੋਂ ਵਿਹਲੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕਰਨਗੇ।

# ਪੰਜਾਬ ਦੇ ਪਾਣੀਆਂ ਵਿੱਚ ਘੁਲਿਆ ਜਹਿਰ

ਪਟਿਆਲਾ– ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦੀ ਕੈਂਸਰ ਨਾਲ ਮੌਤ ਅਤੇ ਪਾਣੀਆਂ ਵਿੱਚ ਜ਼ਹਿਰੀਲੇ ਤੱਤਾਂ ਦੀ ਗਿਣਤੀ ਬਹੁਤ ਡਰਾਉਣੇ ਪੱਧਰ ਤਕ ਪੁੱਜ ਚੁੱਕੀ ਹੈ। ਇਹ ਤੱਤ ਖੇਤੀਬਾੜੀ ਰਾਹੀਂ ਭੋਜਨ ਲੜੀ ਵਿੱਚ ਜਾਣੋਂ ਰੋਕਣ ਲਈ ਸੂਬਾ ਸਰਕਾਰ ਨੇ ਕਦਮ ਚੁੱਕਣ ਬਾਰੇ ਹਾਲੇ ਸੋਚਣਾ ਹੈ। ਪੰਜਾਬ ਦੀ ਖੇਤੀਬਾੜੀ ਵੱਡੇ ਪੱਧਰ 'ਤੇ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੈ। ਖੇਤੀ ਵਿਭਾਗ ਨੇ ਹਾਲੇ ਸੂਬੇ ਦੇ ਇਸ ਜ਼ਹਿਰੀਲੇ ਪਾਣੀ ਦੇ ਖੇਤੀ ਉਪਜਾਂ 'ਤੇ ਪ੍ਰਭਾਵ ਬਾਰੇ ਕੋਈ ਤੱਥ ਨਹੀਂ ਦਿੱਤੇ। ਪੰਜਾਬ ਜਲ ਸੈਨੀਟੇਸ਼ਨ ਵਿਭਾਗ ਸੂਬਾ ਵਾਸੀਆਂ ਨੂੰ ਸੰਖੀਆ ਮੁਕਤ ਪਾਣੀ ਸਪਲਾਈ ਯਕੀਨੀ ਬਣਾਉਣ ਲਈ ਆਧੁਨਿਕ ਤਕਨੀਕ ਵਰਤ ਰਿਹਾ ਹੈ। ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਪੱਟੀ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਸੂਬੇ ਭਰ ਵਿੱਚ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਹਾਲ ਹੀ ਵਿੱਚ ਭਰੇ ਗਏ ਨਮੂਨਿਆਂ ਵਿੱਚ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਭਾਰੀ ਮਾਤਰਾ ਵਿੱਚ ਇਹ ਰਸਾਇਣ ਮਿਲਿਆ ਹੈ। ਭਾਵੇਂ ਬਾਕੀ ਜ਼ਿਲ੍ਹਿਆਂ ਵਿੱਚ ਸਥਿਤੀ ਮਾੜੀ ਹੈ ਪਰ ਉਪਰੋਕਤ ਜ਼ਿਲ੍ਹਿਆਂ ਵਿੱਚ ਸਥਿਤੀ ਚਿੰਤਾਜਨਕ ਹੈ। ਪੰਜਾਬ ਬਾਰੇ ਖੇਤੀ ਵਿਭਾਗ ਕੋਲ ਹਾਲ ਹੀ ਵਿੱਚ ਦਿੱਤੀ ਗਈ ਰਿਪੋਰਟ ਮੁਤਾਬਕ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਦੀ ਬੇਹਿਸਾਬੀ ਵਰਤੋਂ ਖੇਤੀ ਉਤਪਾਦਾਂ ਵਿੱਚ ਸੰਖੀਆ ਰਲ਼ਣ ਲਈ ਵੱਡਾ ਕਾਰਨ ਮੰਨੀ ਜਾ ਰਹੀ ਹੈ ਜੋ ਮਨੁੱਖਾਂ , ਜੀਵ ਜੰਤੂਆਂ ਅਤੇ ਸਮੁੱਚੇ ਵਾਤਾਵਰਣ ਲਈ ਬਹੁਤ ਘਾਤਕ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਵੇਂ ਸੰਖੀਆ ਵਰਗੇ ਤੱਤਾਂ ਦੀ ਭਾਰੀ ਮਾਤਰਾ ਦਾ ਆਪਸ ਵਿੱਚ ਕੈਂਸਰ ਨਾਲ ਸਿੱਧਾ ਸਬੰਧ ਨਹੀਂ ਹੈ, ਪਰ ਭੋਜਣ ਲੜੀ ਰਾਹੀਂ ਮਨੁੱਖ ਅਤੇ ਜੀਵ ਜੰਤੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਦਾ ਇਹ ਵੱਡਾ ਕਾਰਨ ਹੈ। ਪੰਜਾਬ ਵਿੱਚ ਗੋਭੀ, ਭਿੰਡੀ ਅਤੇ ਜੀਰੀ ਵਿੱਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤ ਮਿਲੇ ਹਨ। ਖੇਤੀਬਾੜੀ (ਹਾਈਡਰੋਲਜੀ) ਦੇ ਜਾਇੰਟ ਡਾਇਰੈਕਟਰ ਰਾਜੇਸ਼ ਵਸ਼ਿਸ਼ਟ ਨੇ ਕਿਹਾ ਕਿ ਦੇਸ਼ ਵਿੱਚ ਰੋਜ਼ਾਨਾ 1500 ਵਿਅਕਤੀਆਂ ਦੀ ਕੈਂਸਰ ਨਾਲ ਮੌਤ ਦੇ ਬਾਵਜੂਦ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਮਿਲੀ ਸੰਖੀਆ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਖੇਤੀਬਾੜੀ ਵਿਭਾਗ ਅਜਿਹੇ ਹਾਲਾਤ ਨਾਲ ਨਿਜੱਠਣ ਲਈ ਪ੍ਰਣਾਲੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਧਰਤੀ ਹੇਠ ਸੰਖੀਆ ਦਾ ਹੋਣਾ ਪੱਕਾ ਹੈ। ਇਸ ਦੇ ਖੇਤੀਬਾੜੀ ਉਤਪਾਦਨ 'ਤੇ ਅਸਰ ਬਾਰੇ ਹਾਲੇ ਸਪਸ਼ਟ ਨਹੀਂ ਹੈ। ਇਸ ਲਈ ਵਿਆਪਕ ਅਧਿਐਨ ਅਤੇ ਇਸ ਨਾਲ ਸਿੱਝਣ ਲਈ ਤਕਨੀਕ ਦੀ ਵਰਤੋਂ ਕਰਨੀ ਪਵੇਗੀ। ਖੇਤੀਬਾੜੀ ਖੋਜ ਬਾਰੇ ਭਾਰਤੀ ਕੌਂਸਲ ਨੇ ਸਾਲ 2015 ਵਿੱਚ ਰਿਪੋਰਟ ਤਿਆਰ ਕੀਤੀ ਸੀ ਜਿਸ ਵਿੱਚ ਪੰਜਾਬ ਅਤੇ ਹਰਿਆਣਾ ਸਮੇਤ ਦੇਸ਼ ਦੇ 12 ਸੂਬਿਆਂ ਵਿਚਲੇ ਧਰਤੀ ਹੇਠਲੇ ਪਾਣੀ ਵਿੱਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤਾਂ ਦਾ ਖੁਲਾਸਾ ਹੋਇਆ ਸੀ। ਰਿਪੋਰਟ ਵਿੱਚ ਕਿਹਾ ਗਿਆ ਸੀ ਧਰਤੀ ਹੇਠਲੇ ਪਾਣੀ ਦਾ ਵੱਡੇ ਪੱਧਰ 'ਤੇ ਖੇਤੀਬਾੜੀ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਦੋਨਾਂ ਸੂਬਿਆਂ ਦੇ ਸੰਖੀਆ ਯੁਕਤ ਪਾਣੀ ਵਾਲੇ ਇਲਾਕਿਆਂ ਵਿੱਚ ਪੈਦਾ ਹੋਣ ਵਾਲੇ ਖੇਤੀ ਉਤਪਾਦਾਂ ਵਿੱਚ ਵੱਡੀ ਮਾਤਰਾ ਵਿੱਚ ਸੰਖੀਆ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਡਾਇਰੈਕਟਰ ਡਾ. ਵੀਨਕਸ਼ੀ ਸ਼ਰਮਾ ਨੇ ਕਿਹਾ ਕਿ ਹਾਲ ਹੀ ਵਿੱਚ ਭਰੇ ਗਏ ਨਮੂਨਿਆਂ ਵਿਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤਾਂ ਦੀ ਪੁਸ਼ਟੀ ਹੋਈ ਹੈ ਅਤੇ ਇਸ ਲਈ ਉਨ੍ਹਾਂ ਵੱਲੋਂ ਕਦਮ ਚੁੱਕੇ ਜਾ ਰਹੇ ਹਨ।

# ਸਿਆਸੀ ਚੱਕਰਵਿਊਹ 'ਚ ਘਿਰੀ ਕਰਜ਼ਾ ਮੁਆਫ਼ੀ ਯੋਜਨਾ

ਚੰਡੀਗੜ੍ਹ– ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 7 ਜਨਵਰੀ ਨੂੰ ਮਾਨਸਾ 'ਚ ਵੱਡਾ ਸਮਾਗਮ ਕਰ ਕੇ ਪੰਜ ਜ਼ਿਲ੍ਹਿਆਂ ਦੇ 47 ਹਜ਼ਾਰ ਪਰਿਵਾਰਾਂ ਦਾ 167 ਕਰੋੜ ਰੁਪਏ ਦਾ ਸਹਿਕਾਰੀ ਫਸਲੀ ਕਰਜ਼ਾ ਮੁਆਫ਼ ਕਰਨ ਨਾਲ ਸ਼ੁਰੂ ਕੀਤੀ ਫਸਲੀ ਕਰਜ਼ਾ ਮੁਆਫ਼ੀ ਯੋਜਨਾ ਸਿਆਸੀ ਚੱਕਰਵਿਊਹ 'ਚ ਘਿਰ ਗਈ ਹੈ। ਕਾਂਗਰਸੀ ਵਿਧਾਇਕਾਂ ਦੇ ਦਬਾਅ ਕਾਰਨ ਸਰਕਾਰ ਵੱਲੋਂ ਕਰਜ਼ਾ ਮੁਆਫ਼ੀ ਲਈ 17 ਅਕਤੂਬਰ, 2017 ਨੂੰ ਜਾਰੀ ਕੀਤਾ ਨੋਟੀਫਿਕੇਸ਼ਨ ਹਵਾ ਵਿੱਚ ਲਟਕ ਗਿਆ ਹੈ ਅਤੇ ਹੁਣ ਸੋਧਿਆ ਨੋਟੀਫਿਕੇਸ਼ਨ ਕਾਂਗਰਸੀ ਵਿਧਾਇਕਾਂ ਦੀ ਰਾਇ ਅਤੇ ਉਨ੍ਹਾਂ ਦੀ ਸੂਚੀਆਂ ਦੇਖਣ ਦੀ ਖਾਹਿਸ਼ ਪੂਰੀ ਕਰਨ ਬਾਅਦ ਜਾਰੀ ਹੋਣ ਦੇ ਆਸਾਰ ਹਨ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਸੋਮਵਾਰ ਨੂੰ ਹੋਈ ਉੱਚ ਪੱਧਰੀ ਮੀਟਿੰਗ 'ਚ ਕਰਜ਼ਾ ਮੁਆਫ਼ੀ ਯੋਜਨਾ 'ਤੇ ਫਿਲਹਾਲ ਕਾਰਵਾਈ ਟਾਲ ਦਿੱਤੀ ਗਈ ਹੈ। ਹਾਲਾਂਕਿ ਇਸ ਤੋਂ ਇੱਕ ਹਫ਼ਤਾ ਪਹਿਲਾਂ ਹੀ ਮੁੱਖ ਮੰਤਰੀ ਨੇ 1.60 ਲੱਖ ਖਾਤਿਆਂ ਦੇ 580 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਨਿਬੇੜਾ 31 ਜਨਵਰੀ ਤਕ ਕਰਨ ਦਾ ਹੁਕਮ ਦਿੱਤਾ ਸੀ। ਕਾਂਗਰਸੀ ਵਿਧਾਇਕ ਸੂਚੀਆਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਹਲਕਾਵਾਰ ਖੁਦ ਸੂਚੀਆਂ ਦੇਖਣਾ ਚਾਹੁੰਦੇ ਹਨ ਕਿਉਂਕਿ ਪ੍ਰਸ਼ਾਸਨਿਕ ਤਰੀਕੇ ਨਾਲ ਉਨ੍ਹਾਂ ਦੀ ਸਿਆਸੀ ਭੱਲ ਬਣਨ ਦਾ ਰਾਹ ਬਾਈਪਾਸ ਹੋ ਜਾਂਦਾ ਹੈ। ਜਿਹੜੇ ਹਲਕਿਆਂ ਵਿੱਚ ਕਾਂਗਰਸੀ ਵਿਧਾਇਕ ਨਹੀਂ ਹਨ, ਉੱਥੇ ਹਲਕਾ ਇੰਚਾਰਜਾਂ ਵਾਂਗ ਹਾਰੇ ਹੋਏ ਆਗੂ ਇਹ ਭੂਮਿਕਾ ਨਿਭਾਉਣਗੇ।

ਸੂਤਰਾਂ ਮੁਤਾਬਕ ਅਧਿਕਾਰੀਆਂ ਦੀ ਰਾਇ ਹੈ ਕਿ ਬੈਂਕਰਜ਼ ਕਮੇਟੀ ਵਿਧਾਇਕਾਂ ਨੂੰ ਕਰਜ਼ੇ ਦੀਆਂ ਸੂਚੀਆਂ ਨਹੀਂ ਦੇਵੇਗੀ ਬਲਕਿ ਉਹ ਸਰਕਾਰ ਨੂੰ ਹੀ ਦੇ ਸਕਦੀ ਹੈ। ਪਰ ਸਿਆਸੀ ਜ਼ਮਾਤ ਨੇ ਇਸ ਰਾਇ ਨੂੰ ਦਰਕਿਨਾਰ ਕਰ ਦਿੱਤਾ। ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਇਸ ਮੀਟਿੰਗ ਵਿੱਚ ਵਿਧਾਇਕਾਂ ਅਤੇ ਅਧਿਕਾਰੀਆਂ ਤੋਂ ਇਲਾਵਾ ਇੱਕੋ ਇੱਕ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਹਾਜ਼ਰ ਸਨ। ਵਿਧਾਇਕਾਂ ਦੇ ਇੱਕ ਗਰੁੱਪ ਨਾਲ ਮੁੱਖ ਮੰਤਰੀ ਨੇ ਮੰਗਲਵਾਰ ਨੂੰ ਮੀਟਿੰਗ ਕੀਤੀ ਅਤੇ ਬਾਕੀ ਵਿਧਾਇਕ ਬਾਜਵਾ ਕੋਲ ਆਪਣੇ ਸੁਝਾਅ ਦੇਣਗੇ।

ਸਰਕਾਰੀ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਮਦਨ ਕਰ ਭਰਨ ਵਾਲਿਆਂ ਨੂੰ ਕਰਜ਼ਾ ਮੁਆਫ਼ੀ ਵਿੱਚੋਂ ਬਾਹਰ ਰੱਖਣ ਬਾਰੇ ਤਾਂ ਲਗਪਗ ਆਮ ਸਹਿਮਤੀ ਦਿਖਾਈ ਦਿੰਦੀ ਹੈ ਪਰ ਹੁਣ ਨਵੇਂ ਸਿਰਿਓਂ ਸਵੈ-ਘੋਸ਼ਣਾ ਪੱਤਰ ਮੰਗਣ ਦੀ ਪ੍ਰਕਿਰਿਆ ਦਾ ਅਰਥ ਹੈ ਕਿ ਬਜਟ ਸੈਸ਼ਨ ਤਕ ਕੋਈ ਨਵਾਂ ਕਰਜ਼ਾ ਮੁਆਫ਼ ਹੋਣ ਦੀ ਸੰਭਾਵਨਾ ਨਹੀਂ ਹੈ।

ਸਰਕਾਰ ਨੇ 59620.9 ਕਰੋੜ ਰੁਪਏ ਦੇ ਫਸਲੀ ਕਰਜ਼ੇ ਵਿੱਚੋਂ ਅਜੇ 167 ਕਰੋੜ ਮੁਆਫ਼ ਕੀਤੇ ਹਨ। ਵਿਧਾਨ ਸਭਾ ਵਿੱਚ ਕੀਤੇ ਐਲਾਨ ਮੁਤਾਬਕ 10.22 ਲੱਖ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਤਕਰੀਬਨ 9500 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨਾ ਸੀ। ਇਸ ਬਾਰੇ ਵੇਰਵਾ ਸਟੇਟ ਲੈਵਲ ਬੈਂਕਰਜ਼ ਕਮੇਟੀ ਤੋਂ ਲਿਆ ਜਾ ਚੁੱਕਾ ਹੈ, ਇਸ ਦਾ ਮਿਲਾਣ ਦਾ ਕੰਮ ਹੋ ਰਿਹਾ ਸੀ ਪਰ ਇਸੇ ਦੌਰਾਨ ਸਿਆਸੀ ਖਾਹਿਸ਼ ਨੇ ਜ਼ੋਰ ਫੜ ਲਿਆ। ਸੂਤਰਾਂ ਅਨੁਸਾਰ ਕਈ ਵਿਧਾਇਕਾਂ ਨੇ ਇੱਥੋਂ ਤਕ ਕਿਹਾ ਕਿ ਸੂਚੀਆਂ 'ਚ ਬਹੁਤ ਥਾਵਾਂ 'ਤੇ ਅਕਾਲੀ ਦਲ ਅਤੇ ਹੋਰ ਧਿਰਾਂ ਨਾਲ ਸਬੰਧਤ ਕਿਸਾਨਾਂ ਦਾ ਨਾਂ ਆ ਗਿਆ ਹੈ ਜਦੋਂਕਿ ਕਾਂਗਰਸੀ ਰਹਿ ਗਏ ਹਨ।

ਇਹ ਸੁਆਲ ਵੀ ਚਰਚਾ ਵਿੱਚ ਆਇਆ ਕਿ ਮਾਨਸਾ ਵਾਲੇ ਇਕੱਠ 'ਚ ਜ਼ਿਆਦਾਤਰ ਸਹਿਕਾਰੀ ਸੁਸਾਇਟੀਆਂ ਦੇ ਮੈਂਬਰ ਲਿਆਂਦੇ ਗਏ ਸਨ, ਇਨ੍ਹਾਂ ਸੁਸਾਇਟੀਆਂ 'ਤੇ ਅਜੇ ਅਕਾਲੀਆਂ ਦਾ ਕਬਜ਼ਾ ਹੈ। ਇਸ ਕਾਰਨ ਸਟੇਜ ਤੋਂ ਕੀਤੇ ਐਲਾਨ ਦਾ ਲੋੜ ਅਨੁਸਾਰ ਹੁੰਗਾਰਾ ਨਹੀਂ ਮਿਲਿਆ। ਇੱਕ ਸੀਨੀਅਰ ਮੰਤਰੀ ਨੇ ਕਿਹਾ ਕਿ ਸਵੈ ਘੋਸ਼ਣਾ ਪੱਤਰ ਦਿੰਦਿਆਂ ਘੱਟੋ ਘੱਟ ਵੱਧ ਜ਼ਮੀਨ ਵਾਲੇ ਜ਼ਰੂਰ ਡਰਨਗੇ। ਇਸ ਤੋਂ ਪਹਿਲਾਂ ਸਹਿਕਾਰੀ ਸਭਾਵਾਂ ਦੇ ਸਕੱਤਰਾਂ ਦੀਆਂ ਸੂਚੀਆਂ ਅਤੇ ਬਾਅਦ ਵਿੱਚ ਪਟਵਾਰੀਆਂ ਵੱਲੋਂ ਤਸਦੀਕ ਕਰਨ ਪਿੱਛੋਂ ਗੜਬੜ ਰਹਿ ਗਈ, ਹੁਣ ਸਿਆਸੀ ਆਗੂ ਨਜ਼ਰਸ਼ਾਨੀ ਕਰਕੇ ਠੀਕ ਕਰਨਗੇ।

ਖ਼ੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ ਦੇ ਐਲਾਨ ਨੂੰ ਵਿਧਾਨ ਸਭਾ ਦੀ ਕਮੇਟੀ ਦੀ ਰਿਪੋਰਟ ਤਕ ਟਾਲ ਦਿੱਤਾ ਗਿਆ। ਕਮੇਟੀ ਵੱਲੋਂ ਅਗਲੇ ਬਜਟ ਸੈਸ਼ਨ ਭਾਵ ਮਾਰਚ ਤਕ ਰਿਪੋਰਟ ਦੇਣ ਦੀ ਸੰਭਾਵਨਾ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਦਯੋਗਪਤੀਆਂ ਨੂੰ ਪੰਜ ਰੁਪਏ ਯੂਨਿਟ ਬਿਜਲੀ ਦੇਣ ਦੇ ਐਲਾਨ ਬਾਅਦ ਮੁੱਖ ਮੰਤਰੀ ਨੇ ਤੁਰੰਤ ਚਾਰ ਮਹੀਨਿਆਂ ਦੇ 750 ਕਰੋੜ ਰੁਪਏ ਜਾਰੀ ਕਰਨ ਦੇ ਹੁਕਮ ਦੇ ਦਿੱਤੇ। ਇਸ ਲਈ ਕਿਸੇ ਸਮਾਗਮ ਦੀ ਜਾਂ ਜਾਂਚ ਦੀ ਲੋੜ ਨਹੀਂ ਸਮਝੀ ਗਈ। ਕਿਸਾਨਾਂ ਦੇ ਕਰਜ਼ੇ ਮੁਆਫ਼ੀ ਦੇ ਸਰਟੀਫਿਕੇਟ ਹਰ ਕਿਸਾਨ ਨੂੰ ਫੜਾ ਕੇ ਸਬੰਧਤ ਵਿਧਾਇਕ ਅਤੇ ਮੰਤਰੀ ਬਾਦਸ਼ਾਹਾਂ ਵਾਲੀ ਮਾਨਸਿਕਤਾ ਦਿਖਾਉਂਦਿਆਂ ਗਰੀਬ ਕਿਸਾਨਾਂ 'ਤੇ ਅਹਿਸਾਨ ਕਰਨਾ ਚਾਹੁੰਦੇ ਹਨ।

# ਅਕਾਲੀ ਦਲ ਅਤੇ ਬੀ ਐਮ ਪੀ ਨੇ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

## ਕਿਸਾਨੀ ਅਤੇ ਮਜਦੂਰਾਂ ਦੇ ਕਰਜਿਆਂ ਅਤੇ ਭੀਮਾ ਕੋਰੇਗਾਂਵ ਦੀ ਘਟਨਾ ਦੇ ਸਬੰਧ 'ਚ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਬਹੁਜਨ ਮੁਕਤੀ ਪਾਰਟੀ ਵੱਲੋਂ ਅੱਜ ਡੀ ਸੀ ਦਫਤਰ ਤੱਕ ਰੋਸ਼ ਮਾਰਚ ਕਰਦਿਆਂ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਨਾਅਰੇਬਾਜੀ ਕੀਤੀ ਗਈ। ਰੋਸ ਮਾਰਚ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਜਿਲ੍ਹਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਅਤੇ ਬੀ ਐਮ ਪੀ ਦੇ ਸੂਬਾ ਮੀਤ ਪ੍ਰਧਾਨ ਗੁਰਮੇਲ ਸਿੰਘ ਸੰਧੂ ਨੇ ਹੋਰਨਾਂ ਆਗੂਆਂ ਦੀ ਹਾਜਰੀ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਪ੍ਰਦੀਪ ਅਗਰਵਾਲ ਨੂੰ ਰਾਸ਼ਟਰਪਤੀ ਦੇ ਨਾਮ ਤੇ ਮੰਗ ਪੱਤਰ ਦਿੱਤਾ। ਇਸ ਮੌਕੇ ਗੱਲ ਕਰਦਿਆਂ ਸ: ਚੀਮਾ ਅਤੇ ਸੰਧੂ ਨੇ ਦੱਸਿਆ ਕਿ ਅੱਜ ਸਾਡੇ ਸਾਂਝੇ ਗਠਜੋੜ ਵੱਲੋਂ ਕਿਸਾਨੀ ਅਤੇ ਮਜਦੂਰਾਂ ਦੇ ਕਰਜਿਆਂ, ਇਨ੍ਹਾਂ ਦੁਆਰਾ ਖੁਦਕੁਸ਼ੀਆਂ ਕਰਨਾ ਅਤੇ ਮਹਾਂਰਾਸ਼ਟਰ ਦੇ ਭੀਮਾ ਕੋਰੇਗਾਂਵ 'ਚ ਮੂਲਨਿਵਾਸੀ ਬਹੁਜਨਾਂ 'ਤੇ ਹਿੰਦੂ ਸੰਗਠਨਾਂ ਦੁਆਰਾ ਕਾਤਲਾਨਾ ਹਮਲਾ ਕਰਕੇ ਤੋੜ ਫੋੜ ਤੇ ਸਾੜਫੂਕ ਕਰਨ ਦੀ ਮੰਦਭਾਗੀ ਘਟਨਾ ਦੇ ਸਬੰਧ ਵਿੱਚ ਮੰਗ ਪੱਤਰ ਦਿੱਤਾ ਗਿਆ ਹੈ। ਇਸ ਮੰਗ ਪੱਤਰ ਰਾਹੀਂ ਸੀ ਮੰਗ ਕੀਤੀ ਹੈ ਕਿ ਜਿਸ ਪ੍ਰਕਾਰ ਵੱਡੇ ਉਦਯੋਗਿਕ ਘਰਾਣਿਆਂ ਦੇ 40 ਹਜਾਰ ਕਰੋੜ ਦੇ ਕਰਜਿਆਂ ਦੇ ਲੀਕ ਮਾਰੀ ਗਈ ਹੈ ਉਸੇ ਪ੍ਰਕਾਰ ਕਿਸਾਨਾਂ ਅਤੇ ਮਜਦੂਰਾਂ ਦੇ ਹਰ ਪ੍ਰਕਾਰ ਦੇ ਕਰਜ ਮੁਆਫ ਕੀਤੇ ਜਾਣ ਅਤੇ ਜਿਨ੍ਹਾਂ ਨੇ ਇਸ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ ਉਨ੍ਹਾਂ ਦੇ ਪੀੜਤ ਪਰਿਵਾਰਾਂ ਨੂੰ ਸਰਕਾਰ ਆਰਥਿਕ ਮੱਦਦ ਦੇਵੇ। ਦੋਵੇਂ ਸਰਕਾਰਾਂ ਖੁਦਕਸ਼ੀਆਂ ਦੇ ਦਿਨ ਪ੍ਰਤੀ ਦਿਨ ਵਧ ਰਹੇ ਰੁਝਾਨ




ਨੂੰ ਰੋਕਣ ਲਈ ਫੋਰਨ ਹਰ ਪ੍ਰਕਾਰ ਦੇ ਕਦਮ ਚੁੱਕੇ। ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਰੁਜਗਾਰ ਦੇ ਮੌਕੇ ਪੈਦਾ ਕਰੇ ਅਤੇ ਗਵਾਂਢੀ ਸੂਬਿਆਂ ਨਾਲ ਵਪਾਰਕ ਰਸਤੇ ਖੋਲੇ। ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਫਸਲਾਂ ਦਾ ਲਾਗਤ ਮੁੱਲ ਤੈਅ ਕਰਕੇ ਇਸਨੂੰ ਮੁਨਾਫੇ ਦਾ ਧੰਦਾ ਬਣਾਉਣ ਅਤੇ ਕਿਸਾਨੀ ਲਈ ਵਰਤੀਆਂ ਜਾਂਦੀਆਂ ਖਾਦਾਂ, ਕੀਟਨਾਸ਼ਕਾਂ ਅਤੇ ਖੇਤੀ ਬਾੜੀ ਦੇ ਸੰਦਾਂ ਤੇ ਸਬਸਿਡੀਆਂ ਦੇਣ ਦੀ ਮੰਗ ਤੋਂ ਇਲਾਵਾ ਤੰਦਰੁਸਤ ਮੰਡੀਕਰਨ ਦੀ ਮੰਗ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਡੇ ਵੱਲੋਂ ਮਹਾਂਰਾਸ਼ਟਰ ਦੇ ਭੀਮਾ ਕੋਰੇਗਾਂਵ 'ਚ 200 ਸਾਲਾ ਜਿੱਤ ਦਾ ਜਸ਼ਨ ਮਨਾ ਰਹੇ ਮੂਲਨਿਵਾਸੀ ਬਹੁਜਨਾਂ ਤੇ ਹਿੰਦੂ ਸੰਗਠਨਾਂ ਵੱਲੋਂ ਕੀਤੇ ਹਮਲੇ ਦੀ ਨਿੰਦਾ ਕੀਤੀ ਗਈ ਹੈ। ਸਾਡੇ ਵੱਲੋਂ ਇਸ ਘਟਨਾਂ ਦੇ ਦੋਸ਼ੀ ਹੁਕਮਰਾਨ ਪਾਰਟੀ ਦੇ ਆਗੂਆਂ, ਬਜਰੰਗ ਦਲ, ਸ਼ਿਵ ਸੈਨਾ ਅਤੇ ਅਜਿਹੇ ਹੋਰਨਾਂ ਹਿੰਦੂ ਸਗੰਠਨਾਂ ਦੇ ਆਗੂਆਂ ਤੇ ਤੁਰੰਤ ਪਰਚੇ ਦਰਜ ਕਰਕੇ ਗ੍ਰਿਫਤਾਰੀਆਂ ਦੀ ਮੰਗ ਕੀਤੀ ਗਈ ਹੈ। ਸ: ਚੀਮਾ ਅਤੇ ਸੰਧੂ ਨੇ ਕਿਹਾ ਕਿ ਹੁਣ ਮੂਲਨਿਵਾਸੀ ਬਹੁਜਨ ਸਮਾਜ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਲੋਕ ਜਾਗ ਚੁੱਕੇ ਹਨ ਜੋ ਆਰ ਐਸ ਐਸ ਅਤੇ ਅਜਿਹੀ ਹੀ ਸੋਚ ਰੱਖਣ ਵਾਲੇ ਹਿੰਦੂ ਸਗੰਠਨਾਂ ਦੇ ਅਜਿਹੇ ਹਮਲਿਆਂ ਨੂੰ ਹੋਰ ਬਰਦਾਸਤ ਨਹੀ ਕਰਨਗੇ ਅਤੇ ਭਵਿੱਖ 'ਚ ਇਸਦਾ ਮੂੰਹ ਤੋੜ ਜਵਾਬ ਦੇਣਗੇ। ਇਸ ਮੌਕੇ ਸਿਕੰਦਰ ਸਿੰਘ ਸਿੱਧੂ, ਜੋਗਿੰਦਰ ਰਾਏ, ਮਨਜੀਤ ਸਿੰਘ ਸਿਆਲਕੋਟੀ, ਹਰਪ੍ਰੀਤ ਸਿੰਘ ਮਿਆਣੀ, ਜੱਥੇਦਾਰ ਹਰਜਿੰਦਰ ਸਿੰਘ, ਹਰਬੰਸ ਸਿੰਘ ਗਿੱਲ, ਪੀ ਐਸ ਸੋਹਲ, ਕੁਲਵੰਤ ਸਿੰਘ ਸਲੇਮਟਾਬਰੀ, ਜੰਤਿਦਰ ਸਿੰਘ ਮਹਿਲ ਕਲ੍ਹਾਂ, ਮਨਜੀਤ ਸਿੰਘ, ਰਣਜੀਤ ਸਿੰਘ, ਜੈ ਸਿੰਘ, ਹਰੀਸ਼ ਕੁਮਾਰ, ਨਰਾਇਣ ਦਾਸ, ਚਰਨਜੀਤ ਸਿੰਘ ਲੁਹਾਰਾ, ਬਲਦੇਵ ਸਿੰਘ ਸੇਠੀ, ਗੁਰਸੇਵਕ ਸਿੰਘ ਆਨੰਦਪੁਰੀ, ਸਵਰਨ ਸਿੰਘ, ਦਰਬਾਰਾ ਸਿੰਘ ਲੰਬੜਦਾਰ, ਹਰਪ੍ਰੀਤ ਸਿੰਘ ਕਟਾਣੀ, ਗੁਰਵਿੰਦਰ ਸਿੰਘ, ਰਣਜੀਤ ਸਿੰਘ ਪ੍ਰਤਾਪਗੜ੍ਹ, ਇਕਬਾਲ ਸਿੰਘ ਸਾਹਨੇਵਾਲ, ਅਮਰਜੀਤ ਸਿੰਘ ਸਾਹਨੇਵਾਲ, ਸੋਨੂੰ ਸਾਹਨੇਵਾਲ, ਭਰਭੂਰ ਸਿੰਘ ਰਾਈਆਂ, ਨਵਪ੍ਰੀਤ ਸਿੰਘ, ਬਲਦੇਵ ਸਿੰਘ ਕਟਾਣੀ, ਸਿਮਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਜਸਵਿੰਦਰ ਸਿੰਘ ਭੱਲਾ, ਸੁਖਦੇਵ ਸਿੰਘ ਭਮਾਂ ਕਲ੍ਹਾ, ਵਰਿੰਦਰ ਸਿੰਘ ਸੋਨੀ, ਲਵਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਗੋਲਡੀ ਕਟਾਣੀ ਖੁਰਦ, ਕੁਲਦੀਪ ਸਿੰਘ ਰਾਈਆਂ, ਸਾਬਕਾ ਪੰਚ ਸਤਿੰਦਰ ਸਿੰਘ, ਰਣਜੀਤ ਸਿੰਘ ਰਾਈਆਂ, ਬਲਵਿੰਦਰ ਸਿੰਘ ਰਾਈਆਂ ਅਤੇ ਹੋਰ ਹਾਜਰ ਸਨ।

### ਬਸਪਾ ਮੁੱਖੀ ਦੇ ਜਨਮ ਦਿਨ ਮਨਾਉਣ ਸਬੰਧੀ ਮੀਟਿੰਗ

## ਬਸਪਾ ਉਤਾਰੇਗੀ 95 ਵਾਰਡਾਂ ਚ ਆਪਣੇ ਉਮੀਦਵਾਰ -ਜੀਤ ਰਾਮ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਭੋਰਾ ਕਾਲੋਨੀ ਦੇ ਵਾਰਡ ਨੰਬਰ 1 ਵਿਖੇ ਬਹੁਜਨ ਸਮਾਜ ਪਾਰਟੀ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਜ਼ਿਲ੍ਹੇ ਦੇ ਪ੍ਰਧਾਨ ਜੀਤ ਰਾਮ ਬਸਰਾ ਅਤੇ ਜਸਪਾਲ ਭੋਰਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਆਉਣ ਵਾਲੀ ਪੰਦਰਾਂ ਜਨਵਰੀ ਨੂੰ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜੀਤ ਰਾਮ ਬਸਰਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਆਉਣ ਵਾਲੀਆਂ ਨਗਰ ਨਿਗਮ ਦੀਆਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ 95 ਦੇ 95 ਵਾਰਡਾਂ ਤੇ ਚੋਣ ਲੜੇਗੀ ਤੇ ਜੇਤੂ ਹੋਵੇਗੀ।



ਉਨ੍ਹਾਂ ਕਿਹਾ ਕਿ ਇਹ ਵਾਰ ਬੀ ਸੀ ਸਮਾਜ ਨੂੰ ਵੱਧ ਤੋਂ ਵੱਧ ਟਿਕਟਾਂ ਦਿੱਤੀਆਂ ਜਾਣਗੀਆਂ ਤਾਂ ਕਿ ਇਸ ਸਮਾਜ ਨੂੰ ਬਣਦਾ ਹੱਕ ਮਿਲ ਸਕੇ। ਜੀਤ ਰਾਮ ਬਸਰਾ ਨੇ ਕਿਹਾ ਕਿ ਜੋ ਵਿਅਕਤੀ ਨਗਰ ਨਿਗਮ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਚੋਣ ਲੜਨ ਦਾ ਇੱਛੁਕ ਹੋਵੇ ਉਹ ਵਿਅਕਤੀ ਮੇਰੇ ਨਾਲ ਸੰਪਰਕ ਕਰ ਸਕਦਾ ਹੈ ਅਤੇ ਸਾਡੇ ਦਫ਼ਤਰ ਵਿੱਚ ਅਰਜ਼ੀਆਂ ਦੇ ਸਕਦਾ ਹੈ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਪ੍ਰਗਟ ਬਿਲਗਾ ਜਰਨਲ ਸਕੱਤਰ, ਰਵੀ ਕਾਂਤ ਜੱਖੂ ਸਕੱਤਰ, ਹੰਸ ਰਾਜ ਬੰਗੜ ਪ੍ਰਧਾਨ ਉੱਤਰੀ, ਠੇਕੇਦਾਰ ਸੁਰਜਨ ਕੁਮਾਰ, ਬਸ਼ੰਬਰ ਦਾਸ ਸੀਨੀਅਰ ਆਗੂ, ਲਖਵੀਰ ਚੰਦ, ਗੁਰਬਿੰਦਰ ਸੋਨੂੰ ਅਤੇ ਸੋਢੀ ਮਹਿਤਾ ਆਦਿ ਹਾਜ਼ਰ ਸਨ।

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਾਥੀ ਕਰਮ ਸਿੰਘ ਕਿਰਤੀ ਨੂੰ ਸ਼ਰਧਾਂਜ਼ਲੀ

**ਜਲੰਧਰ–** ਸਾਰੀ ਉਮਰ ਕਿਰਤੀ ਲਹਿਰ ਦੇ ਨਾਲ ਜੁੜੇ ਮਿਹਨਤਕਸ਼ਾਂ ਦੀ ਸੇਵਾ ਵਿੱਚ ਲੱਗੇ ਰਹੇ ਸਾਥੀ ਕਰਮ ਸਿੰਘ ਕਿਰਤੀ ਬੀਤੀ ਦਿਨੀ ਇੰਗਲੈਂਡ ਵਿਖੇ ਸਦੀਵੀ ਵਿਛੋੜਾ ਦੇ ਗਏ। ਉਹ 98 ਵਰਿਆਂ ਦੇ ਸਨ। ਸਾਥੀ ਕਿਰਤੀ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਗ੍ਰੇਟ ਬ੍ਰਿਟੇਨ ਵਿੱਚ ਸਰਗਰਮ ਰਹੇ ਅਤੇ ਉਹ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਦੇ ਵੀ ਟਰੱਸਟੀ ਸਨ।

ਅੱਜ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਦੀ ਪ੍ਰਧਾਨਗੀ ਵਿੱਚ ਹੋਈ ਸ਼ੋਕ ਸਭਾ ਵਿੱਚ ਸਾਥੀ ਕਰਮ ਸਿੰਘ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾਂ ਨੂੰ ਇਨਕਲਾਬੀ ਸ਼ਰਧਾਂਜ਼ਲੀ ਭੇਂਟ ਕੀਤੀ ਗਈ ਅਤੇ ਸਾਥੀ ਕਿਰਤੀ ਦੇ ਪਰਿਵਾਰ ਅਤੇ ਉਗਨਾਂ ਦੇ ਸਨੇਹੀ ਸਾਥੀਆਂ ਨਾਲ ਇਸ ਦੁੱਖ ਦੀ ਘੜੀ ਨਾਲ ਸ਼ਾਮਿਲ ਹੋਣ ਦਾ ਇਜ਼ਹਾਰ ਕੀਤਾ।

ਸਾਥੀ ਕਿਰਤੀ ਦੇਸ਼ ਭਗਤ ਯਾਦਗਾਰ ਹਾਲ ਦੇ ਉਸਾਰੀ ਵੇਲੇ ਤੋਂ ਹੀ ਇਸ ਨਾਲ ਜੁੜੇ ਹੋਏ ਸਨ।ਇਸ ਉਸਾਰੀ ਦੀ ਉਗਰਾਹੀ ਤੋਂ ਲੈ ਕੇ ਗ਼ਦਰੀ ਬਾਬਿਆਂ ਦੇ ਮੇਲੇ ਤੱਕ ਉਹ ਹਰ ਤਰਾਂ ਨਾਲ ਆਪਣਾ ਯੋਗਦਾਨ ਪਾਉਂਦੇ ਰਹੇ।

ਸ਼ੋਕ ਸਭਾ ਵਿੱਚ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਚਰੰਜੀ ਲਾਲ ਤੇ ਦੇਸ਼ ਭਗਤ ਪਰਿਵਾਰ ਦੇ ਹੋਰ ਮੈਂਬਰ ਹਾਜ਼ਰ ਸਨ।

## ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਦੇ ਹੱਥ ਮਿਲੇ, ਦਿਲ ਨਹੀ

ਨਵੀਂ ਦਿੱਲੀ– ਭਾਰਤ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਮੱਤਭੇਦ ਦੂਰ ਕਰਨ ਲਈ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ, ਜਿਨ੍ਹਾਂ ਨੇ ਚੀਫ ਜਸਟਿਸ ਖ਼ਿਲਾਫ਼ ਗੰਭੀਰ ਮਸਲਿਆਂ ਨਾਲ ਸਬੰਧਤ ਜਨਹਿੱਤ ਪਟੀਸ਼ਨਾਂ ਦੀ ਵੰਡ ਦੇ ਮੁੱਦੇ ਸਮੇਤ ਹੋਰ ਦੋਸ਼ ਲਾਏ ਸਨ, ਨਾਲ ਮੁਲਾਕਾਤ ਕੀਤੀ। ਸੂਤਰਾਂ ਮੁਤਾਬਕ ਚੀਫ ਜਸਟਿਸ ਨੇ ਅੱਜ ਕੰਮ-ਕਾਜ ਸ਼ੁਰੂ ਕਰਨ ਤੋਂ ਪਹਿਲਾਂ ਚਾਰ ਜੱਜਾਂ ਜੇ ਚੇਲਾਮੇਸ਼ਵਰ, ਰੰਜਨ ਗੋਗੋਈ, ਐਮ ਬੀ ਲੋਕੁਰ ਅਤੇ ਕੁਰੀਅਨ ਜੋਜ਼ੇਫ ਨਾਲ ਤਕਰੀਬਨ 15 ਮਿੰਟ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਕੁੱਝ ਹੋਰ ਜੱਜ ਵੀ ਮੌਜੂਦ ਸਨ। ਇਸ ਮੀਟਿੰਗ ਦੌਰਾਨ ਮੱਤਭੇਦ ਹੱਲ ਹੋਣ ਜਾਂ ਚਾਰ ਜੱਜਾਂ ਵੱਲੋਂ ਉਠਾਏ ਕਿਸੇ ਮਸਲੇ ਦਾ ਕੋਈ ਹੱਲ ਨਿਕਲਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਜਸਟਿਸ ਮਿਸ਼ਰਾ ਵੱਲੋਂ ਇਨ੍ਹਾਂ ਚਾਰ ਜੱਜਾਂ ਨਾਲ ਵੀ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ।

ਚੀਫ ਜਸਟਿਸ ਖ਼ਿਲਾਫ਼ ਜਨਤਕ ਤੌਰ 'ਤੇ ਦੋਸ਼ ਲਾਏ ਜਾਣ ਬਾਅਦ ਸਿਖ਼ਰਲੀ ਅਦਾਲਤ 'ਚ ਪੈਦਾ ਹੋਇਆ ਸੰਕਟ ਕੱਲ੍ਹ ਸ਼ਾਂਤ ਹੋ ਗਿਆ ਜਾਪਦਾ ਸੀ ਪਰ ਬਗ਼ਾਵਤ ਵਾਲੀ ਚਿਣਗ ਅਜੇ ਵੀ ਪੂਰੀ ਤਰ੍ਹਾਂ ਬੁਝੀ ਨਹੀਂ ਲੱਗਦੀ। ਅੱਜ ਤੜਕੇ ਅਟਾਰਨੀ ਜਨਰਲ ਕੇ ਕੇ ਵੇਣੂ-ਗੋਪਾਲ ਨੇ ਇਸ ਖ਼ਬਰ ਏਜੰਸੀ ਨੂੰ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ (ਸੰਕਟ) ਅਜੇ ਹੱਲ ਨਹੀਂ ਹੋਇਆ। ਉਮੀਦ ਹੈ ਕਿ 2-3 ਦਿਨਾਂ ਅੰਦਰ ਇਹ ਮਸਲਾ ਪੂਰੀ ਤਰ੍ਹਾਂ ਹੱਲ



ਹੋ ਜਾਵੇਗਾ।' ਹਾਲਾਂਕਿ ਕੱਲ੍ਹ ਅਟਾਰਨੀ ਜਨਰਲ ਅਤੇ ਬਾਰ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਮਨਨ ਕੁਮਾਰ ਮਿਸ਼ਰਾ ਨੇ ਕਿਹਾ ਸੀ ਕਿ ਸੰਕਟ ਖ਼ਤਮ ਹੋ ਗਿਆ ਹੈ ਅਤੇ ਹੁਣ ਕੋਈ ਵਿਵਾਦ ਨਹੀਂ ਹੈ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐਸਸੀਬੀਏ) ਦੇ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਇਸ ਹਫ਼ਤੇ ਦੀ ਸਮਾਪਤੀ ਤਕ ਇਸ ਸੰਕਟ ਦੇ ਹੱਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਜਦੋਂ ਉਨ੍ਹਾਂ ਨੇ ਐਸਸੀਬੀਏ ਦਾ ਮਤਾ ਚੀਫ ਜਸਟਿਸ ਨੂੰ ਸੌਂਪਿਆ ਸੀ ਤਾਂ ਉਨ੍ਹਾਂ ਨੂੰ ਲੱਗਿਆ ਸੀ ਕਿ ਇਹ ਸੰਕਟ ਹੱਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਚੀਫ ਜਸਟਿਸ ਨੂੰ ਉਮੀਦ ਹੈ ਕਿ ਇਕ ਹਫ਼ਤੇ ਅੰਦਰ ਹਾਲਾਤ ਆਮ ਵਾਂਗ ਹੋ ਜਾਣਗੇ। ਦੱਸਣਯੋਗ ਹੈ ਕਿ ਸ਼ਨਿਚਰਵਾਰ ਨੂੰ ਹੰਗਾਮੀ ਮੀਟਿੰਗ 'ਚ ਐਸਸੀਬੀਏ ਨੇ ਮਤਾ ਪਾਸ ਕੀਤਾ ਸੀ ਕਿ ਚੀਫ ਜਸਟਿਸ ਨੂੰ ਸੁਪਰੀਮ ਕੋਰਟ ਜੱਜਾਂ ਦੀ ਫੁੱਲ ਕੋਰਟ ਮੀਟਿੰਗ ਸੱਦਣੀ ਚਾਹੀਦੀ ਹੈ ਅਤੇ ਪੰਜ ਸਭ ਤੋਂ ਸੀਨੀਅਰ ਜੱਜਾਂ, ਜੋ ਕੌਲਿਜੀਅਮ ਦੇ ਮੈਂਬਰ ਹਨ, ਕੋਲ ਸੁਣਵਾਈ ਲਈ ਪਈਆਂ ਸਾਰੀਆਂ ਜਨਹਿੱਤ ਪਟੀਸ਼ਨਾਂ ਨੂੰ ਟਰਾਂਸਫਰ ਕਰ ਦੇਣਾ ਚਾਹੀਦਾ ਹੈ। ਐਤਵਾਰ ਨੂੰ ਚੀਫ ਜਸਟਿਸ ਮਿਸ਼ਰਾ ਨੇ ਬਾਰ ਕੌਂਸਲ ਆਫ ਇੰਡੀਆ (ਬੀਸੀਆਈ) ਦੇ ਸੱਤ ਮੈਂਬਰੀ ਵਫ਼ਦ ਅਤੇ ਐਸਸੀਬੀਏ ਪ੍ਰਧਾਨ ਵਿਕਾਸ ਸਿੰਘ ਨਾਲ ਮੁਲਾਕਾਤ ਕੀਤੀ ਸੀ। ਚੀਫ ਜਸਟਿਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਇਸ ਸੰਕਟ ਦਾ ਜਲਦੀ ਹੱਲ ਕੱਢ ਲਿਆ ਜਾਵੇਗਾ।

## ਪੱਤਰਕਾਰ ਰਚਨਾ ਖਹਿਰਾ ਵਿਰੁੱਧ ਦਰਜ ਮੁੱਕਦਮਾ ਪੱਤਰਕਾਰਾਂ ਦੀ ਆਜ਼ਾਦੀ ਉਤੇ ਸਿੱਧਾ ਹਮਲਾ



**ਫਗਵਾੜਾ–** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ.) ਨੇ ਕੇਂਦਰ ਦੀ ਸਰਕਾਰ ਵਲੋਂ ਸੰਚਾਲਿਤ ਅਧਾਰ ਅਥਾਰਿਟੀ ਵਲੋਂ ਟ੍ਰਿਬਿਊਨ ਅਖ਼ਬਾਰ ਅਤੇ ਉਸ ਦੀ ਪੱਤਰਕਾਰ ਰਚਨਾ ਖਹਿਰਾ ਦੇ ਵਿਰੁੱਧ ਦਰਜ ਮੁੱਕਦਮਾ ਅਖਬਾਰਾਂ ਅਤੇ ਪੱਤਰਕਾਰਾਂ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਕਿਹਾ ਹੈ। ਟ੍ਰਿਬਿਊਨ ਅਖਬਾਰ ਦੀ ਪੱਤਰਕਾਰ ਨੇ ਅਧਾਰ ਸਕੀਮ ਦੇ ਰਾਜ ਉਘਾਰਨ ਵਾਲੀ ਤੱਥਾ ਅਧਾਰਿਤ ਇੱਕ ਰਿਪੋਰਟ ਅਖਬਾਰ ਵਿੱਚ ਪੂਰੀ ਸੰਜੀਦਗੀ ਅਤੇ ਨਿਰੀਖਣ ਤੋਂ ਬਾਅਦ ਛਾਪੀ ਸੀ ਜਿਹੜੀ ਇਹ ਸਿੱਧ ਕਰਦੀ ਸੀ ਕਿ ਅਧਾਰ 'ਚ ਸ਼ਾਮਲ ਨਿੱਜੀ ਡਾਟਾ ਸੁਰੱਖਿਅਤ ਨਹੀਂ ਹੈ ਅਤੇ ਕੋਈ ਵੀ ਇਸ ਨੂੰ ਸੇਂਧ ਲਾ ਸਕਦਾ ਹੈ। ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ, ਜਨਰਲ ਸਕੱਤਰ ਗੁਰਚਰਨ ਨੂਰਪੁਰ, ਮੀਤ ਪ੍ਰਧਾਨ ਸ਼ਿਆਮ ਸੁੰਦਰ ਦੀਪਤੀ, ਮੀਤ ਪ੍ਰਧਾਨ ਗਿਆਨ ਸਿੰਘ, ਅਤੇ ਦੀਦਾਰ ਸ਼ੇਤਰਾ ਨੇ ਰਚਨਾ ਖਹਿਰਾ ਵਿਰੁੱਧ ਦਰਜ਼ ਐਫ ਆਈ ਆਰ ਦੀ ਸਖਤ ਨਿਖੇਧੀ ਕਰਦਿਆ ਕਿਹਾ ਕਿ ਕੇਂਦਰ ਸਰਕਾਰ ਭਾਰਤੀ ਨਾਗਰਿਕਾਂ ਦੀ ਨਿੱਜਤਾ ਦੀ ਅਜਾਦੀ ਦੀ ਰਾਖੀ ਕਰਨ 'ਚ ਨਾਕਾਮ ਰਹੀ ਹੈ। ਪੱਤਰਕਾਰ ਮੰਚ ਨੇ ਪੱਤਰਕਾਰ ਰਚਨਾ ਖਹਿਰਾ ਖਿਲਾਫ ਦਰਜ ਮੁੱਕਦਮਾਂ ਰੱਦ ਕਰਨ ਦੀ ਮੰਗ ਕੀਤੀ ਹੈ।

## ਸ਼ੀਲਾ ਕੌਰ ਨੇ ਸੱਜਣ ਕੁਮਾਰ ਖ਼ਿਲਾਫ਼ ਦਿੱਤੀ ਗਵਾਹੀ

ਨਵੀਂ ਦਿੱਲੀ– ਸੁਲਤਾਨਪੁਰੀ ਵਿਖੇ ਨਵੰਬਰ 1984 ਦੌਰਾਨ ਹੋਏ ਸਿੱਖ ਕਤਲੇਆਮ ਸਬੰਧੀ ਮੁਕੱਦਮੇ ਵਿੱਚ ਸ਼ੀਲਾ ਨੇ ਅੱਜ ਇੱਥੇ ਪਟਿਆਲਾ ਹਾਊਸ ਅਦਾਲਤ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਗਵਾਹੀ ਦਿੱਤੀ। ਸ਼ੀਲਾ ਨੇ ਕਿਹਾ ਕਿ ਸੱਜਣ ਕੁਮਾਰ ਕਥਿਤ ਤੌਰ 'ਤੇ ਕਤਲੇਆਮ 'ਚ ਸ਼ਾਮਲ ਸੀ ਅਤੇ ਉਸ ਦਾ ਨਾਂ ਲੈਣ 'ਤੇ ਉਸ ਦੇ ਬੱਚਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਉਸ ਨੇ ਅਦਾਲਤ ਤੋਂ ਆਪਣੀ ਸੁਰੱਖਿਆ ਦੀ ਮੰਗ ਵੀ ਕੀਤੀ।

ਪਟਿਆਲਾ ਹਾਊਸ ਕੋਰਟ ਦੀ ਸੈਸ਼ਨ ਜੱਜ ਪੂਨਮ ਬਾਮਾ ਦੀ ਅਦਾਲਤ ਵਿੱਚ ਸੱਜਣ ਕੁਮਾਰ ਦੇ ਵਕੀਲ ਅਨਿਲ ਵੱਲੋਂ ਜਿਰ੍ਹਾ ਕੀਤੀ ਗਈ। ਪੀੜਤਾਂ ਵੱਲੋਂ ਪੇਸ਼ ਵਕੀਲ ਐਚ. ਐਸ. ਫੂਲਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅੱਜ ਕਰੀਬ ਕਈ ਘੰਟੇ ਸੁਣਵਾਈ ਚੱਲੀ ਤੇ ਸੱਜਣ ਕੁਮਾਰ ਦੇ ਵਕੀਲ ਨੇ ਜਿਰ੍ਹਾ ਕੀਤੀ।

ਸੁਲਤਾਨਪੁਰੀ ਵਿੱਚ ਹੋਏ ਸਿੱਖ ਕਤਲੇਆਮ ਬਾਰੇ ਸ਼ੀਲਾ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਉੱਥੇ ਭੜਕਾਊ ਭਾਸ਼ਣ ਦਿੱਤਾ ਤੇ ਸਿੱਖਾਂ ਨੂੰ ਮਾਰਨ ਦੀਆਂ ਗੱਲਾਂ ਕੀਤੀਆਂ। ਸ਼ੀਲਾ ਦੇ ਪਰਿਵਾਰ ਦੇ ਲੋਕ ਇਸ ਦੌਰਾਨ ਮਾਰੇ ਗਏ ਸਨ। ਸੱਜਣ ਦੇ ਵਕੀਲ ਨੇ ਸ਼ੀਲਾ ਕੌਰ ਨੂੰ ਕਿਹਾ ਕਿ ਉਹ ਝੂਠ ਬੋਲ ਰਹੀ ਹੈ ਅਤੇ ਕਈ ਤਿੱਖੇ ਸਵਾਲ ਕੀਤੇ। ਉਹ ਪਹਿਲਾਂ ਕੁਝ ਘਬਰਾਈ ਵੀ ਪਰ ਫਿਰ ਉਸ ਨੇ ਉਹੀ ਗਵਾਹੀ ਦਿੱਤੀ ਜੋ ਸਵਾ ਕੁ ਸਾਲ ਪਹਿਲਾਂ ਕੜਕੜਡੂਮਾ ਅਦਾਲਤ ਵਿੱਚ ਦਿੱਤੀ ਸੀ। ਇਸ ਮਾਮਲੇ ਵਿੱਚ ਅਗਲੀ ਸੁਣਵਾਈ ਸੱਤ ਫਰਵਰੀ 2018 ਨੂੰ ਹੋਵੇਗੀ। ਸੀਬੀਆਈ ਵੱਲੋਂ ਵਕੀਲ ਜੀਪੀ ਸਿੰਘ ਤੇ ਤਰੰਨੁਮ ਚੀਮਾ ਅਦਾਲਤ ਵਿੱਚ ਹਾਜ਼ਰ ਹੋਏ। ਦਿੱਲੀ ਕਮੇਟੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਗਵਾਹ ਨੂੰ ਕਥਿਤ ਧਮਕਾਉਣ ਦੀ ਸ਼ਿਕਾਇਤ ਦਿੱਲੀ ਪੁਲੀਸ ਨੂੰ ਕੀਤੀ ਹੋਈ ਹੈ।

# ਕੀ ਭਾਰਤੀ ਪ੍ਰੈਸ ਸਚਮੁੱਚ ਆਜ਼ਾਦ ਹੈ?

**ਦੇਸ਼ ਦੇ ਕੋਨੇ-ਕੋਨੇ ਉਹਨਾ ਪੱਤਰਕਾਰਾਂ ਨਾਲ ਵੱਡੀਆਂ ਜਿਆਦਤੀਆਂ ਹੋਈਆਂ ਵੇਖਣ ਨੂੰ ਮਿਲੀਆਂ ਹਨ, ਜਿਹਨਾ ਨੇ ਜ਼ਮੀਨੀ ਪੱਧਰ ਉਤੇ ਜਾਕੇ ਖੋਜੀ ਪੱਤਰਕਾਰੀ ਕਰਦਿਆਂ ਲੋਕ ਮਸਲਿਆਂ ਨੂੰ ਉਭਾਰਿਆ ਜਾਂ ਫਿਰ ਭ੍ਰਿਸ਼ਟਾਚਾਰ ਦੇ ਕੇਸ਼ਾਂ ਨੂੰ ਨੰਗਿਆ ਕੀਤਾ ਹੈ। ਗੌਰੀ ਲੰਕੇਸ਼ ਵਰਗੀਆਂ ਪੱਤਰਕਾਰਾਂ ਨੂੰ ਤਾਂ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ, ਕਿਉਂਕਿ ਉਹ ਲਗਾਤਾਰ ''ਸਿਆਸੀ ਸੱਚ'' ਨੂੰ ਲੋਕਾਂ ਸਾਹਮਣੇ ਲਿਆਉਣ ਲਈ ਆਪਣੀ ਕਲਮ ਦੀ ਵਰਤੋਂ ਕਰਨ ਤੋਂ ਗੁਰੇਜ ਨਹੀਂ ਸੀ ਕਰਦੀ। ਵੈਸੇ ਤਾਂ ਸੈਂਕੜੇ ਪੱਤਰਕਾਰਾਂ ਨੂੰ ਆਪਣੇ ਵਲੋਂ ਲਿਖੇ ਸੱਚ ਦੀ ਕੀਮਤ ਤਾਰਨੀ ਪਈ ਹੈ ਅਤੇ ਮਾਨਸਿਕ,ਸਰੀਰਕ ਕਸ਼ਟ ਸਹਿਣੇ ਪਏ ਹਨ, ਪਰ ਜਿਹੜੀ ਰਿਪੋਰਟ ਕਮੇਟੀ ਟੂ ਪ੍ਰੋਟੈਕਟ ਜਨਰਲਿਸਟ ਯੂ.ਐਸ.ਏ. ਨੇ ਭਾਰਤੀ ਪੱਤਰਕਾਰਾਂ ਸਬੰਧੀ ਛਾਪੀ ਹੈ, ਉਹ ਹੈਰਾਨਕੁਨ ਹੈ। ਸਾਲ 1992 ਤੋਂ ਲੈਕੇ 31 ਦਸੰਬਰ 2017 ਤੱਕ 27 ਪੱਤਰਕਾਰ ਮਾਰੇ ਗਏ, ਦੀ ਕੁਐਂਟ ਰਿਪੋਰਟਰ ਦੀਕਸ਼ਾ ਸ਼ਰਮਾ, ਦੀ ਹਿੰਦੂ ਦੇ ਰਿਪੋਰਟਰ ਮੁਹੰਮਦ ਅਲੀ, ਐਨ.ਡੀ.ਟੀ.ਵੀ. ਦੇ ਰਿਪੋਰਟਰ ਮਹਿਰੋਤਰਾ ਨੂੰ ਮਾਰਨ ਦੀਆਂ ਧਮਕੀਆਂ ਮਿਲੀਆਂ। ਗੌਰੀ ਲੰਕੇਸ਼ ਦਾ ਕਤਲ ਇਸ ਕਰਕੇ ਕਰ ਦਿੱਤਾ ਗਿਆ ਕਿਉਂਕਿ ਉਹ ਮੋਦੀ ਸਰਕਾਰ ਦਾ ਸੱਚ ਲੋਕਾਂ ਸਾਹਮਣੇ ਲਿਆ ਰਹੀ ਸੀ ਅਤੇ ਉਸਦੇ ਹਿੰਦੂਤਵ ਅਜੰਡੇ ਦੀ ਛਾਣ ਬੀਣ ਕਰਨ ਲਈ ਲਗਾਤਾਰ ਯਤਨਸ਼ੀਲ ਸੀ।**



ਗੁਰਮੀਤ ਸਿੰਘ ਪਲਾਹੀ
91-98158-02070

ਟ੍ਰਿਬਿਊਨ ਅਖ਼ਬਾਰ ਦੀ ਰਿਪੋਰਟਰ ਰਚਨਾ ਖਹਿਰਾ ਨੇ ਇੱਕ ਖੋਜੀ ਪੱਤਰਕਾਰ ਵਜੋਂ ਆਪਣੇ ਫਰਜ਼ ਨਿਭਾਉਂਦਿਆਂ ਤੱਥਾਂ ਅਧਾਰਤ ਖ਼ਬਰ ਲਗਾਈ ਕਿ ''ਆਧਾਰ'' ਦੇ ਡਾਟਾ ਤੱਕ ਸੌਖਿਆਂ ਪਹੁੰਚਿਆ ਜਾ ਸਕਦਾ ਹੈ, ਜਿਸ ਬਾਰੇ ਸਬੰਧਤ ਅਥਾਰਿਟੀ ਯੂ.ਆਈ.ਡੀ.ਏ.ਆਈ. ਦਾਅਵਾ ਕਰਦੀ ਹੈ ਕਿ ਇਹ ਡਾਟਾ ਪੂਰੀ ਤਰ੍ਹਾਂ ਸੁਰੱਖਿਅਤ ਹੈ। ਰਚਨਾ ਖਹਿਰਾ ਖਿਲਾਫ਼ ਧਾਰਾ 419, 420, 468, 268, 471 ਆਈ ਪੀ ਸੀ, ਧਾਰਾ 66 ਆਈ ਟੀ ਐਕਟ ਅਤੇ ਧਾਰਾ 36/37 ਅਧਾਰ ਐਕਟ ਤਹਿਤ ਮਾਮਲਾ ਦਰਜ਼ ਕਰਾ ਦਿੱਤਾ ਗਿਆ ਹੈ। ਕਿਥੇ ਗਈ ਲੋਕਤੰਤਰ ਦੇ ਚੌਥੇ ਥੰਮ ਦੀ ਆਜ਼ਾਦੀ, ਜਿਸ ਦੀ ਚਰਚਾ ਕੁਝ ਲੋਕ ਕਰਦੇ ਨਹੀਂ ਥੱਕਦੇ? ਕਿੱਥੇ ਗਏ ਉਹ ਲੋਕ ਜੋ ਕਹਿੰਦੇ ਫਖ਼ਰ ਮਹਿਸੂਸ ਕਰਦੇ ਹਨ ਕਿ ਭਾਰਤ ਦੀ ਪ੍ਰੈਸ ਸਚਮੁੱਚ ਅਜ਼ਾਦ ਹੈ। ਕਿਥੇ ਗਿਆ ਇਲੈਕਟਰੋਨਿਕ ਮੀਡੀਆ ਜਿਹੜਾ ਛੋਟੀ-ਛੋਟੀ ਖ਼ਬਰ ਨੂੰ ਤਾਂ ਚੀਕ-ਚੀਕ ਕੇ ਆਪਣੇ ਚੈਨਲ ਵਿੱਚ ਪੇਸ਼ ਕਰਦਾ ਹੈ, ਪਰ ਜਿਥੇ ਪੱਤਰਕਾਰਾਂ ਦੀ ਸੰਘੀ ਘੁੱਟੀ ਜਾ ਰਹੀ ਹੋਵੇ, ਜਾਂ ਆਮ ਸਧਾਰਨ ਲੋਕਾਂ ਨਾਲ ਬੇਇਨਸਾਫੀ ਹੋ ਰਹੀ ਹੋਵੇ, ਲੋਕਾਂ ਦੇ ਨਿੱਜਤਾ ਦੇ ਅਧਿਕਾਰ ਉਤੇ ਛਾਪਾ ਪੈ ਰਿਹਾ ਹੋਵੇ ਉਥੇ ਚੁੱਪੀ ਸਾਧ ਬੈਠਾ ਕੁਝ ਮੀਡੀਆ ਆਪਣੇ ਸਰਕਾਰੀ ਆਕਾ ਦਾ ਹੁਕਮ ਉਡੀਕਦਾ ਰਹਿੰਦਾ ਹੈ।

ਦੇਸ਼ ਦੇ ਕੋਨੇ-ਕੋਨੇ ਉਹਨਾ ਪੱਤਰਕਾਰਾਂ ਨਾਲ ਵੱਡੀਆਂ ਜਿਆਦਤੀਆਂ ਹੋਈਆਂ ਵੇਖਣ ਨੂੰ ਮਿਲੀਆਂ ਹਨ, ਜਿਹਨਾ ਨੇ ਜ਼ਮੀਨੀ ਪੱਧਰ ਉਤੇ ਜਾਕੇ ਖੋਜੀ ਪੱਤਰਕਾਰੀ ਕਰਦਿਆਂ ਲੋਕ ਮਸਲਿਆਂ ਨੂੰ ਉਭਾਰਿਆ ਜਾਂ ਫਿਰ ਭ੍ਰਿਸ਼ਟਾਚਾਰ ਦੇ ਕੇਸ਼ਾਂ ਨੂੰ ਨੰਗਿਆ ਕੀਤਾ ਹੈ। ਗੌਰੀ ਲੰਕੇਸ਼ ਵਰਗੀਆਂ ਪੱਤਰਕਾਰਾਂ ਨੂੰ ਤਾਂ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ, ਕਿਉਂਕਿ ਉਹ ਲਗਾਤਾਰ ''ਸਿਆਸੀ ਸੱਚ'' ਨੂੰ ਲੋਕਾਂ ਸਾਹਮਣੇ ਲਿਆਉਣ ਲਈ ਆਪਣੀ ਕਲਮ ਦੀ ਵਰਤੋਂ ਕਰਨ ਤੋਂ ਗੁਰੇਜ ਨਹੀਂ ਸੀ ਕਰਦੀ। ਵੈਸੇ ਤਾਂ ਸੈਂਕੜੇ ਪੱਤਰਕਾਰਾਂ ਨੂੰ ਆਪਣੇ ਵਲੋਂ ਲਿਖੇ ਸੱਚ ਦੀ ਕੀਮਤ ਤਾਰਨੀ ਪਈ ਹੈ ਅਤੇ ਮਾਨਸਿਕ, ਸਰੀਰਕ ਕਸ਼ਟ ਸਹਿਣੇ ਪਏ ਹਨ, ਪਰ ਜਿਹੜੀ ਰਿਪੋਰਟ ਕਮੇਟੀ ਟੂ ਪ੍ਰੋਟੈਕਟ ਜਨਰਲਿਸਟ ਯੂ.ਐਸ.ਏ. ਨੇ ਭਾਰਤੀ ਪੱਤਰਕਾਰਾਂ ਸਬੰਧੀ ਛਾਪੀ ਹੈ, ਉਹ ਹੈਰਾਨਕੁਨ ਹੈ। ਸਾਲ 1992 ਤੋਂ ਲੈਕੇ 31 ਦਸੰਬਰ 2017 ਤੱਕ 27 ਪੱਤਰਕਾਰ ਮਾਰੇ ਗਏ, ਦੀ ਕੁਐਂਟ ਰਿਪੋਰਟਰ ਦੀਕਸ਼ਾ ਸ਼ਰਮਾ, ਦੀ ਹਿੰਦੂ ਦੇ ਰਿਪੋਰਟਰ ਮੁਹੰਮਦ ਅਲੀ, ਐਨ.ਡੀ.ਟੀ.ਵੀ. ਦੇ ਰਿਪੋਰਟਰ ਮਹਿਰੋਤਰਾ ਨੂੰ ਮਾਰਨ ਦੀਆਂ ਧਮਕੀਆਂ ਮਿਲੀਆਂ। ਗੌਰੀ ਲੰਕੇਸ਼ ਦਾ ਕਤਲ ਇਸ ਕਰਕੇ ਕਰ ਦਿੱਤਾ ਗਿਆ ਕਿਉਂਕਿ ਉਹ ਮੋਦੀ ਸਰਕਾਰ ਦਾ ਸੱਚ ਲੋਕਾਂ ਸਾਹਮਣੇ ਲਿਆ ਰਹੀ ਸੀ ਅਤੇ ਉਸਦੇ ਹਿੰਦੂਤਵ ਅਜੰਡੇ ਦੀ ਛਾਣ ਬੀਣ ਕਰਨ ਲਈ ਲਗਾਤਾਰ ਯਤਨਸ਼ੀਲ ਸੀ।

ਫ੍ਰੀਲਾਂਸਰ ਜਾਗਿੰਦਰਾ ਸਿੰਘ ਨੂੰ ਕਿਸੇ ਪੁਲਿਸ ਅਫ਼ਸਰ ਨੇ ਜੀਉਂਦਿਆਂ ਅੱਗ 'ਚ ਸੁੱਟ ਦਿੱਤਾ ਕਿਉਂਕਿ ਉਹ ਉਸਦੀਆਂ ਕਰਤੂਤਾਂ ਨੂੰ ਨੰਗਿਆਂ ਕਰ ਰਿਹਾ ਸੀ।ਉਸਦੇ ਮਰਨ ਵੇਲੇ ਦੇ ਦਿੱਤੇ ਬਿਆਨਾਂ ਤੋਂ ਬਾਅਦ ਵੀ ਹਾਲੇ ਤੱਕ ਉਸ ਪੁਲਿਸ ਅਫ਼ਸਰ ਵਿਰੁੱਧ ਕੇਸ ਨਹੀਂ ਦਰਜ਼ ਹੋਇਆ। ਉਮੇਸ਼ ਰਾਜਪੂਤ ਜੋ ਹਿੰਦੀ ਅਖ਼ਬਾਰ ਲਈ ਦੁਨੀਆਂ ਦਾ ਰਿਪੋਰਟਰ ਸੀ, ਉਸਨੂੰ 2011 ਜਨਵਰੀ 'ਚ ਮਾਰ ਦਿੱਤਾ ਗਿਆ। ਕਤਲ ਦੇ ਸਾਰੇ ਸਬੂਤ ਨਸ਼ਟ ਕਰ ਦਿੱਤੇ ਗਏ। ਉਸਦੇ ਪਰਿਵਾਰਕ ਮੈਂਬਰ ਇਨਸਾਫ ਲਈ ਦਰ-ਦਰ ਭਟਕ ਰਹੇ ਹਨ। ਇੰਡੀਆ ਟੂਡੇ ਦੇ ਖੋਜੀ ਪੱਤਰਕਾਰ ਅਕਸ਼ੈ ਕੁਮਾਰ ਨੂੰ ਭ੍ਰਿਸ਼ਟਾਚਾਰ ਦੇ ਸਕੈਂਡਲ ਛਾਪਣ ਲਈ ਆਪਣੀ ਜਾਨ ਗੁਆਉਣੀ ਪਈ।

ਇੱਕ ਨਹੀਂ ਸੈਂਕੜੇ ਹੋਰ ਰਿਪੋਰਟਾਂ ਮਿਲ ਰਹੀਆਂ ਹਨ, ਜਿਹੜੀਆਂ ਦਰਸਾਉਂਦੀਆਂ ਹਨ ਕਿ ਹਕੂਮਤੀ ਵਿਚਾਰਾਂ ਤੋਂ ਉਲਟ ਵਿਚਾਰ ਰੱਖਣ ਵਾਲੇ ਪੱਤਰਕਾਰਾਂ ਨੂੰ ਤੰਗ ਪ੍ਰੇਸ਼ਾਨ ਹੀ ਨਹੀਂ ਕੀਤਾ ਜਾ ਰਿਹਾ, ਉਹਨਾ ਨੂੰ ਸੋਸ਼ਲ ਮੀਡੀਆ ਰਾਹੀਂ ਡਰਾਇਆ ਧਮਕਾਇਆ ਵੀ ਜਾ ਰਿਹਾ ਹੈ। ਐਨ ਡੀ ਟੀ ਵੀ ਦੇ ਪੱਤਰਕਾਰ ਰਿਵੀਸ਼ ਕੁਮਾਰ ਇਸਦੀ ਉਦਾਹਰਨ ਹਨ, ਜਿਹਨਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਖੁੱਲ੍ਹਾ ਖ਼ਤ ਲਿਖਕੇ ਦੱਸਿਆ ਕਿ ਸੱਚ ਬੋਲਣ ਕਾਰਨ ਉਸਨੂੰ ਮੋਦੀ ਦੇ ਭਗਤਾਂ ਦੀਆਂ ਗੰਦੀਆਂ ਗਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਪੱਤਰਕਾਰੀ ਅੱਜ ਵੱਡੇ ਜੋਖ਼ਮ ਦਾ ਕੰਮ ਬਣ ਚੁੱਕਾ ਹੈ। ਪੱਤਰਕਾਰਾਂ ਉਤੇ ਥਾਂ-ਥਾਂ ਵੱਡੇ ਹਮਲੇ ਹੋ ਰਹੇ ਹਨ। ਉਹਨਾ ਦੇ ਲਿਖਣ ਦੀ, ਬੋਲਣ ਦੀ ਆਜ਼ਾਦੀ ਉਤੇ ਲਗਾਤਾਰ ਬੰਦਿਸ਼ ਲਗਾਉਣ ਦਾ ਯਤਨ ਹੋ ਰਿਹਾ ਹੈ। ਮੀਡੀਆ ਦਾ ਕੁਝ ਹਿੱਸਾ ਲਾਲਚ ਬੱਸ ਆਪਣੀ ਨੁਕੀਲੀ ਕਲਮ ਵਰਤਣ ਅਤੇ ਜੋਸ਼ੀਲੇ ਬੋਲ ਬੋਲਣ ਤੋਂ ਸਰਕਾਰੀ ਪ੍ਰਭਾਵ ਹੇਠ ਕੰਨੀ ਕਤਰਾਉਣ ਲੱਗ ਪਿਆ ਹੈ। ਲੋਕਾਂ ਦੀ ਗੱਲ ਕਰਨ ਦੀ ਥਾਂ ਉਹ ਸਰਕਾਰੀ ਧੁਤੂ ਬਣਿਆ ਨਜ਼ਰ ਆਉਂਦਾ ਹੈ। ਵੱਡੀ ਗਿਣਤੀ ਭਾਰਤੀ ਅਖ਼ਬਾਰਾਂ, ਚੈਨਲ ਸਿਰਫ ਤੇ ਸਿਰਫ ਸਰਕਾਰ ਦੀ ਬੋਲੀ ਬੋਲਣ 'ਚ ਮਸ਼ਰੂਫ ਹਨ ਅਤੇ ਹਾਕਮ ਧਿਰ ਅਤੇ ਕਾਰਪੋਰੇਟ ਜਗਤ ਉਹਨਾ ਨੂੰ ਆਪਣੇ ਹਿੱਤਾਂ ਲਈ ਵਰਤਣ ਲਈ ਹਰ ਹਰਬਾ ਵਰਤ ਰਿਹਾ ਹੈ। ਇਹੋ ਜਿਹੇ 'ਚ ਖੋਜੀ ਪੱਤਰਕਾਰੀ ਹੋਰ ਵੀ ਔਖੀ ਹੁੰਦੀ ਜਾ ਰਹੀ ਹੈ ਕਿਉਂਕਿ ਸਰਕਾਰੀ ਜਬਾੜੇ ਉਹਨਾ ਬੋਲਾਂ ਨੂੰ ਬੋਲਣ ਤੋਂ ਪਹਿਲਾਂ ਹੀ ਨਿਗਲਣ ਲਈ ਤਿਆਰ ਬੈਠੇ ਹਨ, ਜਿਹੜੇ ਉਹਨਾ ਦੇ ਹਿੱਤਾਂ ਦੀ ਤਰਜਮਾਨੀ ਨਹੀਂ ਕਰਦੇ।

ਸਮੇਂ ਸਮੇਂ ਤੇ ਜਾਗਰੂਕ ਪੱਤਰਕਾਰ ਜਥੇਬੰਦੀਆਂ ਕਲਮ ਦੀ ਆਜ਼ਾਦੀ ਦਾ ਹੋਕਾ ਵੀ ਦਿੰਦੀਆਂ ਹਨ। ਸਾਫ਼-ਸੁਥਰੀ ਪੱਤਰਕਾਰੀ ਕਰਨ ਵਾਲਿਆਂ ਦੇ ਹੱਕ 'ਚ ਕੁਝ ਲੋਕ ਖੜ੍ਹੇ ਵੀ ਨਜ਼ਰ ਆਉਂਦੇ ਹਨ, ਪਰ ਸਮੁੱਚੇ ਤੌਰ ਤੇ ਦੇਸ਼ ਵਿੱਚ ਪੱਤਰਕਾਰਤਾ ਦੀ ਸੰਘੀ ਘੁੱਟਣ ਦਾ ਜੋ ਹਾਕਮਾਨਾ ਰੁਝਾਣ ਵੇਖਣ ਨੂੰ ਮਿਲ ਰਿਹਾ ਹੈ, ਉਸ ਅੱਗੇ ਇਹ ਮੁੱਠੀ ਭਰ ਜੋਸ਼ੀਲੇ, ਖੋਜੀ, ਲੋਕ ਹਿਤੈਸ਼ੀ ਪੱਤਰਕਾਰ ਬੇਬਸ ਅਤੇ ਆਤੁਰ ਦਿੱਸਦੇ ਹਨ।

ਭਾਰਤੀ ਪ੍ਰੈਸ ਉਤੇ ਕਾਰਪੋਰੇਟ ਜਗਤ ਦਾ ਗਲਬਾ ਅਤੇ ਹਾਕਮਾਂ ਦਾ ਪੱਤਰਕਾਰਾਂ ਪ੍ਰਤੀ ਵਤੀਰਾ ਇਸ ਵੇਲੇ ਨਿਰਪੱਖ ਪੱਤਰਕਾਰੀ ਲਈ ਵੱਡਾ ਚੈਲੰਜ ਬਣ ਚੁੱਕਾ ਹੈ ਅਤੇ ਭਾਰਤ ਦੇ ਲੋਕਤੰਤਰ ਦੇ ਚੌਥੇ ਥੰਮ ਲਈ ਲਗਾਤਾਰ ਖਤਰਾ ਬਣਿਆ ਦਿਸਦਾ ਹੈ।

# ਸਟੈਂਡ ਅੱਪ ਕਿਉਂ ਨਹੀਂ ਹੋ ਰਿਹਾ ਇੰਡੀਆ

**ਮੂਲ ਲੇਖਕ- ਦਿਲੀਪ ਮੰਡਲ**
**ਪੰਜਾਬੀ ਰੂਪ- ਗੁਰਮੀਤ ਪਲਾਹੀ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਅਗਸਤ 2015 ਨੂੰ ਲਾਲ ਕਿਲੇ ਤੋਂ ਇੱਕ ਵੱਡਾ ਐਲਾਨ ਕੀਤਾ ਸੀ। ਉਹਨਾ ਨੇ ਕਿਹਾ ਸੀ ਕਿ ਬਾਬਾ ਸਾਹਿਬ ਅੰਬੇਦਕਰ ਦੀ ਇਹ ਸਵਾ ਸੌਵੀਂ ਜੇਯੰਤੀ ਹੈ ਅਤੇ ਇਸ ਮੌਕੇ ਤੇ ਦੇਸ਼ ਦੀਆਂ ਸਵਾ ਲੱਖ ਬੇਂਕ ਸਾਖ਼ਾਵਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਕਿ ਹਰ ਸ਼ਾਖਾ ਅਨੁਸੂਚਿਤ ਜਾਤੀ ਜਾਂ ਜਨਜਾਤੀ ਦੇ ਘੱਟੋ-ਘੱਟ ਇੱਕ ਉੱਦਮੀ ਅਤੇ ਉਸਦੇ ਬਿਨਾ ਇੱਕ ਔਰਤ ਉਦਮੀ ਨੂੰ ਦਸ ਲੱਖ ਤੋਂ ਇੱਕ ਕਰੋੜ ਦਾ ਕਰਜ਼ਾ ਦੇਵੇ ਤਾਂ ਕਿ ਉਹ ਆਪਣੇ ਰੁਜ਼ਗਾਰ ਸ਼ੁਰੂ ਕਰ ਸਕਣ। ਵਿੱਤੀ ਵਿਵਸਥਾ ਅਤੇ ਉਸਦੇ ਵਿਕਾਸ ਦੀ ਇਹ ਇੱਕ ਬੇਹਤਰੀਨ ਸਕੀਮ ਹੈ। ਇਸ ਸਕੀਮ ਨੂੰ ਪ੍ਰਧਾਨ ਮੰਤਰੀ ਨੇ ''ਸਟੈਂਡ ਅੱਪ ਇੰਡੀਆ'' ਨਾਮ ਦਿੱਤਾ। ਉਹਨਾ ਨੇ ਕਿਹਾ ਕਿ ਇਸ ਤਰ੍ਹਾਂ ਇਕੋ ਵੇਲੇ ਦੇਸ਼ ਦੇ ਸਵਾ ਲੱਖ ਦਲਿਤ ਅਤੇ ਆਦਿਵਾਸੀ ਉੱਦਮੀ ਖੜੇ ਹੋ ਜਾਣਗੇ।

ਪਰ ਜਿਸ ਨੌਕਰਸ਼ਾਹੀ ਅਤੇ ਬੈਂਕਿੰਗ ਸੈਕਟਰ ਨੇ ਇਹ ਕੰਮ ਕਰਨਾ ਸੀ, ਉਸਨੇ ਇੰਨੀ ਅੱਛੀ ਸਕੀਮ ਨੂੰ ਬੇਹੱਦ ਬੁਰੇ ਤਰੀਕੇ ਨਾਲ ਲਾਗੂ ਕੀਤਾ। ਵਿੱਤ ਮੰਤਰਾਲੇ ਨੇ ਸੰਸਦ ਨੂੰ ਜਾਣਕਾਰੀ ਦਿਤੀ ਕਿ 31 ਦਸੰਬਰ 2017 ਤੱਕ ਇਹ ਸਕੀਮ ਦੇ ਤਹਿਤ ਸਿਰਫ 6589 ਦਲਿਤਾਂ ਅਤੇ 1988 ਆਦਿਵਾਸੀ ਉਦਮੀਆਂ ਨੂੰ ਹੀ ਕਰਜ਼ਾ ਦਿੱਤਾ ਗਿਆ ਹੈ। ਇਸ ਸਮੇਂ ਦੇਸ਼ ਵਿੱਚ 1.39 ਲੱਖ ਬੈਂਕ ਸ਼ਾਖਾਵਾਂ ਹਨ। ਇਸਦਾ ਮਤਲਬ ਹੈ ਕਿ 8577 ਬੈਂਕ ਸ਼ਾਖਾਵਾਂ ਨੇ ਸਟੈਂਡ ਅੱਪ ਇੰਡੀਆ ਸਕੀਮ ਉਤੇ ਅਮਲ ਕੀਤਾ ਅਤੇ ਇਕ ਲੱਖ ਤੀਹ ਹਜ਼ਾਰ ਤੋਂ ਜ਼ਿਆਦਾ ਬੈਂਕ ਸ਼ਾਖਾਵਾਂ ਨੇ ਜਾਂ ਤਾਂ ਇਸ ਸਕੀਮ ਦੇ ਤਹਿਤ ਕਰਜ਼ਾ ਨਹੀਂ ਦਿੱਤਾ ਜਾਂ ਫਿਰ ਕਿਸੇ ਨੇ ਉਹਨਾ ਤੋਂ ਕਰਜ਼ਾ ਮੰਗਿਆ ਹੀ ਨਹੀਂ।

ਇਸ ਤਰ੍ਹਾਂ ਇਕੋ ਵੇਰ ਸਵਾ ਲੱਖ ਦਲਿਤ ਅਤੇ ਆਦਿਵਾਸੀ ਉਦਮੀ ਖੜੇ ਕਰਨ ਦੇ ਸੁਫਨਿਆਂ ਦੀ ਦੁਰਗਤ ਹੋ ਗਈ। ਸਭ ਤੋਂ ਪਹਿਲਾਂ ਤਾਂ ਇਸ ਸਕੀਮ ਨੂੰ ਸ਼ੁਰੂ ਕਰਨ 'ਚ ਦੇਰੀ ਹੋਈ। ਇਸ ਸਕੀਮ ਦੀ ਘੋਸ਼ਣਾ ਪ੍ਰਧਾਨਮੰਤਰੀ 15 ਅਗਸਤ 2015 ਨੂੰ ਇੰਨੇ ਧੂਮ ਧੜੱਕੇ ਨਾਲ ਦੇਸ਼ ਦੇ ਸਾਹਮਣੇ ਕਰਦੇ ਹਨ, ਉਸ ਤੋਂ ਅੱਠ ਮਹੀਨੇ ਬਾਅਦ ਅਪ੍ਰੈਲ 2016 'ਚ ਇਸ ਨੂੰ ਸ਼ੁਰੂ ਕੀਤਾ ਜਾਂਦਾ ਹੈ। ਬੈਂਕਾਂ ਕੋਲ ਇਸ ਨੂੰ ਪੂਰਾ ਕਰਨ ਦੀ ਕੋਈ ਸਮਾਂ ਸੀਮਾ ਨਹੀਂ ਹੈ ਕਿ ਕਿੰਨੇ ਸਮੇਂ ਵਿੱਚ ਇਹ ਲਕਸ਼ ਪ੍ਰਾਪਤ ਕਰਨਾ ਹੈ। ਕੋਈ ਇਸ ਸਕੀਮ ਉਤੇ ਅਮਲ ਨਾ ਕਰਨ ਵਾਲੇ ਬੈਂਕਾਂ ਦੇ ਲਈ ਸਜਾ ਵੀ ਨੀਅਤ ਨਹੀਂ ਹੈ। ਇਥੋਂ ਤੱਕ ਕਿ ਇਸ ਸਕੀਮ ਦੀ ਬੇਬਸਾਈਟ ਉਤੇ ਇਸ ਗੱਲ ਦੀ ਜਾਣਕਾਰੀ ਵੀ ਨਹੀਂ ਹੈ ਕਿ ਕਿਹੜੀਆਂ ਬੈਂਕਾਂ ਨੇ ਸਰਕਾਰ ਦੇ ਇਸ ਮਹੱਤਵਪੂਰਨ ਸਕੀਮ ਉਤੇ ਕੰਮ ਨਹੀਂ ਕੀਤਾ ਜਾਂ ਢਿੱਲ ਵਰਤੀ।

ਸਟੈਂਡ ਅਪ ਇੰਡੀਆ ਉਤੇ ਅਮਲ ਦੇ ਅੰਕੜਿਆਂ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਰਤੀ ਸਮਾਜ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦਾ ਕੰਮ ਕਿੰਨਾ ਔਖਾ ਹੈ। ਅਤੇ ਇਹ ਵੀ ਕਿ ਸਰਕਾਰ ਦੀ ਨੀਤ ਹੋਣਾ ਹੀ ਇਸ ਕੰਮ ਲਈ ਕਾਫੀ ਨਹੀਂ ਹੈ। ਸਟੈਂਡ ਅੱਪ ਇੰਡੀਆ ਦੇ ਅੰਕੜਿਆਂ ਦੇ ਬਾਅਦ ਜ਼ਰੂਰਤ ਇਸ ਗੱਲ ਦੀ ਹੈ ਕਿ ਬੈਂਕਾਂ ਦੀਆਂ ਸਾਰੀਆਂ ਸਕੀਮਾਂ ਅਤੇ ਇਸ ਸਕੀਮ ਦੀ ਵੀ ਸੋਸ਼ਲ ਆਡੀਟਿੰਗ ਕੀਤੀ ਜਾਵੇ ਅਤੇ ਹਰ ਬਰਾਂਚ ਦੇ ਅੰਕੜੇ ਲੋਕਾਂ ਸਾਹਮਣੇ ਲਿਆਂਦੇ ਜਾਣ ਕਿ ਦਲਿਤਾਂ ਅਤੇ ਆਦਿਵਾਸੀਆਂ ਦੇ ਲਈ ਉਹਨਾ ਨੇ ਕੀ ਕੁਝ ਕੀਤਾ ਹੈ?

ਬੈਂਕਿੰਗ ਖੇਤਰ ਨਿਸ਼ਚਿਤ ਰੂਪ 'ਚ ਇੱਕ ਵਿਉਪਾਰਿਕ ਕੰਮ ਹੈ ਅਤੇ ਜਾਹਿਰ ਹੈ ਕਿ ਪੈਸਾ ਕਮਾਉਣਾ ਉਹਨਾ ਦਾ ਮੁੱਖ ਮੰਤਵ ਹੈ। ਲੇਕਿਨ ਕਿਨੇ ਵੀ ਦੇਸ਼ ਵਿੱਚ ਬੈਂਕਿੰਗ ਸੈਕਟਰ ਦਾ ਇਹ ਇਕੋ ਇੱਕ ਕੰਮ ਨਹੀਂ ਹੋ ਸਕਦਾ। ਬੈਂਕਿੰਗ ਖੇਤਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਮਾਜ ਦੇ ਕਿਸੇ ਹਿੱਸੇ ਨੂੰ ਖਾਰਜ ਕਰਕੇ ਅੱਗੇ ਨਾ ਵਧੇ। ਹਾਲਾਂਕਿ ਬੈਂਕ ਇਸ ਗੱਲ ਦਾ ਅੰਕੜਾ ਨਹੀਂ ਰੱਖਦੇ, ਲੇਕਿਨ ਦੇਸ਼ ਵਿੱਚ ਦਲਿਤ ਅਤੇ ਆਦਿਵਾਸੀਆਂ ਦੇ ਵੱਡੇ ਮੱਧਵਰਗ ਨੂੰ ਦੇਖਦੇ ਹੋਏ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦਲਿਤ ਅਤੇ ਆਦਿਵਾਸੀ ਆਪਣਾ ਅਰਬਾਂ ਰੁਪਿਆ ਬੈਂਕਾਂ ਵਿੱਚ ਜਮਾਂ ਕਰਦੇ ਹਨ। ਜ਼ਾਹਿਰ ਹੈ ਕਿ ਜੋ ਵਰਗ ਜਮਾਂ ਕਰ ਰਿਹਾ ਹੈ ਉਸਨੂੰ ਕਰਜ਼ਾ ਦਿੰਦੇ ਸਮੇਂ ਵੀ ਹਿੱਸੇਦਾਰ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਬੈਂਕਿੰਗ ਸੈਕਟਰ ਦੀ ਪਹਿਲ ਵੀ ਮਿਥੀ ਗਈ ਹੈ, ਜਿਸਦੇ ਤਹਿਤ ਇਹਨਾ ਵਰਗਾਂ ਤੱਕ ਬੈਕਿੰਗ ਦਾ ਫਾਇਦਾ ਪਹੁੰਚਣਾ ਚਾਹੀਦਾ ਹੈ, ਲੇਕਿਨ ਇਹ ਹੋ ਨਹੀਂ ਰਿਹਾ।

ਇਸ ਤੋਂ ਪਹਿਲਾ ਸੱਚਰ ਕਮੇਟੀ ਰਿਪੋਰਟ ਵਿੱਚ ਇਹ ਸਾਹਮਣੇ ਆਇਆ ਸੀ ਕਿ ਬੈਂਕ ਮੁਸਲਮਾਨਾਂ ਨੂੰ ਜਮ੍ਹਾਂ ਦੇ ਮੁਕਾਬਲੇ ਕਰਜ਼ਾ ਨਹੀਂ ਦਿੰਦੇ। ਜੇਕਰ ਇਹੋ ਹੀ ਜਾਣਕਾਰੀ ਦਲਿਤਾਂ ਅਤੇ ਆਦਿਵਾਸੀਆਂ ਬਾਰੇ ਵੀ ਇੱਕਠੀ ਕੀਤੀ ਜਾਵੇ ਤਾਂ ਲਗਭਗ ਮਿਲਦੇ-ਜੁਲਦੇ ਜਾਂ ਉਸਤੋਂ ਵੀ ਬੁਰੇ ਅੰਕੜੇ ਮਿਲ ਸਕਦੇ ਹਨ। ਇਸ ਸਮੱਸਿਆ ਦਾ ਹੱਲ ਇਕੋ ਹੈ ਕਿ ਸਰਕਾਰ ਨੂੰ ਕੋਈ ਵਿੱਤੀ ਵਿਵਸਥਾ ਸ਼ੁਰੂ ਕਰਨ ਤੋਂ ਪਹਿਲਾਂ ਬੈਂਕਾਂ ਤੋਂ ਇਸ ਸਬੰਧੀ ਅੰਕੜੇ ਲੈਣੇ ਚਾਹੀਦੇ ਹਨ ਕਿ ਬੈਂਕ ਤੋਂ ਦਿੱਤੇ ਜਾਣ ਵਾਲੇ ਕਰਜ਼ੇ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਦਾ ਹਿੱਸਾ ਕਿੰਨਾ ਹੈ? ਇਸ ਅਧਾਰ ਤੇ ਚੰਗੇ ਅਤੇ ਬੁਰੇ ਬੈਂਕਾਂ ਦੀ ਪਛਾਣ ਹੋਣੀ ਚਾਹੀਦੀ ਹੈ। ਅੱਛੇ ਬੈਂਕ ਨੂੰ ਉਤਸ਼ਾਹਿਤ ਤੇ ਪੁਰਸਕਾਰਤ ਕਰਨਾ ਚਾਹੀਦਾ ਹੈ ਅਤੇ ਬੁਰੇ ਬੈਂਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਸਟੈਂਡ ਅੱਪ ਇੰਡੀਆ ਦੇ ਤਹਿਤ ਦਲਿਤਾਂ ਅਤੇ ਆਦਿਵਾਸੀਆਂ ਨੂੰ ਕਰਜ਼ਾ ਨਾ ਮਿਲਣ ਦੇ ਦੋ ਕਾਰਨ ਹੋ ਸਕਦੇ ਹਨ ਅਤੇ ਦੋਵੇਂ ਕਾਰਨ ਹੀ ਚਿੰਤਾਜਨਕ ਹਨ। ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਬੈਂਕਾਂ ਨੇ ਕਰਜ਼ੇ ਲਈ ਆਏ ਬੇਨਤੀ ਪੱਤਰਾਂ ਨੂੰ ਸਹੀ ਨਾ ਪਾਇਆ ਹੋਏ ਜਾਂ ਕਿਸੇ ਹੋਰ ਕਾਰਨ ਇਹਨਾ ਬੇਨਤੀ ਪੱਤਰਾਂ ਨੂੰ ਖਾਰਜ ਕਰ ਦਿੱਤਾ ਹੋਵੇ। ਜੇਕਰ ਇੰਝ ਹੈ ਤਾਂ ਬੈਂਕਾਂ ਨੇ ਆਪਣੇ ਉਸ ਕਰੱਤਵ ਨੂੰ ਪੂਰਾ ਨਹੀਂ ਕੀਤਾ, ਜੋ ਉਹਨਾ ਲਈ ਪ੍ਰਧਾਨ ਮੰਤਰੀ ਨੇ ਤਹਿ ਕੀਤਾ ਸੀ। ਵਿੱਤ ਮੰਤਰਾਲੇ ਨੂੰ ਇਸ ਗੱਲ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਆਖਿਰ ਬੈਂਕਾਂ ਨੇ ਇੰਝ ਕੀਤਾ ਹੈ ਤਾਂ ਕਿਉਂ ਕੀਤਾ ਹੈ? ਇੰਨੀ ਮਹੱਤਵਪੂਰਨ ਅਤੇ ਅੱਛੀ ਨੀਤ ਨਾਲ ਸ਼ੁਰੂ ਕੀਤੀ ਗਈ ਸਕੀਮ ਨੂੰ ਬੈਂਕ ਅਫਸਰਾਂ ਦੀ ਮਰਜ਼ੀ ਉਤੇ ਨਹੀਂ ਛੱਡਿਆ ਜਾ ਸਕਦਾ। ਕਰਜ਼ਾ ਮੰਗਣ ਵਾਲੇ ਵਿਅਕਤੀਆਂ ਨਾਲ ਬੈਂਕ ਅਧਿਕਾਰੀਆਂ ਦੀ ਗੱਲਬਾਤ ਦੀ ਵੀਡੀਓ ਵੀ ਇਕ ਤਰੀਕਾ ਹੈ ਅਤੇ ਬੈਂਕਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਸਕੀਮ ਲਾਗੂ ਕਰਨ ਵਿੱਚ ਉਹਨੂੰ ਕਿੱਥੇ ਦਿੱਕਤਾਂ ਆ ਰਹੀਆਂ ਹਨ? ਸਟੈਂਡ ਅੱਪ ਇੰਡੀਆ ਦੇ ਤਹਿਤ ਦਲਿਤਾਂ ਅਤੇ ਆਦਿਵਾਸੀਆਂ ਨੂੰ ਕਰਜ਼ਾ ਨਾ ਮਿਲਣ ਦਾ ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਹਾਲੀ ਦਲਿਤ ਅਤੇ ਆਦਿਵਾਸੀ ਵਰਗ ਵਿੱਚ ਉਹ ਤਬਕਾ ਪੈਦਾ ਹੀ ਨਹੀਂ ਹੋਇਆ ਜੋ ਦਸ ਲੱਖ ਤੋਂ ਇੱਕ ਕਰੋੜ ਤੱਕ ਦਾ ਬੈਂਕ ਕਰਜ਼ਾ ਲੈਕੇ ਆਪਣਾ ਕੰਮ ਸ਼ੁਰੂ ਕਰ ਸਕੇ। ਜੇਕਰ ਅਜਿਹਾ ਹੈ ਤਾਂ ਆਜ਼ਾਦੀ ਦੇ 70 ਸਾਲ ਦੇ ਵਿਕਾਸ ਦੇ ਮਾਡਲ ਉਤੇ ਬਹੁਤ ਵੱਡਾ ਸਵਾਲੀਆ ਨਿਸ਼ਾਨ ਹੈ। ਸਾਲ 2011 ਦੀ ਜਨਗਣਨਾ ਦੇ ਮੁਤਾਬਿਕ ਦੇਸ਼ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਦੀ ਇੱਕਠੀ ਗਿਣਤੀ 30 ਕਰੋੜ ਤੋਂ ਵਧੇਰੇ ਹੈ। ਭਾਵ ਦੇਸ਼ ਦਾ ਹਰ ਚੌਥਾ ਆਦਮੀ ਦਲਿਤ ਜਾਂ ਆਦਿਵਾਸੀ ਹੈ। ਇੰਨੀ ਵੱਡੀ ਅਬਾਦੀ ਜੇਕਰ ਸਵਾ ਲੱਖ ਇਹੋ ਜਿਹੇ ਲੋਕ ਪੈਦਾ ਨਹੀਂ ਕਰ ਪਾ ਰਹੀ, ਜਿਹੜੇ 10 ਲੱਖ ਰੁਪਏ ਤੋਂ ਜਿਆਦਾ ਕਰਜ਼ਾ ਲੈ ਸਕਣ ਤਾਂ ਇਸਦਾ ਮਤਲਬ ਹੈ ਕਿ ਭਾਰਤ ਵਿੱਚ ਵਿੱਤੀ ਵਿਵਸਥਾ ਦਾ ਕੰਮ ਲਗਭਗ ਪੂਰੀ ਤਰ੍ਹਾ ਅਧੂਰਾ ਪਿਆ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਗੁਰੂ ਘਰ ਦੀ ਮਨਜ਼ੂਰੀ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਕਰਵਾਏ

**ਬੇਅ-ਏਰੀਆ-** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਕਮੇਟੀ ਨੇ ਗੁਰੂ ਘਰ ਦੀ ਮਨਜ਼ੂਰੀ ਦੀ ਖੁਸ਼ੀ ਵਿਚ ਨਿਊਆਰਕ ਕਮਿਊਨਿਟੀ ਸੈਂਟਰ ਵਿਖੇ ਬੀਤੇ ਐਤਵਾਰ 14 ਜਨਵਰੀ ਨੂੰ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਸਮਾਗਮ ਕਰਵਾਇਆ।

ਇਸ ਸ਼ੁਭ ਮੌਕੇ ਤੇ ਸੰਗਤ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਕੌਂਸਲ ਮੈਂਬਰ ਗੈਰੀ ਸਿੰਘ ਅਤੇ ਪਲਾਨਿੰਗ ਕਮਿਸ਼ਨ ਦੇ ਚੇਅਰਮੈਨ ਹਰਪਾਲ ਸਿੰਘ ਮਾਨ ਨੇ ਸੰਗਤ ਨੂੰ ਗੁਰੂ ਘਰ ਦੀ ਮਨਜ਼ੂਰੀ ਦੀਆਂ ਵਧਾਈਆਂ ਦਿੱਤੀਆਂ ਅਤੇ ਇਸਦੀ ਜਲਦੀ ਸ਼ੁਰੂਆਤ ਕਰਨ ਲਈ ਕਿਹਾ। ਇਸ ਮੌਕੇ ਸਭਾ ਦੇ ਪ੍ਰਧਾਨ ਕੇਵਲ ਸਿੰਘ ਨੇ ਇਹਨਾਂ ਸਿਟੀ ਆਫਿਸ ਮੈਂਬਰਾਂ ਦਾ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਦੀ ਸੇਵਾ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਵਾਹਿਗੁਰੂ ਦਾ ਪ੍ਰਾਜੈਕਟ ਅਪਰੂਵਲ ਦੀ ਖੁਸ਼ੀ ਵਿਚ ਸ਼ੁਕਰਾਨਾ ਕੀਤਾ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਵਿਨੋਦ ਕੁਮਾਰ ਚੁੰਬਰ ਨੇ ਆਪਣੀ ਪੂਰੀ ਟੀਮ ਅਤੇ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਸੁਖਰਾਜ ਜੀ, ਰਾਮ ਮੂਰਤੀ ਸਰੋਏ, ਹਰਬੰਸ ਸਿੰਘ ਮਹੇ, ਅਮਰੀਕ ਚੰਦ ਲਾਖਾ, ਕਰਨੈਲ ਸਿੰਘ, ਹਰਮੇਸ਼ ਲਾਲ ਮਦਾਰਾ, ਰਾਮਮੂਰਤੀ, ਤੇਜਾ ਸਿੰਘ ਖਹਿਰਾ, ਮੋਹਿੰਦਰ ਸਿੰਘ ਮਾਹੀ ਅਤੇ ਸਿੱਧੂ ਫੈਮਲੀ ਦਾ ਧੰਨਵਾਦ ਕੀਤਾ।

ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਦੱਸਿਆ ਕਿ ਸਾਨੂੰ ਗੁਰੂ ਘਰ ਦੀ ਸਖਤ ਜ਼ਰੂਰਤ ਹੈ। ਇਸ ਦਰਮਿਆਨ ਹੈਡ ਗ੍ਰੰਥੀ ਭਾਈ ਬਲਦੇਵ ਸਿੰਘ ਜੀ ਦੇ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਅਰਦਾਸ ਕੀਤੀ ਕਿ ਸਮੂਹ ਸਾਧ ਸੰਗਤ ਮਿਲ ਜੁਲ ਕੇ ਇਸ ਪ੍ਰਾਜੈਕਟ ਨੂੰ ਜਲਦੀ ਮੁਕੰਮਲ ਕਰੇ। ਸਭਾ ਵੱਲੋਂ ਉਚੇਚੇ ਤੌਰ ਤੇ ਪਹੁੰਚੇ ਗੈਰੀ ਸਿੰਘ ਅਤੇ ਹਰਪਾਲ ਮਾਨ ਦਾ ਸਨਮਾਨ ਵੀ ਕੀਤਾ ਗਿਆ।

**(ਤਸਵੀਰਾਂ ਦੇਖੋ ਸਫਾ 11 'ਤੇ)**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਗੁਰੂ ਘਰ ਦੀ ਮਨਜ਼ੂਰੀ ਦੀ ਖੁਸ਼ੀ ਵਿਚ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਕਰਵਾਏ



















ਬਾਲਯੋਗੀ ਪਰਗਟਨਾਥ ਜੀ
ਗੱਦੀ ਨਸ਼ੀਨ ਡੇਰਾ ਲਾਲ ਨਾਥ ਰਹੀਮਪੁਰ

ਸੰਤ ਕ੍ਰਿਸ਼ਨ ਨਾਥ ਜੀ
ਗੱਦੀਨਸ਼ੀਨ ਡੇਰਾ 108 ਸੰਤ ਫੂਲਨਾਥ, ਚਹੇੜੂ

## ਜੀ ਦੇ ਆਸ਼ੀਰਵਾਦ ਨਾਲ

# ਦੂਸਰਾ ਸਿੱਖਿਆ ਸੈਮੀਨਾਰ

## ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਜੀ ਨੂੰ ਸਮਰਪਿਤ




ਮਾਨਵ ਕਲਿਆਣ ਐਜੂਕੇਸ਼ਨ ਸੁਸਾਇਟੀ (ਰਜਿ.) ਵੱਲੋਂ ਦੂਸਰਾ ਸਿੱਖਿਆ ਸੈਮੀਨਾਰ ਮਿਤੀ 21 ਜਨਵਰੀ 2018 ਦਿਨ ਐਤਵਾਰ ਨੂੰ ਰੈਡ ਕ੍ਰਾਸ ਭਵਨ ਲਾਜਪਤ ਨਗਰ, ਜਲੰਧਰ ਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੋਗਰਾਮ ਸਵੇਰੇ ਵਜੇ ਹੋਵੇਗਾ, ਜਿਸ ਵਿਚ ਇਸ ਸੁਸਾਇਟੀ ਵੱਲੋਂ 19-11-2017 ਨੂੰ ਕਰਵਾਏ ਪਹਿਲੇ ਸਿੱਖਿਅਕ ਮੁਕਾਬਲੇ ਦੇ ਪਹਿਲੇ 125 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰੀ ਰਾਮ ਚੰਦ ਸੰਗਰ ਜੀ ਵੱਲੋਂ ਕੀਤੀ ਜਾਵੇਗੀ।

## ਪ੍ਰੋਗਰਾਮ

ਅਜੋਤੀ ਪ੍ਰਚੰਡ ਸਵੇਰੇ 10 ਵਜੇ
ਪਰਮਵੀਰ ਸੋਵੀਨਾਰ ਰਿਲੀਜ਼ ਸਵੇਰੇ 10.30 ਵਜੇ
ਸਵਾਗਤੀ ਭਾਸ਼ਣ- ਸਵੇਰੇ 10.45 ਵਜੇ
ਸੰਤਾਂ ਦਾ ਆਸ਼ੀਰਵਾਦ ਸਵੇਰੇ 10.50 ਵਜੇ
ਬੱਚਿਆਂ ਵੱਲੋਂ ਸੰਸਕ੍ਰਿਤਕ ਪ੍ਰੋਗਰਾਮ ਸਵੇਰੇ 11 ਵਜੇ
ਸਨਮਾਨ ਸਮਾਰੋਹ ਆਰੰਭ ਸਵੇਰੇ 11.30 ਵਜੇ
ਮੁੱਖ ਮਹਿਮਾਨਾਂ ਦਾ ਸੰਦੇਸ਼ ਦੁਪਹਿਰ 12.30 ਵਜੇ
ਪ੍ਰੀਤੀ ਭੋਜ ਦੁਪਹਿਰੇ 1.30 ਵਜੇ

**ਪ੍ਰੋਗਰਾਮ ਦੇ ਮੁੱਖ ਮਹਿਮਾਨ** ਸ੍ਰੀ ਸੁਸ਼ੀਲ ਰਿੰਕੂ ਜੀ (ਵਿਧਾਇਕ) ਅਤੇ ਸ. ਪਰਗਟ ਸਿੰਘ ਜੀ (ਵਿਧਾਇਕ) ਕਰਨਗੇ। **ਵਿਸ਼ੇਸ਼ ਮਹਿਮਾਨ** ਵਜੋਂ ਸ੍ਰੀ ਬਲਰਾਜ ਠਾਕੁਰ (ਕੌਂਸਲਰ) ਸ਼ਾਮਲ ਹੋਣਗੇ, ਸਪੇਨ ਤੋਂ ਵਿਸ਼ੇਸ਼ ਮਹਿਮਾਨ ਸ. ਕਮਲਜੀਤ ਸਿੰਘ ਸਿੱਧੂ (ਬਿਜਨਸਮੈਨ) ਸ਼ਾਮਲ ਹੋਣਗੇ, **ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ** ਸ੍ਰੀ ਗਣੇਸ਼ ਲਾਲ ਜੀ (ਸੀਨੀਅਰ ਡਵੀਜ਼ਨ ਮੈਨੇਜਰ, ਐਲ. ਆਈ. ਸੀ ਜਲੰਧਰ, ਸ੍ਰੀ ਹਰਸਿਮਰਨਜੀਤ ਸਿੰਘ ਬੰਟੀ (ਕੌਂਸਲਰ), ਸ੍ਰੀ ਮੇਜਰ ਸਿਘ (ਸੀਨੀਅਰ ਕਾਂਗਰਸ ਨੇਤਾ), ਸ. ਕਪੂਰ ਸਿੰਘ (ਮਾਰਕੀਟਿੰਗ ਮੈਨੇਜਰ ਐਲ. ਆਈ. ਸੀ., ਜਲੰਧਰ ਡਵੀਜਨ), ਸ੍ਰੀ ਉਂਕਾਰ ਰਾਜੀਵ ਟਿੱਕਾ (ਕੌਂਸਲਰ), ਸ੍ਰੀ ਵਿਨੋਦ ਦਿਲੌਰੀ (ਕਾਰੋਬਾਰੀ), ਸ. ਕਿਰਪਾਲ ਸਿੰਘ ਜੀ (ਸੀਨੀਅਰ ਬਰਾਂਚ ਮੈਨੇਜਰ ਐਲ. ਆਈ. ਸੀ.), ਸ੍ਰੀ ਜੀਵਨ ਸਿੰਘ (ਮੈਂਬਰ ਸੀ. ਈ. ਸੀ. ਵਾਲਿਕ), ਸ੍ਰੀ ਵਿਨੋਦ ਕੌਲ (ਪ੍ਰਧਾਨ ਵਾਲਿਕ, ਜਲੰਧਰ ਮੰਡਲ), ਸ੍ਰੀ ਹਰੀਕ੍ਰਿਸ਼ਨ ਧੀਰ (ਸਮਾਜ ਸੇਵੀ), ਸ੍ਰੀ ਮਲੋਜ ਅਰੋੜਾ (ਸਮਾਜ ਸੇਵਕ), ਸ੍ਰੀ ਗੀਤ ਰਤਨ ਖਹਿਰਾ (ਸੀਨੀਅਰ ਕਾਂਗਰਸੀ ਨੇਤਾ), ਸ੍ਰੀ ਚੰਦਨ ਗਰੇਵਾਲ (ਪ੍ਰਧਾਨ ਨਗਰ ਨਿਗਮ ਜਲੰਧਰ), ਸ੍ਰੀ ਅਸ਼ੋਕ ਭੀਲ (ਪ੍ਰਧਾਨ ਨਗਰ ਨਿਗਮ ਜਲੰਧਰ), ਸ੍ਰੀ ਨਰੇਸ਼ ਪਟਵਾਰੀ (ਸਮਾਜ ਸੇਵਕ) ਆਦਿ ਹੋਣਗੇ।

## ਵਿਦਿਆਰਥੀਆਂ ਦੇ ਸਨਮਾਨ ਕਰਤਾ

ਸ੍ਰੀਮਤੀ ਸਰਲਾ ਨਾਹਰ, ਸ੍ਰੀ ਚਮਨ ਲਾਲ ਹੰਸ, ਮਿਸ ਅਕਸ਼ਰਾ ਜੋਤੀ ਮਾਨ, ਸ਼੍ਰੀਮਤੀ ਰਾਜ ਰਾਣੀ, ਸ੍ਰੀਮਤੀ ਦਰਸ਼ਨਾ ਰਾਣੀ, ਸ੍ਰੀ ਮੋਹਣ ਲਾਲ ਬੱਤਰਾ, ਸ੍ਰੀਮਤੀ ਸੁਲੇਖਾ ਬੱਤਰਾ, ਸ੍ਰੀ ਆਰ. ਕੇ. ਚੋਪੜਾ, ਡਾ. ਜੀਵਨ ਸਹੋਤਾ, ਸ੍ਰੀ ਮਨੋਜ ਕੁਮਾਰ, ਸ੍ਰੀ ਜਗਦੀਸ਼ ਮਿੱਤਰ ਭਗਤ, ਸ੍ਰੀ ਆ. ਕੇ. ਪੰਜਗੋਤਰਾ, ਸ੍ਰੀ ਗੁਲਸ਼ਨ ਸੋਢੀ, ਸ੍ਰੀ ਸਰਵਣ ਸਿੰਘ ਮਿੰਡਾ, ਸ੍ਰੀ ਪਰਮਜੀਤ ਵਿਰਦੀ, ਪ੍ਰੋ. ਵਿਪਨ ਮੱਟੂ, ਸ. ਸੁਰਜੀਤ ਸਿੰਘ ਮੱਟੂ, ਸ੍ਰੀ ਵਿਜੈ ਗਿੱਲ, ਸ੍ਰੀ ਕੁਲਵਿੰਦਰ ਸਿੰਘ, ਸ. ਆਰੀ ਐਸ. ਨਾਗਪਾਲ, ਸ੍ਰੀ ਦਵਿੰਦਰ ਧੀਰ, ਸ੍ਰੀ ਲਵ ਕੁਮਾਰ ਚੁੱਘ, ਸ੍ਰੀ ਰਾਮ ਅਵਤਾਰ, ਸ੍ਰੀ ਜੈਪਾਲ ਸਿੱਧੂ, ਸ੍ਰੀ ਤਰਸੇਮ ਚੌਧਰੀ, ਸ੍ਰੀ ਅਸ਼ੋਕ ਸਹੋਤਾ, ਸ੍ਰੀ ਰਜਨੀਸ਼ ਰਾਜਪੂਤ, ਸ੍ਰੀ ਵਿਜੈ ਗਰੇਵਾਲ, ਸ੍ਰੀ ਵਿਜੈ ਹੰਸ, ਸ੍ਰੀ ਜਸਵੀਰ ਪਾਰਸ, ਸ੍ਰੀ ਰਾਜਕੁਮਾਰ ਗਰੇਵਾਲ, ਸ੍ਰੀ ਚੇਤਰਾਮ ਹੀਰ, ਸ੍ਰੀ ਬਿਸ਼ਨਦਾਸ ਸਹੋਤਾ, ਸ੍ਰੀ ਸਤਪਾਲ ਸਹੋਤਾ, ਸ੍ਰੀ ਮੋਹਨ ਲਾਲ ਘਾਵਰੀ, ਸ੍ਰੀ ਮੁਕੇਸ਼ ਆਨੰਦ ਅਤੇ ਸ੍ਰੀ ਪਰਮਿੰਦਰ ਸਿੰਘ।

ਸਿੱਖਿਅਕ ਮੁਕਾਬਲਾ ਇੰਚਾਰਜ: ਲੈਕਚਰਾਰ ਬੇਲੀ ਰਾਮ ਸਹੋਤਾ ਜੀ

## ਕੈਲੇਫੋਰਨੀਆ ਦਾ ਸਮੂਹ ਭਾਈਚਾਰਾ ਅਜਿਹੇ ਉਦਮਾਂ ਦਾ ਨਿੱਠ ਕੇ ਸਮਰਥਨ ਕਰਦਾ ਹੈ

# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ)

**President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.**


# ਸਿੱਖ ਇਤਿਹਾਸਕਾਰ ਡਾ.ਸੁਖਪ੍ਰੀਤ ਸਿੰਘ ਉਦੋਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਪਹੁੰਚੇ

ਸਿੱਖ ਇਤਿਹਾਸਕਾਰ ਡਾ. ਸੁਖਪ੍ਰੀਤ ਸਿੰਘ ਉਦੋਕੇ, ਬਹੁਤ ਹੀ ਹਰਮਨ ਪਿਆਰੇ ਕਥਾਵਾਚਕ ਬੀਤੇ 13 ਜਨਵਰੀ 2018 ਐਤਵਾਰ ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਪਹੁੰਚੇ, ਜਿੱਥੇ ਗੁਰੂ ਘਰ ਦੀ ਕਮੇਟੀ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਉਹ ਸਿੱਖ ਇਤਿਹਾਸ ਦੇ ਬਹੁਤ ਹੀ ਜ਼ਿਆਦਾ ਜਾਣਕਾਰੀ ਰੱਖਣ ਵਾਲੇ ਵਿਦਵਾਨ ਮੰਨੇ ਜਾਂਦੇ ਹਨ।ਉਹਨਾਂ ਇੱਥੇ ਸ੍ਰੀ ਗੁਰੂ ਰਵਿਦਾਸ ਜੀ ਅਤੇ ਸਿੱਖੀ ਬਾਰੇ ਆਮ ਜਾਣਕਾਰੀ ਸਾਂਝੀ ਕੀਤੀ।

ਗੁਰੂ ਘਰ ਦੀ ਕਮੇਟੀ ਵੱਲੋਂ ਉਹਨਾਂ ਦਾ ਇੱਥੇ ਪਹੁੰਚਣ ਤੇ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਆਉਂਦੇ ਰਹਿਣ ਲਈ ਬੇਨਤੀ ਕੀਤੀ। ਇਸ ਮੌਕੇ ਸੁਰਿੰਦਰ ਰੱਤੂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਨੇ ਇਸ ਸਮਾਗਮ ਦਾ ਆਯੋਜਨ ਕੀਤਾ।

ਗੁਰੂ ਘਰ ਵਿਖੇ ਇਸੇ ਦਿਨ ਲੋਹੜੀ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 300 ਤੋਂ ਜ਼ਿਆਦਾ ਗੁਰੂ ਘਰ ਦੇ ਸ਼ਰਧਾਲੂ ਪਹੁੰਚੇ ਹੋਏ ਸਨ। ਲੰਗਰ ਦੀ ਸੇਵਾ ਸੁੰਮਨ ਪਰਿਵਾਰ ਵੱਲੋਂ ਕੀਤੀ ਗਈ।

ਵਰਣਨਯੋਗ ਹੈ ਕਿ ਗੁਰੂ ਘਰ ਵਿਖੇ ਹੁੰਦੇ ਸਮਾਗਮਾਂ ਵਿਚ ਸੰਗਤ ਹਰ ਸਾਲ ਵਧਦੀ ਜਾ ਰਹੀ ਹੈ, ਜੋ ਕਿ ਮਾਣ ਵਾਲੀ ਗੱਲ ਹੈ। ਅਗਲੇ ਸਾਲ ਵੀ ਗੁਰੂ ਘਰ ਵਿਖੇ ਲੋਹੜੀ ਦਾ ਤਿਉਹਾਰ ਵੱਡੇ ਪੱਧਰ ਤੇ ਮਨਾਏ ਜਾਣ ਦਾ ਇਸ ਮੌਕੇ ਐਲਾਨ ਕੀਤਾ ਗਿਆ।


























ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

DHANDHAN SRI GURU RAVIDASS JI



Bole' So Nirbhay! Guru Ravidass Maharaj Ki Jai!

## Guru Piari Sadh Sangat Ji

**Devoted families are requesting entire Sangat to attend the following functions:**

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

Sri Guru Ravidass Sabha CA, Pittsburg is celebrating the 641st Parkash Utsav of SATGURU RAVIDASS JI on Sunday, February 4, 2018 at the temple as per program noted below:

**ARAMBH SHRI AKHAND PATH February 02, 2018 (Friday) 9:30 AM,**
**BHOG SHRI AKHAND PATH - February 04, 2018 (Sunday) 9:30 AM, KIRTAN DIWAN - After Bhog Ceremony until 2:30 PM**

Sangat will perform Langer and Path Sewa for this program. Prominent Kirtankars, distinguished Speakers and community leaders well versed with life and teachings of Satguru Ravidass ji will adorn the occasion.

Nishan Sahib Hoisting Ceremony February 03, 2018 (Saturday) at 3:00 PM.

Bhai Vinod Chumber and Bibi Pam Chumber are hosting the Nishan Sahib Sewa this year.

The Management Committee requests volunteers to help and assist to prepare and serve Langar, keep kitchen and Gurughar clean and organized, directing traffic/parking, and other Sewa.

**For Food and Vending stalls or any other sewa, please contact:**

**Chairman Ramesh Suman (925)366-3618 ,**
**President Kashmiri Bhatia (408)460-0262**
**General Secretary Dilbag Singh (209)834-4641.**
**Vice Chairman Narinder Chahal 209)627-7974**

The remodeling work going on in the Gurughar is obvious to the sangat.All the windows have been replaced and building is being retextured and painted along with other improvements by the dedicated family of Mr.Hardial Banga and Mrs Kalwant Banga at their own cost The entire community is thankful to the Banga family for their physical and monetary Karsewa. May Waheguru fulfill all their desires and keep the family in CHARDIKALA.

There are still few other projects pending that need to get off the ground. The next huge project will be to complete the front elevation and entrance and install domes as shown in the model site plan pictures being shown in the LANGAR HALL of Gurughar. In last few years, lot of improvements have been made with the help and support of SANGAT. The managing committee thank all the SANGAT for their continued financial support. These improvements were not possible without the support and help from everyone.

The entire sangat is once again requested to come forward with the same enthusiasm to start and complete the rest of the projects within the time frame given by the City of Pittsburg.

**THE ENTIRE SANGAT AND THEIR FAMILIES ARE HUMBLY REQUESTED TO BE THE PART OF THE PRAKASH UTSAV CELEBRATIONS AND GET BLESSINGS FROM FEB.2nd to FEB.4th.**

**Entire Sangat is requested to come with families and friends.**

***"NANAK NAM CHARDI KALA TERE BHANE SARBAT DA BHALA"***

**Sangat Sewadars**

| Chairman | President | General Secretary | Treasurer |
|---|---|---|---|
| Ramesh Suman | Kashmiri Bhatia | Dilbag Singh | Vinod Kumar |


### ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜਨਮ ਦਿਵਸ 'ਤੇ ਵਿਸ਼ੇਸ਼

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰੀ ਆਗੂ ਅਤੇ ਆਦਿ ਧਰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ ਨੂੰ



ਕੁਲਦੀਪ ਚੰਦ
9417563054

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਇਸ ਦੇਸ਼ ਦੀ ਸਮਾਜਿਕ ਬਣਤਰ ਕਾਰਨ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੌਰ ਤੇ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਹੋਣਾ ਪਿਆ ਹੈ। ਭਾਰਤੀ ਸਮਾਜ ਵਿੱਚ ਫੈਲੀ ਜਾਤ ਪਾਤ ਦੀ ਪ੍ਰਥਾ ਨੂੰ ਖਤਮ ਕਰਨ ਅਤੇ ਸਭ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜਣਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਕਾਰਨ ਬਾਬੂ ਜੀ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਉੱਚ ਜਾਤਿ ਅਧਿਆਪਕ ਨੇ ਬਾਬੂ ਜੀ ਦੀ ਬੇਰਹਿਮੀ ਨਾਲ ਕੁਟਾਈ ਕੀਤੇ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੌਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋ ਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫੀਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ।




ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੌਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਇਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਸਰਕਾਰ ਵਲੋਂ ਹੋਰ ਕਈ ਅਜ਼ਾਦੀ ਘੁਲਾਟੀਆਂ ਵਾਂਗ ਹੀ ਇਸ ਆਗੂ ਨੂੰ ਵੀ ਭੁਲਾ ਦਿਤਾ ਗਿਆ ਹੈ।

ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕੁੱਝ ਸਾਲ ਪਹਿਲਾਂ ਪਿੰਡ ਦੀ ਆਂਗਣਵਾੜੀ ਦਾ ਨਾਮ ਬਾਬੂ ਜੀ ਦੇ ਨਾਮ ਤੇ ਰੱਖਣ ਦਾ ਮਤਾ ਪਾਇਆ ਗਿਆ ਸੀ ਪਰ ਸਰਕਾਰ ਵਲੋਂ ਪੂਰੀ ਗਰਾਂਟ ਨਾਂ ਮਿਲਣ ਕਾਰਨ ਇਹ ਕੰਮ ਮੁਕੰਮਲ ਨਹੀਂ ਹੋਇਆ।

ਇਸੇ ਤਰਾਂ ਪਿੰਡ ਵਿੱਚ ਬਾਬੂ ਜੀ ਦੀ ਯਾਦਗਾਰ ਬਣਾਉਣ ਲਈ ਪੰਚਾਇਤ ਵਲੋਂ ਮਤਾ ਪਾਇਆ ਗਿਆ ਜਿਸਤੇ ਅਜੇ ਤੱਕ ਸਰਕਾਰ ਨੇ ਕੁੱਝ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਅਣਗੋਲੇ ਗਏ ਬਾਬੂ ਜੀ ਦਾ ਬੁੱਤ ਪਿੰਡ ਵਾਸੀਆਂ ਵਲੋਂ ਅਪਣੇ ਪੱਧਰ ਤੇ ਬਣਾਇਆ ਗਿਆ ਹੈ ਤਾਂ ਜੋ ਆਣ ਵਾਲੀਆਂ ਪੀੜ੍ਹੀਆਂ ਨੂੰ ਬਾਬੂ ਜੀ ਬਾਰੇ ਜਾਣਕਾਰੀ ਮਿਲ ਸਕੇ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਸੁਪਰੀਮ ਕੋਰਟ ਦਾ ਸਾਬਕਾ ਜੱਜ ਖੁੱਲ ਕੇ ਆਇਆ ਆਰ ਐਸ ਐਸ ਦੇ ਪੱਖ 'ਚ

## ਹੁਣ ਧਾਰਮਿਕ ਘੱਟ-ਗਿਣਤੀਆਂ ਅਤੇ ਪਿਛੜੇ ਕਿੱਧਰ ਜਾਣ



ਗੁਰਪ੍ਰੀਤ ਸਿੰਘ ਮਹਿਦੂਦਾਂ
91-98889-75440

ਭਾਰਤ ਦੀਆਂ ਘੱਟ ਗਿਣਤੀਆਂ (ਹਿੰਦੂ ਤੋਂ ਬਿਨ੍ਹਾਂ ਬਾਕੀ ਸਾਰੇ ਧਰਮ) ਅਤੇ ਪਿਛੜੇ ਵਰਗ (ਅਨੁਸੂਚਿਤ ਜਾਤੀ, ਜਨ ਜਾਤੀ ਅਤੇ ਹੋਰ ਪਿਛੜੀਆਂ ਜਾਤੀਆਂ) ਜਿਨ੍ਹਾਂ ਨੂੰ ਮਨੂੰ ਸਮਿਰਤੀ ਅਤੇ ਹੋਰ ਵੈਦਿਕ ਗ੍ਰੰਥਾਂ ਨੇ ਚੌਥੇ ਸੂਦਰ ਵਰਣ 'ਚ ਰੱਖਿਆ ਹੈ, ਦੀ ਬੁੱਧੀਜੀਵੀ ਲਾਂਬੀ ਅਕਸਰ ਹੀ ਦੁਹਾਈ ਪਾਉਂਦੀ ਸੁਣੀ ਗਈ ਹੈ ਕਿ ਉਹ ਹਿੰਦੋਸਤਾਨ ਵਿੱਚ ਸੁਰੱਖਿਅਤ ਨਹੀ ਹਨ। ਉਨ੍ਹਾਂ ਨੂੰ ਵਿਦੇਸ਼ੀ ਆਰੀਅਨ (ਉਪਰਲੇ ਤਿੰਨ ਵਰਣ ਬ੍ਰਾਹਮਣ, ਕਸ਼ੱਤਰੀ ਅਤੇ ਵੈਸ) ਦੇ ਰਾਜ ਵਾਲੇ ਹਿੰਦੋਸਤਾਨ ਵਿੱਚ ਇਸ ਦੇਸ਼ ਦੇ ਮੂਲਨਿਵਾਸੀ ਹੋਣ ਦੇ ਨਾਤੇ ਕੋਈ ਵਿਸ਼ੇਸ ਅਧਿਕਾਰ ਦੇਣਾ ਤਾਂ ਦੂਰ, ਭਾਰਤੀ ਸੰਵਿਧਾਨ ਦੁਆਰਾ ਦਿੱਤੇ ਅਧਿਕਾਰਾਂ ਦੀ ਵੀ ਵਰਤੋਂ ਨਹੀ ਕਰਨ ਦਿੱਤੀ ਜਾ ਰਹੀ।

ਉਨ੍ਹਾਂ ਨੂੰ ਲੋਕਤੰਤਰ ਦੇ ਚਾਰਾਂ ਥੰਮਾਂ (ਕਾਰਜਪਾਲਿਕਾ, ਵਿਧਾਨਪਾਲਿਕਾ, ਨਿਆ ਪਾਲਿਕਾ ਅਤੇ ਮੀਡੀਆ) ਵਿੱਚ ਵੀ ਕੋਈ ਯੋਗ ਥਾਂ ਨਹੀ ਦਿੱਤੀ ਗਈ। ਜੇਕਰ ਇਸ ਵਰਗ ਵਿੱਚੋਂ ਉਪਰੋਕਤ ਵਿੱਚ ਕਿਸੇ ਨੂੰ ਕੋਈ ਆਮ ਥਾਂ ਦਿੱਤੀ ਵੀ ਗਈ ਹੈ ਤਾਂ ਉਹ ਰਬੜ ਦੀ ਮੋਹਰ ਤੋਂ ਵੱਧ ਹੋਰ ਕੁਝ ਸਾਬਿਤ ਨਹੀ ਹੋਈ। ਕਿਉਂਕਿ ਉਸਨੇ ਵਿਦੇਸ਼ੀ ਆਰੀਅਨ ਤੋਂ ਬਾਹਰਾ ਹੋ ਕੇ ਜਿਸ ਪਲ ਆਪਣੇ ਬਾਰੇ ਗੱਲ ਕੀਤੀ ਉਹ ਪੱਲ ਉਸਦਾ ਆਖਰੀ ਪਲ ਸਾਬਿਤ ਹੋਇਆ।

ਗੱਲ ਵਿਸ਼ੇ ਤੇ ਕਰਦੇ ਹਾਂ ਕਿ ਵਿਦੇਸ਼ੀ ਆਰੀਅਨ ਲਾਂਬੀ ਦਾ ਸਤਾਇਆ ਕੋਈ ਵੀ ਪੀੜਤ ਅਖੀਰ ਵਿੱਚ ਨਿਆ ਲੈਣ ਲਈ ਜਦੋਂ ਨਿਆ ਪਾਲਕਾ ਭਾਵ ਅਦਾਲਤਾਂ ਵਿੱਚ ਜਾਂਦਾ ਹੈ ਤਾਂ ਉਸ ਨੂੰ ਇਨਸਾਫ ਮਿਲਣ ਦੀ ਬਜਾਏ ਅਕਸਰ ਨਿਰਾਸ਼ਾ ਹੀ ਮਿਲਦੀ ਹੈ। ਰੋਂਦੀਆਂ ਕੁਰਲਾਉਂਦੀਆਂ ਕਲਮਾਂ ਨੇ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ (1984 ਦੇ ਸਿੱਖ ਕਤਲੇਆਮ ਅਤੇ 2002 ਦਾ ਗੋਧਰਾ ਕਾਂਡ ਬਗੈਰਾ, ਬਗੈਰਾ) ਨੂੰ ਕਲਮਬੱਧ ਕਰਕੇ ਤੜਫਦੀਆਂ ਲਿਖਤਾਂ ਦਿੱਤੀਆਂ ਜੋ ਅੱਜ ਵੀ ਬੁੱਢੀਆਂ, ਥੱਕੀਆਂ ਪਰ ਆਸਾਂ ਨਾਲ ਭਰੀਆਂ ਨਜਰਾਂ ਨਾਲ ਇਨਸਾਫ ਦੀਆਂ ਸਰਦਲਾਂ ਵੱਲ ਟਿਕਟਿਕੀ ਲਗਾ ਕੇ ਦੇਖ ਰਹੀਆਂ ਹਨ। ਪਰ ਕਿਉਂ? ਜਿਨ੍ਹਾਂ ਵੱਲ ਉਹ ਕੁਝ ਦਹਾਕਿਆਂ ਤੋਂ ਨਹੀ ਬਲਕਿ ਸਦੀਆਂ ਤੋਂ ਏਸੇ ਆਸ ਨਾਲ ਤੱਕਦੀਆਂ ਰਹੀਆਂ ਕਿ ਉਹ ਇਨ੍ਹਾਂ ਦੀ ਕੋਈ ਸਾਰ ਲੈਣਗੀਆ, ਫੇਰ ਹੋਰ ਸਮਾਂ ਏਸੇ ਲਈ ਬਰਬਾਦ ਕਿਉਂ? ਮੇਰਾ ਨਿੱਜੀ ਜਵਾਬ ਤਾਂ ਏਹੀ ਹੈ ਕਿ ਨਹੀਂ, ਸਾਇਦ ਕਦੇ ਵੀ ਨਹੀ। ਜਿਸਨੇ ਮੇਰੇ ਇਸ ਜਵਾਬ ਤੇ ਉਦੋਂ ਆਪਣੀ ਮੋਹਰ ਲਗਾ ਦਿੱਤੀ ਜਦੋਂ ਮੈਂ ਕੱਲ ਪੜਿਆ ਕਿ ਦੇਸ਼ ਦੀ ਸੱਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ (ਹਰ ਅਦਾਲਤ ਚੋਂ ਹਾਰਿਆ ਪੀੜਤ ਇਨਸਾਫ ਲੈਣ ਲਈ ਅਖੀਰ ਇਸ ਦਰਵਾਜੇ ਤੇ ਦਸਤਕ ਦਿੰਦਾ ਹੈ) ਦਾ ਸਾਬਕਾ ਜੱਜ ਏਹ ਕਹਿ ਰਿਹਾ ਹੋਵੇ ਕਿ ਦੇਸ਼ ਦੇ ਸੰਵਿਧਾਨ, ਲੋਕਤੰਤਰ ਅਤੇ ਫੌਜ ਤੋਂ ਬਾਅਦ ਦੇਸ਼ ਦੇ ਲੋਕਾਂ ਦੀ ਸੁਰੱਖਿਆ ਨੂੰ ਆਰ ਐਸ ਐਸ ਹੀ ਯਕੀਨੀ ਬਣਾਉਂਦੀ ਹੈ। ਉਸਦਾ ਬਿਆਨ ਲੋਕਾਂ ਨੂੰ ਆਰ ਐਸ ਐਸ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਹੈ। ਲੋਕ ਆਰ ਐਸ ਐਸ ਨਾਲ ਜੁੜਨਗੇ, ਜਨ ਸੈਲਾਬ ਤਿਆਰ ਹੋਵੇਗਾ ਤੇ ਜਨ ਸੰਘੀਏ ਦੁਆਰਾ ਖਾਲਸ ਬ੍ਰਾਹਮਣਵਾਦੀ ਰਾਜ ਦੀ ਸਥਾਪਤੀ ਲਈ ਭਾਰਤੀ ਸੰਵਿਧਾਨ ਨੂੰ ਪਾਸੇ ਕੀਤਾ ਜਾਵੇਗਾ ਤੇ ਰੱਤੀ ਭਰ ਦੇਰ ਕੀਤਿਆਂ ਮਨੂੰ ਦਾ ਵਿਧਾਨ ਮੁੜ ਲਾਗੂ ਕਰ ਦਿੱਤਾ ਜਾਵੇਗਾ। ਏਨ੍ਹਾਂ ਹੀ ਨਹੀ ਸੁਪਰੀਮ ਕੋਰਟ ਦੇ ਇਸ ਸਾਬਕਾ ਜੱਜ ਕੇ ਟੀ ਥਾਮਸ ਨੇ ਬੰਗਲੋਰ 'ਚ (31 ਦਸੰਬਰ 2017) ਆਰ ਐਸ ਐਸ ਦੇ ਸਿਖਲਾਈ ਕੈਂਪ ਨੂੰ ਸੰਬੋਧਨ ਕਰਦਿਆਂ ਏਹ ਵੀ ਕਿਹਾ ਕਿ ਦੇਸ਼ ਨੂੰ ਐਮਰਜੈਂਸੀ ਤੋਂ ਅਜਾਦੀ ਦਿਵਾਉਣ ਦਾ ਸਿਹਰਾ ਵੀ ਮੈਂ ਆਰ ਐਸ ਐਸ ਨੂੰ ਦਿੰਦਾ ਹਾਂ। ਉਨ੍ਹਾਂ ਏਹ ਵੀ ਕਿਹਾ ਕਿ ਹਿੰਦੂ ਕਹਿੰਦੇ ਹੀ ਧਰਮ ਨਿਕਲ ਆਉਂਦਾ ਹੈ ਤੇ ਇਸ ਲਈ ਹਿੰਦੋਸਤਾਨ ਸਬਦ ਦਾ ਪ੍ਰਯੋਗ ਹੁੰਦਾ ਹੈ। ਸਮਝਦਾਰ ਪਾਠਕ ਤਾਂ ਮੇਰਾ ਇਸ਼ਾਰਾ ਸਮਝ ਹੀ ਗਏ ਅਤੇ ਜੋ ਨਹੀ ਸਮਝੇ ਉਨ੍ਹਾਂ ਨਹੀ ਹੋਰ ਚੰਦ ਸਬਦਾਂ ਦੀ ਵਰਤੋਂ ਜਰੂਰ ਕਰਾਂਗਾ।

ਮਾਨਯੋਗ ਜੱਜ ਸਾਬ੍ਹ ਜਿਸ ਆਰ ਐਸ ਐਸ ਦੀਆਂ ਤਾਰੀਫਾਂ ਦੇ ਪੁੱਲ ਬੰਨ ਰਹੇ ਹਨ ਅਸਲ ਵਿੱਚ ਉਸਨੇ ਕਦੇ ਵੀ ਦੇਸ਼ ਲਈ ਸਕਰਾਤਮਕ ਕੰਮ ਨਹੀ ਕੀਤਾ। ਉਹ ਆਪਣੀ ਗੈਰ ਬਰਾਬਰੀ ਦੀ ਵਿਚਾਰਧਾਰਾ ਦੇ ਚੱਲਦਿਆਂ ਹਮੇਸ਼ਾਂ ਦੇਸ਼ ਨੂੰ ਤੋੜਨ ਵੱਲ ਵਧਦੀ ਰਹੀ ਹੈ। ਇਸਦੇ ਭਗਤਾਂ ਦੁਆਰਾ ਇਸਦੀ ਰਾਸ਼ਟਰ ਭਗਤੀ ਦੇ ਸੋਹਲੇ ਤਾਂ ਗਾਏ ਜਾਂਦੇ ਹਨ ਪਰ ਅਸਲ ਵਿੱਚ ਜਦੋਂ ਪੂਰਾ ਦੇਸ਼ ਆਪਣੇ ਦੇਸ਼ ਭਗਤ ਹੋਣ ਦੇ ਸਬੂਤ ਦਿੰਦਿਆਂ ਅਜਾਦੀ ਦੀ ਲੜਾਈ ਲੜ੍ਹ ਰਿਹਾ ਸੀ ਤੇ ਹੱਸ ਹੱਸ ਕੇ ਫਾਂਸੀ ਖੜ੍ਹ ਰਿਹਾ ਸੀ ਉਦੋਂ ਏਹ ਅੰਗਰੇਜਾਂ ਦੀ ਪਿੱਠੂ ਬਣੀ ਹੋਈ ਸੀ। ਲੋਕਾਂ ਨੂੰ ਅੱਜ ਵਿਦੇਸ਼ੀ ਚੀਜਾਂ ਨਾ ਵਰਤਣ ਲਈ ਰੌਲਾ ਪਾ ਰਿਹਾ ਹੈ ਪਰ ਅੰਗੇਰਜ ਭਗਤ ਸਗੰਠਨ ਅੱਜ ਵੀ ਅੰਗਰੇਜੀ ਵਰਦੀ ਦੀ ਵਰਤੋਂ ਕਰ ਰਿਹਾ ਹੈ। ਏਹ ਉਸ ਮਨੂਸਮਿਰਤੀ ਨੂੰ ਮੁੜ ਲਾਗੂ ਕਰਨ ਲਈ ਕਾਹਲੀ ਵਿਖਾਈ ਦੇ ਰਿਹਾ ਹੈ ਜਿਸ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਪਹਿਲਾਂ 25 ਦਸੰਬਰ 1927 ਨੂੰ ਇਸਦੀਆਂ ਕਾਪੀਆਂ ਸਾੜ ਕੇ ਅਰਥੀ ਤੱਕ ਪਹੁੰਚਾ ਦਿੱਤਾ ਸੀ ਅਤੇ ਬਾਅਦ ਵਿੱਚ ਉਨ੍ਹਾਂ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਕਰ ਹਰ ਵਿਆਕਤੀ ਨੂੰ ਬਰਾਬਰ ਦਾ ਦਰਜਾ ਤੇ ਅਧਿਕਾਰ ਦੇ ਕੇ ਇਸਨੂੰ ਰਾਖ ਤਾਂ ਬਣਾ ਦਿੱਤਾ ਸੀ।

ਪਰ ਸਾਡੇ ਵੱਲੋਂ ਇਸਦੀ ਆਖਰੀ ਕਿਰਿਆ ਕਰਦਿਆਂ ਨਾ ਤਾਂ ਇਸਨੂੰ ਜਲ ਪ੍ਰਵਾਹ ਕਰ ਸਦੀਵੀ ਠੰਡਾ ਕੀਤਾ ਗਿਆ ਅਤੇ ਨਾ ਹੀ ਇਸਦੀ ਮਾਨਵਤਾ ਵਿਰੋਧੀ ਵਿਚਾਰਧਾਰਾ ਨੂੰ ਡੂੰਘਾਂ ਦੱਬਿਆ ਗਿਆ। ਭਾਵੇਂ ਕਿ 1925 'ਚ ਪੈਦਾ ਹੋਈ ਆਰ ਐਸ ਐਸ ਦੀ ਬ੍ਰਾਹਮਣਵਾਦੀ ਲਾਂਬੀ ਨੇ ਗੁਲਾਮ ਭਾਰਤ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਮੁੜ ਆਪਣੇ ਮੂਲ ਵੈਦਿਕ ਧਰਮ (ਸਨਾਤਨ ਧਰਮ) ਨੂੰ ਮਜਬੂਤ ਕਰਨ ਦੇ ਇਰਾਦੇ ਨਾਲ ਮਨੂੰਸਮਿਰਤੀ ਦੀ ਗੈਰ ਬਰਾਬਰੀ ਦੀ ਵਿਚਾਰਾਧਾਰਾ ਤੇ ਕੰਮ ਕਰਨਾ ਸੂਰੂ ਕਰ ਦਿੱਤਾ ਸੀ ਅਤੇ ਏਸੇ ਕੜੀ ਤਹਿਤ ਇਸਨੇ ਬਾਅਦ ਵਿੱਚ ਇਸਦੀ ਮਨੁੱਖਤਾ ਵਿਰੋਧੀ ਵਿਚਾਰਧਾਰਾ ਨੂੰ ਜਿਉਂਦਾ ਰੱਖਣ ਲਈ ਇਸਦੀ ਰਾਖ ਤੇ ਫੂਕਾਂ ਮਾਰ ਮਾਰ ਮੁੜ ਜੀਵਤ ਕਰਨ ਦੀ ਸਫਲ ਕੋਸ਼ਿਸ ਕੀਤੀ। ਦੇਸ਼ ਵਿੱਚ ਯੋਜਨਾਬੱਧ ਕੀਤੀਆਂ ਬਹੁਤ ਸਾਰੀਆਂ ਘਟਨਾਵਾਂ ਇਸਦੀ ਸੁਰਜੀਤੀ ਦੀਆਂ ਉਦਾਹਰਨਾਂ ਹੀ ਮੰਨੀਆਂ ਜਾ ਸਕਦੀਆਂ ਹਨ। ਜੇਕਰ ਦੇਸ਼ ਦੀ ਸਰਵ ਉੱਚ ਅਦਾਲਤ ਦੇ ਸਾਬਕਾ ਜੱਜ ਤੇ ਇਸਦਾ ਪ੍ਰਭਾਵ ਸਾਫ ਦਿਖਾਈ ਦੇ ਰਿਹਾ ਹੈ ਤਾਂ ਉਨ੍ਹਾਂ ਵਰਗੇ ਹੋਰ ਕਿੰਨੇ ਜੱਜ ਹੋਣਗੇ ਜਿਨ੍ਹਾਂ ਤੇ ਆਰ ਐਸ ਐਸ ਸਿੱਧਾ ਪ੍ਰਭਾਵ ਰੱਖਦੀ ਹੋਵੇਗੀ ਤਾਂ ਇਨਸਾਫ ਲਈ ਹੱਥ ਅੱਡੀ ਖੜ੍ਹੀ ਘੱਟ ਗਿਣਤੀ ਅਤੇ ਪਿਛੜੇ ਵਰਗ ਦਾ ਜੋ ਹਸਰ ਹੋ ਰਿਹਾ ਹੈ ਉਸਦੀ ਤਸ਼ਵੀਰ ਵੀ ਲੱਗਭਗ ਸਾਫ ਹੀ ਹੋ ਚੁੱਕੀ ਹੈ। ਏਹੀ ਹਾਲ ਲੋਕਤੰਤਰ ਦੇ ਬਾਕੀ ਬੱਚਦੇ ਤਿੰਨਾਂ ਥੰਮਾਂ ਦਾ ਹੈ।

ਹਿੰਦੂਤਵ ਤੇ ਚਾਰ ਸਬਦ ਲਿਖ ਕੇ ਗੱਲ ਖਤਮ ਕਰਾਂਗਾ ਕਿ ਜਦੋਂ ਭਾਰਤ ਗੁਲਾਮ ਸੀ ਤਾਂ 1916 ਤੋਂ ਬਾਅਦ ਬਾਲਗ ਮੱਤ ਅਧਿਕਾਰ ਦੀ ਚਰਚਾ ਛਿੜੀ ਸੀ ਭਾਵ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਣਾ ਸੀ ਭਾਵ ਜਿਸਦੀਆਂ ਵੋਟਾਂ ਜਿਆਦਾ ਉਸੇ ਦਾ ਰਾਜ। ਜੇਕਰ ਮੌਜੂਦਾ ਸਮੇਂ ਸੱਤਾ ਤੇ ਕਾਬਜ ਵਰਗ (ਕੇਵਲ ਉਪਰਲੇ 3 ਵਰਨਾਂ ਦੇ ਆਰੀਅਨ) ਜਿਨ੍ਹਾਂ ਦੀ ਗਿਣਤੀ 15 ਫੀਸਦੀ ਹੈ ਵੈਦਿਕ ਜਾਂ ਸਨਾਤਨ ਧਰਮੀਂ ਬਣੇ ਰਹਿੰਦੇ ਤਾਂ ਇਹ ਘੱਟ ਗਿਣਤੀ ਹੋ ਜਾਣੇ ਸਨ। ਇਹ ਵੀ ਸੱਚਾਈ ਹੈ ਕਿ ਆਰ ਐਸ ਐਸ ਦੀ ਹੋਂਦ ਤੋਂ ਪਹਿਲਾਂ ਇਨ੍ਹਾਂ ਨੇ ਕਦੇ ਵੀ ਖੁਦ ਨੂੰ ਹਿੰਦੂ ਨਹੀ ਕਿਹਾ ਤੇ ਏਹ ਵੀ ਸੱਚਾਈ ਹੈ ਕਿ ਹਿੰਦੂ ਫਾਰਸ਼ੀ ਦਾ ਸਬਦ ਹੈ ਅਤੇ ਮੁਗਲਾਂ ਨੇ ਭਾਰਤ 'ਚ ਰਹਿੰਦੇ ਸਾਰੇ ਲੋਕਾਂ ਨੂੰ ਮਾੜਾ ਕਹਿਣ ਲਈ ਇਸ ਸਬਦ ਦੀ ਵਰਤੋਂ ਕੀਤੀ ਸੀ।

ਇਨ੍ਹਾਂ ਨੇ ਗੁੰਮਰਾਹਕੁੰਨ ਪ੍ਰਚਾਰ ਅਤੇ ਮਿਥਿਹਾਸ ਜਰੀਏ ਖੁਦ ਨੂੰ ਬਹੁਗਿਣਤੀ ਬਣਾਉਣ ਲਈ ਹਿੰਦੂ ਨਾ ਹੋਣ ਤੇ ਵੀ ਹਿੰਦੂ ਹੋਣ ਦਾ ਰੌਲਾ ਪਾਇਆ ਤੇ ਭਾਰਤ ਦੇ ਮੂਲਨਿਵਾਸੀਆਂ (85 ਫੀਸਦੀ ਅਬਾਦੀ) ਨੂੰ ਹੀ ਅਖੌਤੀ ਹਿੰਦੂ ਬਣਾ ਕੇ ਬਹੁਗਿਣਤੀ ਬਣ ਗਏ। ਦੂਸਰੀ ਚਲਾਕੀ ਧਰਮਾਂ ਦੀ ਵੰਡ ਦਾ ਪੱਤਾ ਖੇਡਦਿਆਂ ਬਾਕੀਆਂ ਨੂੰ (ਸਿੱਖਾਂ, ਬੋਧੀਆਂ, ਮੁਸਲਿਮਾਂ, ਈਸਾਈਆਂ, ਜੈਨੀਆਂ, ਪਾਰਸੀਆਂ ਅਤੇ ਹੋਰਾਂ ਨੂੰ) ਘੱਟ ਗਿਣਤੀ ਕਰਨ ਦੀ ਕੀਤੀ।

ਤੀਸਰੀ ਚਲਾਕੀ ਖੁਦ ਨੂੰ ਸੱਤਾ ਤੇ ਕਾਇਮ ਰੱਖਣ ਲਈ ਅਖੌਤੀ ਹਿੰਦੂਆਂ ਨੂੰ ਮੁੜ 6743 ਜਾਤੀਆਂ ਦੇ ਬਖੇੜੇ 'ਚ ਉਲਝਾ ਕੇ ਘੱਟ ਗਿਣਤੀ ਕਰ ਦਿੱਤਾ। ਜੇਕਰ ਦੇਸ਼ ਨੂੰ ਆਰ ਐਸ ਐਸ ਜਾਂ ਬ੍ਰਾਹਮਣਵਾਦੀ ਅਜਗਰ ਤੋਂ ਬਚਾਉਣ ਹੈ ਤਾਂ ਭਾਰਤੀਆਂ ਨੂੰ ਬਹੁਗਿਣਤੀ ਹੋਣਾ ਹੋਵੇਗਾ ਕਿਉਂਕਿ ਇਤਿਹਾਸ ਗਵਾਹ ਹੈ ਕਿ ਘੱਟ ਗਿਣਤੀਆਂ ਤੇ ਬਹੁਗਿਣਤੀ ਹੀ ਰਾਜ ਕਰਦਾ ਹੈ। *(ਚੱਲਦਾ)*

# ਜਪੁਜੀ ਦਾ ਰੱਬ (ਭਾਗ 3)



ਡਾ: ਗੋਬਿੰਦਰ ਸਿੰਘ ਸਮਰਾਓ
ਸੰਪਰਕ : 408-634-2310

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਦੀ ਬਾਣੀ ਦਾ ਪ੍ਰਮੁੱਖ ਅੰਗ ਹੈ। ਸਾਢੇ ਸੱਤ ਪੰਨਿਆਂ ਦੀ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਦਰਜ਼ ਹੈ। ਇਸ ਦੀ ਮਹਾਨਤਾ ਨੂੰ ਮੁੱਖ ਰੱਖ ਕੇ ਇਸ ਨੂੰ ਅਕਸਰ ਗੁਰੂ ਗਰੰਥ ਸਾਹਿਬ ਦੀ "ਕੁੰਜੀ" ਕਿਹਾ ਜਾਂਦਾ ਹੈ। ਇਸ ਵਿਚ ਗੁਰੂ ਜੀ ਨੇ ਨਿਰੋਲ "ਸਿੱਖ" ਫਿਲਾਸਫੀ ਦੀ ਗੱਲ ਕੀਤੀ ਹੈ। ਇਹ ਫਿਲਾਸਫੀ ਹਿੰਦੂ ਤੇ ਇਸਲਾਮੀ ਵਿਚਾਰਧਾਰਾਵਾਂ ਤੋਂ ਵੱਖਰੀ ਹੈ ਤੇ ਸਿੱਖੀ ਨੂੰ ਦੂਜੇ ਸਭ ਧਾਰਮਿਕ ਫਲਸਫਿਆਂ ਤੋਂ ਨਿਖੇੜਦੀ ਹੈ।

ਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਸ੍ਰਿਸ਼ਟੀ ਦੇ ਸਿਰਜਣਹਾਰ ਦੀ ਭਾਲ ਦਾ ਇਕ ਵੱਖਰਾ ਰਸਤਾ ਬਿਆਨ ਕੀਤਾ ਹੈ। ਉਹਨਾਂ ਨੇ ਇਸ ਕੰਮ ਲਈ ਜੋ ਵਿਧੀ ਦੱਸੀ ਹੈ ਉਹ ਦੂਜੇ ਧਰਮਾਂ ਦੀਆਂ ਆਦਰਸ਼ਵਾਦੀ ਸਿੱਖਿਆਵਾਂ ਤੋਂ ਉਲਟ ਪੂਰੀ ਤਰ੍ਹਾਂ ਵਿਗਿਆਨਕ ਹੈ। ਪ੍ਰਕਿਰਤੀ ਰਚਨਾ ਦੇ ਰਹੱਸ ਨੂੰ ਇਕ ਵਿਡੰਬਨਾ ਭਰਪੂਰ ਬੁਝਾਰਤ ਸਮਝਦੇ ਹੋਏ ਗੁਰੂ ਜੀ ਨੇ ਕਿਹਾ ਹੈ ਕਿ ਇਸ ਬਾਰੇ ਸਭ ਲੋਕ ਮਨ ਆਈਆਂ ਉਕਤੀਆਂ ਪੇਸ਼ ਕਰਦੇ ਹਨ। ਪਰ ਇਸ ਮਹਤੱਵਪੂਰਣ ਮਸਲੇ ਬਾਰੇ ਸੱਚੀ ਜਾਣਕਾਰੀ ਕਿਸੇ ਕੋਲ ਨਹੀਂ। ਘੋਖ ਵਿਚਾਰ ਉਪ੍ਰੰਤ ਪੱਕੇ ਪ੍ਰਮਾਣ ਪ੍ਰਾਪਤ ਕੀਤੇ ਬਿਨਾ ਕੋਈ ਗੱਲ ਕਹਿਣਾ ਠੀਕ ਨਹੀਂ। ਸੱਚ ਦੇ ਹਜਾਰਾਂ ਬਾਹਰੀ ਰੂਪ ਹਨ ਪਰ ਇਸ ਦਾ ਮੂਲ ਰੂਪ ਇਕੋ ਹੈ। ਇਸ ਲਈ ਸੱਚ ਦੀ ਸੱਚੀ ਵਿਆਖਿਆ ਵੀ ਇਕ ਹੀ ਹੋ ਸਕਦੀ ਹੈ। ਇਹ ਇਵੇਂ ਹੈ ਜਿਵੇਂ ਦੋ ਤੇ ਦੋ ਦਾ ਇਕੋ ਸੱਚ ਹੈ ਤੇ ਇਹ ਸੱਚ ਚਾਰ ਹੈ। ਸ੍ਰਿਸ਼ਟੀ ਦਾ ਅਜਿਹਾ ਸੱਚ ਤਦੇ ਹੀ ਪਾਇਆ ਜਾ ਸਕਦਾ ਹੈ ਜੇ ਇਸ ਨੂੰ ਇਸੇ ਤਰ੍ਹਾਂ ਦੀ ਗਣਿੱਤੀ-ਵਿਧੀ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇ। ਮੂਲ ਸੱਚ ਦਾ ਓਹੀ ਸੰਕਲਪ ਸਹੀ ਹੈ ਜਿਹੜਾ ਤਰਕ-ਵਿਹਾਰ ਦੀ ਕਸੌਟੀ ਤੇ ਪੂਰਾ ਉੱਤਰੇ। ਸ੍ਰਿਸ਼ਟੀ ਦੀ ਰਚਨਾ ਤੇ ਸੰਚਾਲਨ ਬਾਰੇ ਹੁਣ ਤੀਕਰ ਦੇ ਸਭ ਵਿਚਾਰ ਅਜਿਹੇ ਸਹੀ ਸੰਕਲਪ ਤੋਂ ਹਟ ਕੇ ਹਨ। ਇਸ ਲਈ ਉਹ ਕੂੜੇ ਭਾਵ ਗਲਤ ਹਨ। ਇਹਨਾਂ ਦੇ ਰਹਿੰਦਿਆਂ ਸਹੀ ਸੰਕਲਪ ਬਣ ਭੀ ਨਹੀਂ ਸਕਦੇ। ਕਾਰਣ ਇਹ ਹੈ ਕਿ ਸਭ ਵਿਦਵਾਨਾਂ ਤੇ ਗਿਆਨੀਆਂ ਨੂੰ ਅਸਲੀਅਤ ਨਾਲੋਂ ਟੁੱਟੀਆਂ ਇਹਨਾਂ ਮਾਨਤਾਵਾਂ ਦਾ ਹਵਾਲਾ ਕਿਤੇ ਨਾ ਕਿਤੇ ਦੇਣਾ ਪੈਂਦਾ ਹੈ ਇਸ ਲਈ ਉਹ ਕੂੜੇ ਵਿਚਾਰਾਂ ਤੋਂ ਬਚ ਨਹੀਂ ਸਕਦੇ। ਸੱਚ ਦੇ ਜਗਿਆਸੂ ਸਚਾਈ ਦੀ ਖੋਜ ਤਦ ਹੀ ਕਰ ਸਕਦੇ ਹਨ ਜੇ ਉਹ ਇਸ ਅਗਿਆਨ ਦੀ ਇਸ ਦੀਵਾਰ ਨੂੰ ਉਹ ਤਰਕ ਦੇ ਹਥੌੜਿਆਂ ਨਾਲ ਤੋੜ ਦੇਣ।

ਜਿਵੇਂ ਸੱਚ ਇਕ ਹੈ ਉਵੇਂ ਇਸ ਦੀ ਜੜ੍ਹ ਤੀਕਰ ਪਹੁੰਚਣ ਦਾ ਸਹੀ ਰਸਤਾ ਵੀ ਇਕ ਹੈ। ਇਹ ਰਸਤਾ ਵਿਵੇਕ ਦਾ ਹੈ, ਤਰਕ ਦਾ ਹੈ, ਸਾਧਾਰਣ ਸੋਝੀ ਦਾ ਹੈ ਤੇ ਨਿਰਪੇਖ ਘੋਖੀ ਨਜ਼ਰ (ਨਦਰ) ਦਾ ਹੈ। ਇਹ ਮਾਰਗ ਤੱਥਾਂ ਦੇ ਹਿਸਾਬੀ ਕਿਤਾਬੀ ਮੁਲਾਂਕਣ ਦਾ ਹੈ ਤੇ ਸੰਤੁਲਿਤ ਬੌਧਿਕ ਵਿਸ਼ਲੇਸ਼ਣ (ਮੰਨੇ) ਦਾ ਹੈ। ਇਹ ਰਾਹ ਚੰਗੀ ਤਰ੍ਹਾਂ ਪਰਖੇ ਹੋਏ ਵਿਚਾਰਾਂ ਤੇ ਧਾਰਨਾਵਾਂ ਦੇ ਆਧਾਰ ਤੇ ਸਹੀ ਸੇਧ ਉਲੀਕਣ ਦਾ ਹੈ। ਇਸ ਵਿਚ ਕਿਸੇ ਦੀ ਨਿੱਜੀ ਧਾਰਨਾ, ਵਿਸ਼ਵਾਸ਼ ਜਾਂ ਆਪ-ਮੁਹਾਰੀ (ਹਉਮੈ-ਭਰਪੂਰ) ਕਥਨਕਾਰੀ ਦੀ ਕੋਈ ਥਾਂ ਨਹੀਂ। ਇਹ ਇਵੇਂ ਹੀ ਹੈ ਜਿਵੇਂ ਸਮਝਦਾਰੀ ਨਾਲ ਹੱਲ ਕੀਤੇ ਗਣਿੱਤ ਦੇ ਕਿਸੇ ਪ੍ਰਸ਼ਨ ਦਾ ਸਹੀ ਉੱਤਰ ਇਕੋ ਹੀ ਹੁੰਦਾ ਹੈ ਭਾਵੇਂ ਉਸ ਨੂੰ ਹੱਲ ਕਰਨ ਵਾਲੇ ਕਿੰਨੇ ਵੀ ਕਿਉਂ ਨਾ ਹੋਣ। ਕਿਸੇ ਵੀ ਗਲਤ ਉੱਤਰ ਦੀ ਪੜਤਾਲ ਕਰਕੇ ਲੱਭਿਆ ਜਾ ਸਕਦਾ ਹੈ ਕਿ ਉਸ ਨੂੰ ਹੱਲ ਕਰਨ ਵਾਲਾ ਕਿੱਥੋਂ ਵਿਧੀ-ਭ੍ਰਸਟ ਹੋ ਗਿਆ ਸੀ। ਇਸ ਤਰ੍ਹਾਂ ਵਿਵੇਕਸ਼ੀਲ ਰਸਤੇ ਤੇ ਚਲਦਿਆਂ ਦੋਸ਼ਪੂਰਣ ਗੱਲਾਂ ਤਰਕ ਦੀ ਆਂਚ ਨਾਲ ਭਸਮ ਹੋ ਜਾਂਦੀਆਂ ਹਨ ਤੇ ਸੱਚ ਦੀ ਸੇਧ ਬਣੀ ਰਹਿੰਦੀ ਹੈ।

ਅੰਤਮ-ਸਚਾਈ ਦੀ ਖੋਜ ਲਈ ਗੁਰੂ ਜੀ ਨੇ ਵਿਵੇਕ, ਤਰਕ ਤੇ ਗਣਿੱਤੀ-ਪਰਪੱਕਤਾ ਵਾਲੀ ਜਿਹੜੀ ਵਿਧੀ ਅਪਨਾਉਣ ਤੇ ਜੋਰ ਦਿਤਾ ਹੈ ਉਸ ਵਿਧੀ ਨੂੰ ਅੱਜ ਕੱਲ ਵਿਗਿਆਨਕ ਵਿਧੀ ਆਖਦੇ ਹਨ। ਅਜੋਕੇ ਸਮੇਂ ਵਿਚ ਇਹ ਵਿਧੀ ਸਾਇੰਸ ਤੇ ਮੈਡੀਸਨ ਸਮੇਤ ਖੋਜ ਦੇ ਹਰ ਖੇਤਰ ਵਿਚ, ਇਥੋਂ ਤੀਕਰ ਕਿ ਦਫਤਰਾਂ ਤੇ ਕੋਰਟ ਕਚਿਹਿਰੀਆਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਅਪਣਾਈ ਜਾਂਦੀ ਹੈ। ਗੁਰੂ ਜੀ ਨੇ ਅਜਿਹਾ ਇਸ ਲਈ ਕਿਹਾ ਤਾਂ ਜੋ ਜਣਾ ਖਣਾ ਅਪਣੀਆਂ ਕੱਚ-ਘਰੜ ਧਾਰਨਾਵਾਂ ਰਾਹੀਂ ਇਸ ਕੇਂਦਰੀ ਪ੍ਰਸ਼ਨ ਦੇ ਉੱਤਰ ਵਿਚ ਅਸੱਤ ਦੀ ਮਿਲਾਵਟ ਨਾ ਪਾ ਸਕੇ। ਗੁਰੂ ਜੀ ਨਹੀਂ ਸਨ ਚਾਹੁੰਦੇ ਕਿ ਮੱਨੁਖੀ ਹੋਂਦ ਨਾਲ ਜੁੜੇ ਇਸ ਧੁਰ ਦੇ ਪ੍ਰਸ਼ਨ ਬਾਰੇ ਖੋਜ ਕੁਰਾਹੀ ਪੈ ਜਾਵੇ ਤੇ ਸਚਾਈ ਪ੍ਰਗਟ ਹੋਣੋਂ ਰਹਿ ਜਾਵੇ।

ਗੁਰੂ ਸਾਹਿਬ ਇਸ ਵਿਸ਼ੇ ਨਾਲ ਬੜੇ ਨੇੜੇ ਤੋਂ ਜੁੜੇ ਹੋਏ ਸਨ। ਉਹਨਾਂ ਨੇ ਆਪਣੇ ਪਰਖ-ਪੜਤਾਲੀ ਢੰਗ ਨਾਲ ਜਾਂਚ ਲਿਆ ਸੀ ਕਿ ਚੁਫੇਰੇ ਚਲ ਰਹੀਆਂ ਧਾਰਮਿਕ ਵਿਚਾਰਧਾਰਾਵਾਂ ਬੇ-ਬੁਨਿਆਦ ਸਨ। ਇਹ ਕਿਸੇ ਤਰਕ ਤੇ ਪੂਰੀਆਂ ਨਹੀਂ ਸੀ ਉੱਤਰਦੀਆਂ। ਇਸ ਲਈ ਸੱਚ ਦੀ ਪੜਤਾਲ ਨਵੇਂ ਸਿਰਿਓਂ ਸ਼ੁਰੂ ਕਰਨ ਦੀ ਲੋੜ ਸੀ। ਉਹਨਾਂ ਇਹ ਵੀ ਭਾਂਪ ਲਿਆ ਸੀ ਇਸ ਨਵੀਂ ਪੜਤਾਲ ਲਈ ਪੁਰਾਣੇ ਢੰਗ ਤਰੀਕੇ ਤੇ ਪੈਂਤੜੇ (ਗੁਰ) ਜਿਵੇਂ ਸਾਧਨਾ-ਸਮਾਧੀ, ਅੰਤਰ-ਸੁਰਤੀ, ਸੋਚ-ਧਿਆਨ, ਯੋਗ-ਅਭਿਆਸ, ਮੋਨ-ਤੱਪਸਿਆ, ਮੰਤਰ-ਜਾਪ, ਪੂਜਾ-ਪਾਠ, ਨਿੱਤ-ਨੇਮ, ਨਿਰੰਤਰ-ਪਾਠ, ਰਿੱਧੀਆਂ-ਸਿੱਧੀਆਂ, ਜੰਤਰ-ਤੰਤਰ, ਸੰਨਿਆਸ-ਵਾਸ ਆਦਿ ਸਭ ਬੇਕਾਰ ਸਨ। ਇਹਨਾਂ ਦੀ ਵਰਤੋਂ ਨਾਲ ਨਿਕਲਦੇ ਸਿੱਟੇ ਬੇਅਰਥ ਸਨ। ਇਸ ਲਈ ਉਹਨਾਂ ਨੇ ਸਮਾਨ-ਬੁਧੀ (commonsense) ਤੇ ਤਰਕ ਦੀ ਵਰਤੋਂ ਰਾਹੀਂ ਕੁਦਰਤ ਦੀ ਦਿੱਸਦੀ ਤੇ ਅਣਦਿੱਸਦੀ ਹਰ ਗੱਲ ਨੂੰ ਤਜਰਬੇ ਰਾਹੀਂ ਪਰਖ ਕੇ ਸਵੀਕਾਰ ਕਰਨ ਦਾ ਰਾਹ ਦੱਸਿਆ। ਨਿਰਪੱਖ ਨੀਝ (unbiased observation), ਬੇਲਾਗ ਸਰਵੇਖਣ (objective outlook), ਹਾਂ-ਪੱਖੀ soc (positive thinking), ਯਥਾਰਥਿਕ ਪ੍ਰੀਪੇਖ (realistic perspective), ਵਿਵੇਕਸ਼ੀਲ ਪਰਖ (intelligent examination), ਗਣਿੱਤੀ ਪ੍ਰਪੱਕਤਾ (mathematical precision), ਤਾਰਕਿਕ ਪਹੁੰਚ (logical approach), ਸਮੀਖਿਆਤਮਿਕ ਵਿਸ਼ਲੇਸ਼ਣ (critical analysis), ਤੇ ਪ੍ਰਮਾਣੀਕ ਨਿਸ਼ਕਰਸ਼ (verifiable conclusions) ਉਹਨਾਂ ਦੇ ਇਸ ਰਾਹ ਦੇ ਮੁੱਖ ਪਹਿਲੂ ਸਨ।

ਸੰਖੇਪ ਵਿਚ ਉਨ੍ਹਾਂ ਦੇ ਰਾਹ ਦੀ ਮੁੱਖ ਟੇਕ ਅਨੁਭਵ (ਏਣਪੲਰਇਨਚੲ) ਅਤੇ ਸਾਧਾਰਨ ਬੁੱਧੀ (intellect) ਦੀ ਮੇਲਵੀਂ ਵਰਤੋਂ ਉੱਤੇ ਸੀ। ਇਹਨਾਂ ਦੋਹਾਂ ਦੇ ਸੁਮੇਲ ਤੋਂ ਪ੍ਰਾਪਤ ਸਵੈ-ਸਿਖਿਆ ਰਾਹੀਂ ਪ੍ਰਕ੍ਰਿਤੀ ਤੇ ਜੀਵਨ ਦੀਆਂ ਸਮੱਸਿਆਵਾਂ ਦਾ ਰਾਹ ਲੱਭਣਾ ਹੀ ਉਹਨ੍ਹਾਂ ਦਾ "ਸਿੱਖੀ" ਸਿਧਾਂਤ ਸੀ। ਆਪਣੇ ਇਸ ਨਵੇਂ ਨਵੇਕਲੇ ਰਾਹ ਨੂੰ ਉਹ ਆਪਣਾ "ਗੁਰ" (ਭਾਵ ਢੰਗ) ਕਹਿੰਦੇ ਸਨ। ਉਹਨਾਂ ਦਿਨਾਂ ਵਿਚ ਗਣਿੱਤ ਦੇ ਢੰਗਾਂ ਤਰੀਕਿਆਂ ਤੇ ਫਾਰਮੁਲਿਆਂ ਨੂੰ "ਗੁਰ" ਕਿਹਾ ਜਾਂਦਾ ਸੀ। ਗੁਰ ਜਾਂ ਰਾਹ ਦੱਸਣ ਵਾਲੇ ਨੂੰ ਗੁਰੂ ਕਹਿੰਦੇ ਸਨ। ਗੁਰੂ ਰਾਹੀਂ ਦੱਸੇ ਪਰਖ-ਪਰਧਾਨ ਰਾਹ ਭਾਵ ਸਿੱਖੀ ਗੁਰ ਤੇ ਅਮਲ ਕਰਨ ਵਾਲੇ ਨੂੰ ਹੀ "ਸਿੱਖ" ਦਾ ਨਾਂ ਦਿੱਤਾ ਗਿਆ। ਜੋ ਵਿਅਕਤੀ ਪਰਖ-ਪੜਚੋਲ ਤੇ ਅਕਲ (ਚੋਮਮੋਨ ਸੲਨਸੲ) ਦਾ ਸਰਬ-ਪ੍ਰਵਾਣਤ ਰਾਹ ਛੱਡ ਕੇ ਵਹਿਮ ਭਰਮ ਤੇ ਅੰਧਵਿਸ਼ਵਾਸ਼ ਦੇ ਰਸਤੇ ਚਲਦਾ ਸੀ ਉਹ ਸਿੱਖ ਨਹੀਂ ਸੀ। ਸਿੱਖੀ ਸਿਧਾਂਤ ਤੋਂ ਮਨ ਮੋੜ ਕੇ ਆਪਣੇ ਨਿਜੀ ਰਾਹ ਤੇ ਚੱਲਣ ਵਾਲੇ ਅਜਿਹੇ ਵਿੱਅਕਤੀ ਨੂੰ ਮਨਮੁੱਖ ਕਿਹਾ ਗਿਆ ਸੀ।

ਗੁਰੂ ਨਾਨਕ ਦਾ ਇਹ ਨਵੇਕਲਾ ਰਾਹ ਪੁਰਾਤਨ ਲੀਹ ਨਾਲੋਂ ਹਟ ਕੇ ਸੀ। ਰੂੜ੍ਹੀਵਾਦੀ ਵਿਚਾਰਾਂ ਵਾਲੇ ਲੋਕਾਂ ਲਈ ਪੁੱਠੇ-ਪੈਰ ਪਲਟ ਕੇ ਇਸ ਨੂੰ ਸਮਝਣਾ ਜਾਂ ਧਾਰਨ ਕਰਨਾ ਮੁਸ਼ਕਿਲ ਸੀ। ਕੁਰਾਹੇ ਪਈ ਜਨਤਾ ਨੂੰ ਪੁਰਾਣੇ ਤੇ ਨਵੇਂ ਦਾ ਫਰਕ ਸਮਝਾਉਣ ਲਈ ਗੁਰੂ ਜੀ ਨੂੰ ਕਈ ਵਾਰ ਨਾਟਕੀਅਤਾ, ਕਟਾਕਸ਼, ਵਿਅੰਗ ਤੇ ਦ੍ਰਿਸ਼ਟਾਂਤ ਦਾ ਰਸਤਾ ਅਪਨਾਉਣਾ ਪਿਆ। ਚਾਹੇ ਉਹਨਾਂ ਦੇ ਆਰਤੀ ਨੂੰ ਆਰਤਾ ਕਹਿਣ ਦੀ ਗੱਲ ਹੋਵੇ, ਚਾਹੇ, ਚਾਹੇ ਭਾਈ ਲਾਲੋ ਦੇ ਕੋਧਰੇ ਦੇ ਟੁਕੜਿਆਂ ਨੂੰ ਦੁੱਧ ਦੀ ਤਸਵੀਹ ਦੇਣ ਦੀ ਹੋਵੇ, ਚਾਹੇ ਹਰਿਦਵਾਰ ਵਿਚ ਕਰਤਾਰਪੁਰ ਵਲ ਪਾਣੀ ਉੱਛਾਲਣ ਦੀ ਘਟਨਾ ਹੋਵੇ, ਚਾਹੇ ਵੈਦਿਕ "ਓਮ" ਦੀ ਥਾਂ ੴ ਲਿਖ ਕੇ ਧਿਆਨ ਦੀ ਸੂਈ ਕਲਪਨਾ ਤੋ ਵਿਗਿਆਨ ਵਲ ਘੁਮਾਉਣ ਦਾ ਯਤਨ ਹੋਵੇ ਤੇ ਚਾਹੇ ਕਰਤਾਰ ਦੇ ਕੁਝ ਪ੍ਰਤੱਖ ਗੁਣਾਂ ਨੂੰ ਸੂਤਰਬੱਧ ਕਰ ਕੇ ਇਸ ਇਬਾਰਤ ਨੂੰ ਮੰਤਰ ਵਾਂਗ "ਜਪਣ" ਲਈ ਕਹਿਣ ਦਾ ਕਟਾਕਸ਼ ਭਰਿਆ ਆਦੇਸ਼ ਹੋਵੇ, ਗੁਰੂ ਜੀ ਨੇ ਹਰ ਸੰਭਵ ਕੌਤਕ ਰਾਹੀਂ ਆਪਣੀ ਨਵੀਂ ਰਾਹਕਾਰ ਗੱਲ ਨੂੰ ਲੋਕਾਂ ਤੀਕਰ ਪਹੁੰਚਾਉਣ ਦਾ ਉਪਰਾਲਾ ਕੀਤਾ। ਕੌਤਕ ਤੇ ਵਿਅੰਗ ਜਿਹੇ ਕਈ ਪੇਸ਼ਕਾਰੀ ਪੈਂਤੜੇ ਗੁਰੂ ਸਾਹਿਬ ਦੀ ਕਾਵਿਕ ਸ਼ੈਲੀ ਤੇ ਉਪਦੇਸ਼-ਢੰਗ ਦਾ ਅਤੁੱਟ ਅੰਗ ਸਨ। ਇਸ ਲਈ ਉਹਨਾਂ ਦੀ ਬਾਣੀ ਨੂੰ ਸਮਝਣ ਲਈ ਉਹਨਾਂ ਦੀ ਰਚਨਾ-ਸ਼ੈਲੀ ਦੇ ਇਸ ਪੱਖ ਨੂੰ ਧਿਆਨ ਵਿਚ ਰੱਖਣ ਦੀ ਭਾਰੀ ਲੋੜ ਹੈ। ਅਜਿਹਾ ਨਾ ਕਰਨ ਨਾਲ ਉਹਨਾਂ ਦੀ ਬਾਣੀ ਦੇ ਅਸਲ ਭਾਵ ਤੇ ਮੰਤਵ ਨੂੰ ਸਮਝਣਾ ਮੁਸ਼ਕਿਲ ਬਣ ਸਕਦਾ ਹੈ।

ਜਪੁਜੀ ਸਾਹਿਬ ਦਾ ਮੁੱਢ ੴ ਨਾਲ ਹੁੰਦਾ ਹੈ। ਇਸ ਰਚਨਾ ਦੇ ਸ਼ੁਰੂ ਵਿਚ ਹੀ ਇਹ ਸੂਤਰ ਲਿਖ ਕੇ ਗੁਰੂ ਜੀ ਨੇ ਕੌਤਕੀ ਢੰਗ ਨਾਲ ਬੌਧਿਕ ਜਗਤ ਵਿਚ ਆਪਣੇ ਖੋਜਮਈ ਉਦੇਸ਼ ਦਾ ਐਲਾਨ ਕਰ ਦਿੱਤਾ । ਉਹਨਾਂ ਦੱਸ ਦਿਤਾ ਕਿ ਉਹਨਾਂ ਦੀ ਸੋਚ ਦਾ ਰਸਤਾ ਭਿੰਨ ਹੈ। ਉਹਨਾਂ ਦਾ ਮਨੋਰਥ ਸੱਚ ਦੀ ਖੋਜ ਹੈ। ਪਰ ਸੱਚ ਦੀ ਖੋਜ ਵਿਸ਼ਵਾਸ਼ ਤੇ ਭਗਤੀ ਲਈ ਕਰਨਾ ਨਹੀਂ ਸਗੋਂ ਗਿਆਨ ਲਈ ਕਰਨਾ ਹੈ। ਇਸ ਲਈ ਉਹਨਾਂ ਦਾ ਦਰਸਾਇਆ ਗਿਆਨ ਮਾਰਗ ਉਹਨਾਂ ਦੀ ਪਹੁੰਚ ਅਨੁਸਾਰ ਸੱਚ ਭਾਵ ਯਥਾਰਥ ਦੀ ਅਸਲੀਅਤ ਨੂੰ ਜਾਨਣ ਵਾਲਾ ਹੈ। ਇਹ ਰਾਹ ਨਿਰਾਰਥਕ ਮਾਨਤਾਵਾਂ, ਸੋਚਾਂ, ਕਲਪਨਾਵਾਂ, ਆਦਰਸ਼ਾਂ, ਅੰਧਵਿਸ਼ਵਾਸਾਂ, ਪ੍ਰੰਪਰਾਵਾਂ ਤੇ ਬੇਬੁਨਿਆਦ ਖਿਆਲੀ ਉਡਾਰੀਆਂ ਉੱਤੇ ਨਿਰਭਰ ਨਹੀਂ ਹੈ। ਸਗੋਂ ਇਹ ਨਿਰੋਲ ਯਥਾਰਥ, ਨਿਰਪੱਖ ਪ੍ਰੇਖਣ, ਅਨੁਭਵ, ਪ੍ਰਮਾਣ, ਤਰਕ, ਵਿਵੇਕ ਤੇ ਸਾਧਾਰਣ ਸਮਝ ਉੱਤੇ ਟਿਕਿਆ ਹੋਇਆ ਹੈ।

ਇਸ ਵਿਚ ਗਣਿੱਤ ਵਾਲਾ ਤਾਰਕਿਕ ਵਿਧੀ-ਵਿਧਾਨ ਤੇ ਵਿਗਿਆਨ ਵਾਲੀ ਕਸਵੀ ਪਰਖ-ਪੜਚੋਲ ਹੈ। ਇਹ ਮਾਰਗ ਪਲ ਭਰ ਵਿਚ ਸੱਚ ਤੇ ਝੂਠ ਦਾ ਨਿਪਟਾਰਾ ਕਰਨ ਵਾਲਾ ਹੈ। ਉਹਨਾਂ ਕਾਲਪਨਿਕ "ਓਮ" ਦੀ ਥਾਂ ਗਣਿੱਤੀ-ਸੂਤਰ "ੴ "ਲਿਖ ਕੇ ਆਪਣੇ ਇਸ ਅਨੁਭਵੀ ਇਰਾਦੇ ਨੂੰ ਭਲੀ ਭਾਂਤ ਉਜਾਗਰ ਕਰ ਦਿੱਤਾ ਹੋਇਆ ਹੈ।

ੴ ਨੂੰ ਸੂਤਰ (ੌਰਮੁਲਅੲ) ਭਾਵ ਸੰਕੇਤ-ਸੰਗ੍ਰਹਿ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਕੋਈ ਵਿਆਕਰਣਕ ਸ਼ਬਦ ਨਹੀਂ ਹੈ। ਇਹ ਕੋਈ ਨਿਰੋਲ ਅੰਕ ਵੀ ਨਹੀਂ ਹੈ ਤੇ ਨਾ ਕੋਈ ਇਕ ਨਿਰੋਲ ਸੰਕੇਤ। ਇਹਨਾਂ ਕਾਰਣਾਂ ਕਰਕੇ ਵਿਆਕਰਣ ਅਨੁਸਾਰ ਇਸ ਦਾ ਕੋਈ ਸਹੀ ਉਚਾਰਣ ਵੀ ਨਹੀਂ ਹੋ ਸਕਦਾ। ਵੇਖਣ ਨੂੰ ਇਸ ਦੇ ਅੰਗਾਂ ਵਿਚ ਨਿਰੋਲ ਭਿੰਨਤਾ ਹੈ ਜੋ ਇਹਨਾਂ ਦੇ ਇੱਕਠੇ ਸੂਤਰਬੱਧ ਕਰਨ ਦੇ ਕਾਰਣ ਵਲ ਕੋਈ ਇਸ਼ਾਰਾ ਨਹੀਂ ਕਰਦੀ। ਫਿਰ ਵੀ ਇਸ ਦੇ ਤਿੰਨੇ ਤੱਤਾਂ ਭਾਵ 1, ਓ ਤੇ ਕਾਰ ਵਿਚਕਾਰ ਕੋਈ ਸਾਂਝ-ਸਮਾਨਤਾ ਤਾਂ ਜਰੂਰ ਹੋਵੇਗੀ ਜਿਸ ਕਾਰਨ ਗੁਰੂ ਜੀ ਨੇ ਇਹਨਾਂ ਤਿੰਨਾਂ ਨੂੰ ਭਾਵਪੂਰਣ ਢੰਗ ਨਾਲ ਇੱਕਠੇ ਕਰ ਕੇ ਇਕ ਥਾਂ ਨੱਥੀ ਕੀਤਾ ਹੈ। ਭਾਵੇਂ ਇਹਨਾਂ ਤਿੰਨਾ ਵਿਚਕਾਰ ਨਾ ਇਕ ਲਿੱਪੀ ਦੇ ਅੱਖਰਾਂ ਵਾਲੀ ਸਾਂਝ ਹੈ ਤੇ ਨਾ ਹੀ ਅੰਕਮਾਲਾ ਦੇ ਅੰਕਾਂ ਜਿਹੀ ਨੇੜਤਾ, ਪਰ ਗਹੁ ਨਾਲ ਵੇਖਣ ਤੋਂ ਇਹਨਾਂ ਵਿਚ ਇਕ ਉਚੇਰੇ ਰਿਸ਼ਤੇ ਦਾ ਪਤਾ ਚਲਦਾ ਹੈ। ਉਹ ਰਿਸਤਾ ਇਹ ਹੈ ਕਿ ਇਹ ਤਿੰਨੇ ਹੀ ਗੱਣਿਤ ਵਿਗਿਆਨ ਨਾਲ ਜੁੜੇ ਹੋਏ ਹਨ।

ਇਹਨਾਂ ਵਿਚ ਇਕ ਦਾ ਅੰਕ (1) ਅੰਕ-ਗੱਣਿਤ ਭਾਵ ਅਰਿਥਮੈਟਿਕ ਦੀ ਪ੍ਰਤੀਨਿਧਤਾ ਕਰਦਾ ਹੈ, ਊੜਾ ਅੱਖਰ (ੳ) ਬੀਜ-ਗਣਿੱਤ ਭਾਵ ਅਲਜਬਰੇ ਦੀ ਨੁਮਾਇੰਦਗੀ ਕਰਦਾ ਹੈ ਤੇ ਕਾਰ ਰੇਖਾ ਗਣਿਤ ਭਾਵ ਜੁਮੈਟਰੀ ਦੀ ਤਰਜਮਾਨੀ ਕਰਦੀ ਹੈ। ਮੱਧ ਕਾਲ ਤੀਕਰ ਇਹ ਤਿੰਨੇ ਹੀ ਵਿਸ਼ੇ ਗਣਿੱਤ ਵਿਗਿਆਨ ਦੇ ਪ੍ਰਮੁੱਖ ਅੰਗ ਸਨ। ਗੁਰੂ ਨਾਨਕ ਨੇ ਆਪਣੇ ਇਸ ਕੌਤਕੀ ਸੂਤਰ ਰਾਹੀਂ ਗਣਿੱਤ ਦੇ ਇਹਨਾਂ ਤਿੰਨਾਂ ਪ੍ਰਸਿੱਧ ਅੰਗਾਂ ਨੂੰ ਸੰਕੇਤਕ ਪ੍ਰਤੀਨਿਧਤਾ ਦੇ ਕੇ ਸਿੱਖੀ ਸਿਧਾਂਤ ਨੂੰ ਵਿਗਿਆਨਕ ਨੀਹਾਂ ਤੇ ਖੜ੍ਹਾਇਆ ਹੈ।

ਕਈ ਵਿਦਵਾਨ ੴ ਨੂੰ ਗੁਰੂ ਨਾਨਕ ਦਾ ਦੈਵੀ ਦ੍ਰਿਸ਼ਟੀ ਵਾਲਾ ਰੱਬੀ ਸੰਕੇਤ ਮੰਨਦੇ ਹਨ ਜੋ ਹਿੰਦੂ ਮੱਤ ਦੇ ਓਮ ਤੇ ਇਸਲਾਮ ਮੱਤ ਦੇ ਇਕ ਅੱਲ੍ਹਾ ਦੇ ਸੰਕੇਤ ਦਾ ਮਿਲਗੋਭਾ ਹੋਵੇ। ਉਹਨਾਂ ਅਨੁਸਾਰ ਗੁਰੂ ਜੀ ਨੇ ਇਹ ਸੂਤਰ ਸਭ ਧਰਮਾਂ ਦੇ ਇਲਾਹੀ ਨੂਰ ਨੂੰ ਇਕਠਾ ਕਰਕੇ ਇਕ ਰੱਬ, ਵਾਹਿਗੁਰੂ ਜਾਂ ਅਕਾਲ ਪੁਰਖ ਦੇ ਸੰਕੇਤ ਵਜੋਂ ਵਰਤਿਆ ਹੈ। ਪਰ ਇਹਨਾਂ ਵਿਦਵਾਨਾਂ ਉੱਤੇ ਗੁਰੂ ਸਾਹਿਬ ਦੀ ਸਿੱਖਿਆ ਦਾ ਕੋਈ ਅਸਰ ਨਹੀਂ ਹੋਇਆ ਲਗਦਾ। ਉਹ ਗੁਰੂ ਜੀ ਦੇ ਕੌਤਕੀ ਪੈਂਤੜਿਆਂ ਵਾਲੀ ਸ਼ੈਲੀ ਨੂੰ ਸਮਝਣ ਤੋਂ ਅਸਮਰੱਥ ਹਨ।

ਉਹ ਸਾਧਾਰਣ ਸਮਝ ਦੀ ਇੰਨੀ ਗੱਲ ਵੀ ਨਹੀਂ ਸੋਚ ਸਕਦੇ ਕਿ ਗੁਰੂ ਜੀ ਉਹਨਾਂ ਹੀ ਪ੍ਰੰਪਰਾਗਤ ਵਿਚਾਰਧਾਰਾਵਾਂ ਭਾਵ ਬ੍ਰਾਹਮਣਵਾਦ ਤੇ ਇਸਲਾਮ ਦੀ ਕਾਪੀ ਕਿਵੇਂ ਕਰ ਸਕਦੇ ਸਨ ਜਿਹਨਾਂ ਨੂੰ ਉਹਨਾਂ ਨੇ "ਕੂੜ ਦੀ ਪਾਲ" ਆਖਿਆ ਹੈ। ਉਹ ਸ਼ਬਦਾਂ ਦੇ ਧਨੀ ਸਨ, ਜੇ ਉਹਨਾਂ ਰੱਬ ਹੀ ਕਹਿਣਾ ਸੀ ਤਾਂ ਕੀ ਉਹ ਰੱਬ ਜਾਂ ਇਸ ਦੀ ਥਾਂ ਕੋਈ ਹੋਰ ਮੂੰਹ ਲਗਦਾ ਦੈਵੀ ਭਾਵ ਵਾਲਾ ਸ਼ਬਦ ਨਹੀਂ ਲਿਖ ਸਕਦੇ ਸਨ। ਪਰ ਉਹਨਾਂ ਇੱਦਾਂ ਨਹੀਂ ਲਿਖਿਆ। ਅਜਿਹਾ ਸ਼ਬਦ ਤਾਂ ਉਹਨਾਂ ਸਾਰੇ ਜਪੁਜੀ ਵਿਚ ਕਿਤੇ ਨਹੀਂ ਲਿਖਿਆ। ਇਸ ਲਈ ਅਣਉਚਿਤ ਢੰਗ ਨਾਲ ਮਨਮੱਤੇ ਸ਼ਬਦ ਬਦੋ-ਬਦੀ ਗੁਰੂ ਦੇ ਨਾ ਨਾਲ ਚਮੇੜ ਕੇ ਬਾਣੀ ਦੀ ਵਿਆਖਿਆ ਕਰਨਾ ਸਹੀ ਰੁਝਾਨ ਨਹੀਂ ਹੈ।

ਅਜਿਹੇ ਦਵੰਧ ਕਾਰਣ ਹੀ, ਇਕ ਪਾਸੇ ਤਾਂ ਇਹ ਵਿਦਵਾਨ ਖੁਲ੍ਹ ਕੇ ਮੰਨਦੇ ਹਨ ਕਿ ਗੁਰੂ ਨਾਨਕ ਨੇ ਲੋਕਾਂ ਨੂੰ ਆਪਣਾ ਉਪਦੇਸ਼ ਸਰਲ ਭਾਸ਼ਾ ਵਿਚ ਦਿੱਤਾ ਤਾਂ ਜੋ ਲੋਕ ਉਹਨਾਂ ਦੇ ਵਿਚਾਰਾਂ ਤੋਂ ਸੌਖੇ ਹੀ ਜਾਣੂ ਹੋ ਜਾਣ। ਪਰ ਦੂਜੇ ਪਾਸੇ ਉਹ ਇਸ ਗੱਲ ਵਾਜਬ ਖੁਲਾਸਾ ਨਹੀਂ ਕਰ ਸਕਦੇ ਕਿ ਉਹਨਾਂ ਨੇ ਕੋਈ ਦੈਵੀ ਭਾਵ ਦਾ ਸੁਖਾਲਾ ਸ਼ਬਦ ਵਰਤਣ ਦੀ ਥਾਂ ੴ ਦਾ ਅਣਸੁਣਿਆਂ, ਅਣਕਿਆਸਿਆ ਤੇ ਜਨਤਕ ਸਮਝ ਤੋਂ ਪਰ੍ਹੇ ਦਾ ਅੱਧਭੁਤ ਸੂਤਰ ਹੀ ਕਿਉਂ ਲਿਖਿਆ। ਲੱਖਾਂ ਵਿਦਵਾਨ ਗੁਰੂ ਸਾਹਿਬ ਦੇ ਜਨਮ ਦਿਹਾੜੇ ਤੇ ਉਹਨਾਂ ਦੇ ਉਪਦੇਸ਼ ਦੀ ਪ੍ਰਸੰਸਾ ਕਰਦੇ ਹੋਏ ਦੱਸਦੇ ਹਨ ਕਿ ਉਹਨਾਂ ਨੇ ਭੁੱਲੀ-ਭਟਕੀ ਲੁਕਾਈ ਨੂੰ ਸੱਚ ਦਾ ਮਾਰਗ ਦੱਸ ਕੇ ਤਾਰਿਆ। ਲੱਖਾਂ ਹੀ ਹੋਰ ਵਿਦਵਾਨ ਭਾਈ ਗੁਰਦਾਸ ਦੀ ਤੁੱਕ "ਸਤਿ ਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ" ਦੇ ਹਵਾਲੇ ਨਾਲ ਗੁਰੂ ਸਾਹਿਬ ਦੀਆਂ ਪ੍ਰਾਪਤੀਆਂ ਦਾ ਹਰ ਸਾਲ ਗੁਣਗਾਨ ਕਰਦੇ ਹਨ। ਪਰ ਇਹ ਵਿਦਵਾਨ ਕਦੇ ਵੀ ਸੱਚ ਦੇ ਇਸ ਮਾਰਗ ਅਤੇ ਸੰਸਾਰ ਤੋਂ ਧੁੰਦ ਹਟਾਉਣ ਵਾਲੇ ਇਸ ਚਾਨਣ ਬਾਰੇ ਸਹੀ ਸਹੀ ਜਾਣਕਾਰੀ ਕਿਉਂ ਨਹੀਂ ਦੇਂਦੇ?

ਗੁਰੂ ਸਾਹਿਬ ਦੇ ਸੱਚ ਦੇ ਮਾਰਗ ਤੇ ਉਹ ਵਿਦਵਾਨ ਵੀ ਚਾਨਣ ਨਹੀਂ ਪਾਉਂਦੇ ਜੋ ਅਖਬਾਰਾਂ ਰਸਾਲਿਆਂ ਵਿਚ ਲੜੀ ਦਰ ਲੜੀ ਉਸ ਦੀ ਬਾਣੀ ਦੇ ਅਰਥ ਕਰਕੇ ਛਾਪਦੇ ਹਨ। ਅਜਿਹੇ ਵਿਦਵਾਨਾਂ ਦੀ ਵਿਦਵਤਾ ਦਾ ਵਧੇਰੇ ਜੋਰ ਸਿੱਖੀ ਸ਼ਰਧਾ ਦਰਸ਼ਾਉਣ ਤੇ ਲੱਗਿਆ ਹੁੰਦਾ ਹੈ, ਸਿੱਖੀ-ਬੋਧ ਫੈਲਾਉਣ ਤੇ ਨਹੀਂ। ਦਰਅਸਲ ਇਹਨਾਂ ਵਿਦਵਾਨਾਂ ਨੂੰ ਗੁਰੂ ਸਾਹਿਬ ਦੀ ਤਰਕ-ਪ੍ਰਧਾਨ ਤੇ ਵਿਵੇਕਸ਼ੀਲ ਵਿਗਿਆਨਕ ਵਿਧੀ ਦਾ ਪਤਾ ਹੀ ਨਹੀਂ। ਇਹ ਪੂਜਾ ਪਾਠ ਦੇ ਕਰਮ-ਕਾਂਡੀਆਂ ਵਾਂਗ ਗਣਿੱਤ, ਵਿਗਿਆਨ ਅਤੇ ਵਿਵੇਕ-ਦਰਸ਼ਨ ਤੋਂ ਕੋਰੇ ਹਨ। ਇਸ ਲਈ ਇਹ ਗੁਰੂ ਨਾਨਕ ਦੇ ਵਿਚਾਰਾਂ ਦਾ ਸਹੀ ਅਨੁਮਾਨ ਨਹੀਂ ਲਾ ਸਕੇ। ਉਹਨਾਂ ਦੇ ਸਿਧਾਂਤ ਦੀ ਮੌਲਿਕਤਾ ਨੂੰ ਸਮਝਣ ਦੀ ਥਾਂ ਇਹ ਵਿਦਵਾਨ ਉਹਨਾਂ ਨੂੰ ਇਕ ਅਜਿਹਾ ਧਰਮਗੁਰੂ ਹੀ ਮੰਨਦੇ ਹਨ ਜਿਸ ਨੇ ਪੂਜਾ ਪਾਠ ਤੇ ਨਾਮ ਜਪਣ ਦੀ ਸਿੱਖਿਆ ਦੇ ਕੇ ਹੀ ਸਾਰੇ ਸੰਸਾਰ ਦਾ ਪਾਰ ਉਤਾਰਾ ਕਰ ਦਿਤਾ ਹੋਵੇ। ਆਪਣੀ ਉਪਰਖਾਨੀ ਤੇ ਕੁਰਾਹੀ ਪਹੁੰਚ ਕਾਰਨ ਅਜਿਹੇ ਮੋਹਰੀ ਵਿਦਵਾਨ ਗੁਰੂ ਸਾਹਿਬ ਦੀ ਅਸਲ ਸਿਖਿਆ ਨੂੰ ਕਦੇ ਵੀ ਚਾਨਣ ਵਿਚ ਨਾ ਲਿਆ ਸਕੇ।

# ਪੱਤਰਕਾਰ ਰਚਨਾ ਖੇਰਾ ਵਿਰੁੱਧ 'ਆਧਾਰ' ਮਾਮਲੇ 'ਚ ਦਰਜ ਕੇਸ ਵਿਰੁੱਧ ਪੱਤਰਕਾਰਾਂ ਵੱਲੋਂ ਰੋਸ ਮਾਰਚ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)-** ਟ੍ਰਿਬਿਊਨ ਗਰੁੱਪ ਅਤੇ ਇਸ ਦੀ ਸੀਨੀਅਰ ਪੱਤਰਕਾਰ ਰਚਨਾ ਖੇਰਾ ਵਿਰੁੱਧ 'ਆਧਾਰ' ਜਥੇਬੰਦੀ ਵੱਲੋਂ ਦਰਜ ਕਰਵਾਏ ਗਏ ਅਪਰਾਧਿਕ ਮਾਮਲੇ ਵਿਰੁੱਧ ਰੋਸ ਵਜੋਂ ਪ੍ਰੈਸ ਕਲੱਬ ਲੁਧਿਆਣਾ ਦੇ ਸੱਦੇ 'ਤੇ ਅੱਜ ਸੈਂਕੜੇ ਪੱਤਰਕਾਰਾਂ ਨੇ ਕਾਲ਼ੇ ਬਿੱਲੇ ਲਾ ਕੇ ਰੋਸ ਮਾਰਚ ਕਰਦਿਆਂ ਇਹ ਕੇਸ ਰੱਦ ਕਰਨ ਦੀ ਮੰਗ ਕੀਤੀ। ਮਿੰਨੀ ਸਕੱਤਰੇਤ ਪਹੁੰਚ ਕੇ ਇਨ੍ਹਾਂ ਪੱਤਰਕਾਰਾਂ ਨੇ ਕੇਂਦਰ ਸਰਕਾਰ ਅਤੇ 'ਆਧਾਰ' ਜਥੇਬੰਦੀ ਦੀ ਧੱਕੇਸ਼ਾਹੀ ਤੇ ਮੀਡੀਆ ਨੂੰ ਡਰਾਉਣ ਧਮਕਾਉਣ ਵਾਲ਼ੀ ਇਸ ਕਾਰਵਾਈ ਵਿਰੁੱਧ ਨਾਹਰੇਬਾਜ਼ੀ ਕਰਦਿਆਂ ਡਿਪਟੀ ਕਮਿਸ਼ਨਰ ਪ੍ਰਦੀਪ ਅਗਰਵਾਲ ਨੂੰ ਮੰਗ ਪੱਤਰ ਵੀ ਸੌਂਪਿਆ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜੇ ਗਏ ਇਸ ਮੰਗ ਪੱਤਰ ਵਿਚ ਇਸ ਮਾਮਲੇ ਦੀ ਕਿਸੇ ਨਿਰਪੱਖ ਏਜੰਸੀ ਤੋਂ ਡੂੰਘਾਈ ਨਾਲ਼ ਜਾਂਚ ਪੜਤਾਲ ਕਰਾਉਣ ਅਤੇ ਲੋਕਾਂ ਦਾ ਡਾਟਾ ਸੁਰੱਖਿਅਤ ਰੱਖਣਾ ਯਕੀਨੀ ਬਣਾਉਣ ਲਈ ਯੋਗ ਪ੍ਰਬੰਧ ਕਰਨ ਦੀ ਬੇਨਤੀ ਕੀਤੀ ਗਈ ਹੈ। ਸੀਨੀਅਰ ਪੱਤਰਕਾਰ ਵਰਿੰਦਰ ਪ੍ਰਮੋਦ ਬਾਤਿਸ਼, ਰਜੇਸ਼ ਭਾਂਬੀ, ਨੀਰਜ ਮੈਨਰਾ, ਤਰਸੇਮ ਦਿਓਗਨ, ਕਰਨ ਕਪੂਰ, ਸੁਨੀਲ ਰਾਏ ਕਾਮਰੇਡ, ਅਸ਼ਵਨੀ ਜੇਤਲੀ, ਆਦਿ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਕਾਰਵਾਈ ਮੀਡੀਆ ਕਰਮੀਆਂ ਦੀ ਨਿਰਪੱਖਤਾ ਅਤੇ ਲਿਖਣ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕਰਾਉਣ ਦੀ ਬਜਾਏ ਕੇਸ ਦਰਜ ਕਰਾਉਣਾ ਆਧਾਰ ਜਥੇਬੰਦੀ ਤੇ ਕੇਂਦਰ ਸਰਕਾਰ ਦੀ ਮਾੜੀ ਨੀਅਤ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਦੀ ਸੁਰੱਖਿਆ ਅਤੇ ਦੇਸ਼ ਦੇ ਨਾਗਰਿਕਾਂ ਦੇ ਮੁੱਢਲੇ ਹੱਕਾਂ ਨਾਲ਼ ਜੁੜਿਆ ਮਾਮਲਾ ਹੈ ਜਿਸ ਨੂੰ ਗੰਭੀਰਤਾ ਨਾਲ਼ ਲੈਣ ਦੀ ਲੋੜ ਹੈ। ਇਸ ਮੌਕੇ ਮੋਹਿਤ ਬਹਿਲ, ਗੌਤਮ ਜਲੰਧਰੀ, ਰਜਨੀ, ਨਵੀਨ ਸ਼ਰਮਾ, ਰੋਹਿਤ ਗੌੜ, ਅਜੇ ਨੇਪਾਲ, ਵਿਪਨ ਜੰਡ, ਦੀਪਕ ਸੋਲੋਪਾਲ, ਆਸ਼ੂਤੋਸ਼ ਗੌਤਮ, ਪ੍ਰਤੀਕ ਆਨੰਦ, ਵਰੁਣ ਭਾਟੀਆ, ਪੁਨੀਤ ਬਾਵਾ, ਪਰਮੇਸ਼ਰ ਸਿੰਘ, ਕੰਵਲਦੀਪ ਡੰਗ, ਵਿਸ਼ਾਲ ਗਰਗ, ਯਸ਼ਪਾਲ ਸ਼ਰਮਾ, ਰਾਜੀਵ ਤਲਵਾਰ, ਆਰ. ਵੀ. ਸਮਰਾਟ, ਕਨਰਿੰਦਰ ਮਹਿੰਦਰੂ, ਅਰੁਣ ਕੁਮਾਰ, ਰਜਿੰਦਰ, ਬਿੰਦਰ, ਰੁਪੇਸ਼, ਰਾਹੁਤ ਤਵਰ, ਮਨਜੀਤ ਸਿੰਘ ਦੁੱਗਰੀ, ਸੰਤੋਸ਼ ਪਾਠਕ, ਰੋਹਿਤ ਕੁਮਾਰੀ, ਸੇਠੀ ਚੌਹਾਨ ਅਤੇ ਹੋਰ ਪੱਤਰਕਾਰ ਮੌਜੂਦ ਸਨ।

# ਭਾਰਤ ਤੇ ਇਜ਼ਰਾਈਲ ਵੱਲੋਂ 9 ਸਮਝੌਤਿਆਂ ਤੇ ਦਸਤਖਤ

**ਨਵੀਂ ਦਿੱਲੀ-** ਭਾਰਤ ਅਤੇ ਇਜ਼ਰਾਈਲ ਨੇ ਸਾਈਬਰ ਸੁਰੱਖਿਆ ਸਮੇਤ ਅਹਿਮ ਖੇਤਰਾਂ 'ਚ ਸਹਿਯੋਗ ਲਈ 9 ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨੇ ਰੱਖਿਆ ਅਤੇ ਅਤਿਵਾਦ ਵਿਰੋਧੀ ਰਣਨੀਤਕ ਖੇਤਰਾਂ 'ਚ ਸਬੰਧ ਮਜ਼ਬੂਤ ਕਰਨ ਲਈ ਗੱਲਬਾਤ ਕੀਤੀ। ਸ੍ਰੀ ਮੋਦੀ ਨੇ ਇਜ਼ਰਾਇਲੀ ਰੱਖਿਆ ਕੰਪਨੀਆਂ ਨੂੰ ਭਾਰਤ 'ਚ ਸਾਂਝੇ ਉਤਪਾਦਨ ਦਾ ਸੱਦਾ ਵੀ ਦਿੱਤਾ। ਨੇਤਨਯਾਹੂ ਨਾਲ ਸਾਂਝੇ ਤੌਰ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ,''ਭਾਰਤ ਅਤੇ ਇਜ਼ਰਾਈਲ ਖੇਤੀਬਾੜੀ, ਤਕਨਾਲੋਜੀ ਅਤੇ ਸੁਰੱਖਿਆ ਜਿਹੇ ਖੇਤਰਾਂ 'ਚ ਸਹਿਯੋਗ ਦੇ ਮੌਜੂਦਾ ਥੰਮ੍ਹਾਂ ਨੂੰ ਹੋਰ ਮਜ਼ਬੂਤ ਕਰਨਗੇ।'' ਸ੍ਰੀ ਮੋਦੀ ਨੂੰ 'ਇਨਕਲਾਬੀ' ਆਗੂ ਕਰਾਰ ਦਿੰਦਿਆਂ ਨੇਤਨਯਾਹੂ ਨੇ ਕਿਹਾ,''ਤੁਸੀਂ (ਮੋਦੀ) ਭਾਰਤ 'ਚ ਇਨ-ਕਲਾਬ ਲਿਆਉਣ ਦੇ ਨਾਲ ਨਾਲ ਭਾਰਤ ਅਤੇ ਇਜ਼ਰਾਈਲ ਦੇ ਰਿਸ਼ਤਿਆਂ 'ਚ ਵੀ ਕਰਾਂਤੀ ਲਿਆ ਰਹੇ ਹੋ।'' ਦੋਵੇਂ ਪ੍ਰਧਾਨ ਮੰਤਰੀਆਂ ਨਾਲ ਸੀਨੀਅਰ ਕੈਬਨਿਟ ਸਾਥੀ ਵੀ ਮੌਜੂਦ ਸਨ ਜਿਨ੍ਹਾਂ ਵਫ਼ਦ ਪੱਧਰ ਦੀ ਗੱਲਬਾਤ ਕੀਤੀ ਜਿਸ ਦੌਰਾਨ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸਾਈਬਰ ਸੁਰੱਖਿਆ ਤੋਂ ਇਲਾਵਾ ਤੇਲ ਅਤੇ ਗੈਸ ਖੇਤਰ, ਫਿਲਮਾਂ ਬਣਾਉਣ ਅਤੇ ਹਵਾਈ ਟਰਾਂਸਪੋਰਟ ਸਬੰਧੀ ਸਮਝੌਤਿਆਂ 'ਤੇ ਵੀ ਸਹੀ ਪਾਈ ਗਈ। ਨੇਤਨਯਾਹੂ, ਐਤਵਾਰ ਨੂੰ ਇਥੇ ਪੁੱਜੇ ਸਨ।

# ਸ਼ੋਸ਼ਲ ਮੀਡੀਆ ਅਤੇ ਔਰਤ ਦੀ ਆਜਾਦੀ



ਗੁਰਿੰਦਰ ਕੌਰ ਮਹਿਦੂਦਾਂ
91-92179-18897

ਅੱਜ ਦੇ ਤਕਨੀਕੀ ਯੁੱਗ ਵਿਚ ਅੰਤਰਰਾਸ਼ਟਰੀ ਪੱਧਰ ਤੱਕ ਫੈਲਿਆ ਸ਼ੋਸ਼ਲ ਮੀਡੀਆ ਇੱਕ ਸਾਧਾਰਨ ਵਿਅਕਤੀ ਦੀ ਜਿੰਦਗੀ ਵਿੱਚ ਵੀ ਗਹਿਰਾ ਪ੍ਰਭਾਵ ਰੱਖਣ ਲੱਗਾ ਹੈ। ਇਸ ਪ੍ਰਤੀ ਮਨੁੱਖ ਦੇ ਰੁਝੇਵਿਆਂ ਨੂੰ ਦੇਖਦੇ ਹੋਏ ਜੇਕਰ ਏਹ ਕਿਹਾ ਜਾਵੇ ਕਿ ਏਹ ਮਨੁੱਖਾਂ ਦੇ ਸਾਹਾਂ ਨਾਲ ਚੱਲ ਰਿਹਾ ਹੈ ਤਾਂ ਇਸ ਵਿੱਚ ਕੋਈ ਅਤਕਥਨੀ ਨਹੀ ਹੋਵੇਗੀ। ਏਸੇ ਕਾਰਨ ਕੁਝ ਸਬਦਾਂ ਰਾਹੀਂ ਜਿਥੇ ਸ਼ੋਸ਼ਲ ਮੀਡੀਆ ਤੇ ਚਰਚਾ ਕੀਤੀ ਜਾਵੇਗੀ ਉਥੇ ਹੀ ਇਸ ਵਿੱਚ ਔਰਤ ਦਾ ਕੀ ਰੋਲ ਹੈ ਤੇ ਵਿਚਾਰ ਮੰਥਨ ਹੋਵੇਗਾ।

ਸ਼ੋਸ਼ਲ ਸਾਈਟਾਂ ਜਿਵੇਂ ਕਿ ਵਟਸ-ਅੱਪ ਅਤੇ ਫੇਸਬੁੱਕ ਰਾਹੀਂ ਜਿਥੇ ਵਿਅਕਤੀ ਸਸਤੇ ਤੇ ਸੌਖੇ ਢੰਗ ਨਾਲ ਆਪਣੀ ਸੂਚਨਾਵਾਂ ਦੂਜਿਆਂ ਤੱਕ ਭੇਜ ਸਕਦਾ ਹੈ ਉਥੇ ਹੀ ਚੈਟਿੰਗ ਅਤੇ ਵੱਖ ਵੱਖ ਪ੍ਰਕਾਰ ਦੀਆਂ ਹੋਰ ਪੋਸਟਾਂ ਰਾਹੀਂ ਅਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਵੀ ਕਰਨ ਲੱਗ ਪਿਆ ਹੈ। ਇਸਦੇ ਜ਼ਰੀਏ ਹੁਣ ਲੋਕ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਤੇ ਮਿੱਤਰ ਬਣਦੇ ਹਨ ਜਿਹਨਾਂ ਚੋਂ ਕਈਆਂ ਨੂੰ ਅਸੀ ਜਾਣਦੇ ਵੀ ਨਹੀਂ ਹੁੰਦੇ। ਜਿਸ ਕਾਰਨ ਕਈ ਵਾਰ ਸਾਨੂੰ ਭਾਰੀ ਨੁਕਸਾਨ ਤੱਕ ਝੱਲਣੇ ਪੈਂਦੇ ਹਨ। ਕਈ ਵਾਰ ਸ਼ੋਸ਼ਲ ਮੀਡੀਆ ਦੀ ਵਰਤੋਂ ਨਾਲ ਹੋਂਦ ਵਿੱਚ ਆਈ ਘਟਨਾਂ ਸਾਡੇ ਲਈ ਨਾ-ਭੁੱਲਣ ਵਾਲੀ ਯਾਦ ਬਣ ਜਾਂਦੀ ਹੈ ਜੋ ਚੰਗੀ ਵੀ ਹੋ ਸਕਦੀ ਤੇ ਮਾੜੀ ਵੀ।

ਸ਼ੋਸ਼ਲ ਮੀਡੀਆ ਦਾ ਨੌਜਵਾਨਾਂ ਤੇ ਮਾੜਾ ਅਸਰ ਪੈ ਰਿਹਾ ਹੈ, ਪੜਾਈ ਦੀ ਬਜਾਏ ਉਹ ਆਪਣਾ ਜਿਆਦਾ ਸਮਾਂ ਸ਼ੋਸ਼ਲ ਮੀਡੀਏ ਤੇ ਅਜਾਈਂ ਗਵਾ ਰਹੇ ਹਨ ਜਿਸ ਕਾਰਨ ਉਹ ਇਮਤਿਹਾਨਾਂ ਵਿਚ ਅਸਫਲ ਰਹਿੰਦੇ ਹਨ। ਉਹ ਮਾਪਿਆਂ ਦੀ ਗੱਲ ਨੂੰ ਅਣਸੁਣਿਆ ਕਰਕੇ ਸਾਰਾ ਦਿਨ ਚੈਟਿੰਗ ਅਤੇ ਗੇਮ ਖੇਡਦੇ ਰਹਿੰਦੇ ਹਨ। ਜੇਕਰ ਨੌਜਵਾਨ ਸ਼ੋਸ਼ਲ ਮੀਡੀਆ ਦਾ ਸਦ-ਪ੍ਰਯੋਗ ਕਰਨ ਤਾਂ ਏਹ ਉਹਨਾਂ ਦੇ ਟੀਚੇ ਸਰ ਕਰਨ ਲਈ ਵਰਦਾਨ ਵੀ ਸਾਬਿਤ ਹੋ ਸਕਦਾ ਹੈ।

ਸ਼ੋਸ਼ਲ ਮੀਡੀਆ ਨਵੀਂ ਜਾਣਕਾਰੀ ਪ੍ਰਾਪਤ ਕਰਨ, ਕਾਰੋਬਾਰ ਵਿੱਚ ਵਾਧਾ ਕਰਨ, ਮਨੋਰੰਜਨ ਕਰਨ, ਤਨਾਅ ਤੋਂ ਦੂਰ ਰਹਿਣ ਅਤੇ ਵਿਸ਼ਵ ਭਰ 'ਚ ਨਵੇਂ ਲੋਕਾਂ ਨਾਲ ਪਹਿਚਾਣ ਬਣਾਉਣ ਦਾ ਸਾਧਨ ਤਾਂ ਬਣ ਗਿਆ ਹੈ। ਮਨੁੱਖ ਦੀ ਜਿੰਦਗੀ ਵਿੱਚ ਇਸਦਾ ਕੀ ਸਥਾਨ ਹੈ ਉਸ ਬਾਰੇ ਇਸ ਗੱਲ ਤੋਂ ਅੰਦਾਜਾ ਵੀ ਲਗਾਇਆ ਜਾ ਸਕਦਾ ਹੈ ਕਿ 35 ਤੋਂ 50 ਸਾਲ ਦੇ ਬਹੁਗਿਣਤੀ ਵਿਆਕਤੀ ਜਿਹਨਾਂ ਦੇ ਹੱਥਾਂ ਵਿੱਚ ਪਹਿਲਾਂ ਸਵੇਰੇ ਉਠਦੇ ਸਾਰ ਹੀ ਅਖਬਾਰ ਤੇ ਚਾਹ ਦਾ ਕੱਪ ਹੁੰਦਾ ਸੀ ਤੇ ਹੁਣ ਉਹਨਾਂ ਹੱਥਾਂ ਵਿਚ ਮੋਬਾਈਲ ਹੁੰਦਾ ਹੈ। ਉਹ ਦੇਰ ਰਾਤ ਸ਼ੋਸ਼ਲ ਮੀਡੀਆ ਤੇ ਜਿਥੋਂ ਖਤਮ ਹੋਏ ਸਨ ਅਪਣੀ ਸਵੇਰ ਉਥੋਂ ਹੀ ਮੁੜ ਸੁਰੂ ਕਰ ਦਿੰਦੇ ਹਨ। ਜਿਆਦਾਤਰ ਬਜੁਰਗ ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਦੀ ਬਜਾਏ ਟੈਲੀਵਿਜਨ ਤੇ ਖਬਰਾਂ ਸੁਣਨਾ ਹੀ ਪਸੰਦ ਕਰਦੇ ਹਨ।

ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਵਿੱਚ ਔਰਤਾਂ ਵੀ ਪਿਛੇ ਨਹੀ ਹਨ ਬਲਕਿ ਤੁਹਾਨੂੰ ਏਹ ਜਾਣ ਕੇ ਵੀ ਬੜੀ ਹੈਰਾਨੀ ਹੋਵੇਗੀ ਕਿ ਮਰਦਾਂ ਨਾਲੋਂ ਔਰਤਾਂ ਸੋਸ਼ਲ ਮੀਡੀਆ ਦੀ ਵਰਤੋਂ ਜਿਆਦਾ ਕਰਦੀਆਂ ਹਨ। ਸਾਡੇ ਦੇਸ਼ ਦੀ ਪ੍ਰਾਪਤ ਹੋਈ ਇੱਕ ਰਿਸਰਚ ਰਿਪੋਰਟ ਦੇ ਮੁਤਾਬਿਕ 2010 ਵਿਚ ਮਰਦ 53 ਫੀਸਦੀ ਅਤੇ ਔਰਤਾਂ 68 ਫੀਸਦੀ ਅਤੇ 2015 ਵਿਚ 73 ਫੀਸਦੀ ਮਰਦ ਅਤੇ ਔਰਤਾਂ 80 ਫੀਸਦੀ ਸ਼ੋਸ਼ਲ ਸਾਈਟਾਂ ਦੀ ਵਰਤੋਂ ਕਰਦੀਆਂ ਸਨ ਜੋ ਹੁਣ ਹੋਰ ਵਧ ਗਈ ਹੈ। ਸ਼ੋਧ ਕੀਤੇ ਆਂਕੜੇ ਮੁਤਾਬਕ 24 ਫੀਸਦੀ ਔਰਤਾਂ 1 ਸਾਲ ਤੋਂ ਫੇਸਬੁੱਕ ਦੀ ਵਰਤੋਂ ਕਰ ਰਹੀਆਂ ਹਨ। ਪਰ ਏਥੇ ਏਹ ਗੱਲ ਵੀ ਸਾਹਮਣੇ ਆਈ ਹੈ ਕਿ ਭਾਰਤ 'ਚ ਮਰਦਾਂ ਦੇ ਮੁਕਾਬਲੇ ਸ਼ੋਸ਼ਲ ਮੀਡੀਆ ਦੀ ਜਿਆਦਾ ਵਰਤੋਂ ਕਰਨ ਵਾਲੀ ਔਰਤ ਸੋਸ਼ਲ ਮੀਡੀਆ ਦੀ ਵਰਤੋਂ ਦੇ ਮਾਮਲੇ ਤੇ ਆਜਾਦ ਨਹੀ ਲੱਗਦੀ। ਜੇਕਰ ਏਹ ਕਹਿ ਲਿਆ ਜਾਵੇ ਕਿ ਭਾਰਤ ਦੀ ਪੜੀ ਲਿਖੀ ਤੇ ਉੱਚ ਅਹੁਦਿਆਂ ਤੇ



ਬਿਰਾਜਮਾਨ ਔਰਤ ਵੀ ਸ਼ੋਸ਼ਲ ਮੀਡੀਆ ਦੀ ਵਰਤੋਂ ਉਸ ਢੰਗ ਨਾਲ ਨਹੀ ਕਰ ਰਹੀ ਜਿਸ ਪ੍ਰਕਾਰ ਉਸ ਤੋਂ ਕਿਤੇ ਘੱਟ ਪੜਿਆ ਅਤੇ ਆਮ ਸਧਾਰਨ ਮਰਦ ਕਰ ਸਕਦਾ ਹੈ। ਇਸਨੂੰ ਝੁਠਲਾਉਣ ਦੀ ਬਜਾਏ ਆਧੁਨਿਕ ਸਮੇਂ ਵਿੱਚ ਔਰਤ ਦੀ ਅਜਾਦੀ ਤੇ ਇੱਕ ਸਵਾਲੀਆ ਨਿਸ਼ਾਨ ਹੀ ਮੰਨਿਆ ਜਾਵੇ ਤਾਂ ਠੀਕ ਹੈ। ਅੱਜ ਕਈ ਸਵਾਲ ਮਰਦ ਪ੍ਰਧਾਨ ਸਮਾਜ ਅਤੇ ਔਰਤ ਨੂੰ ਆਜਾਦ ਆਖਣ ਵਾਲੇ ਲੋਕਾਂ ਤੋਂ ਜਵਾਬ ਮੰਗ ਰਹੇ ਹਨ ਕਿ ਇੱਕ ਔਰਤ ਆਖਰ ਸ਼ੋਸ਼ਲ ਮੀਡੀਆ ਤੇ ਆਪਣੀ ਹੀ ਤਸ਼ਵੀਰ ਕਿਉਂ ਸਾਂਝੀ ਨਹੀ ਕਰ ਸਕਦੀ। ਜੇਕਰ ਮਰਦ ਸ਼ੋਸ਼ਲ ਮੀਡੀਆ ਤੇ ਅਪਣੀ ਤਸਵੀਰ ਪਾ ਕੇ ਏਹ ਪੁੱਛ ਸਕਦਾ ਹੈ ਕਿ ਉਹ ਕਿੰਨਾ ਸੋਹਣਾ ਹੈ ਤੇ ਕਿੰਨਾ ਜੱਚਦਾ ਹੈ ਤਾਂ ਔਰਤ ਤੋਂ ਏਹ ਅਧਿਕਾਰ ਕਿਉਂ ਖੋਹਿਆ ਜਾ ਰਿਹਾ ਹੈ। ਉਹ ਸੋਸ਼ਲ ਸਾਈਟ ਤੇ ਕਿਸੇ ਤਰਾਂ ਵੀ ਪੋਸਟ ਪਾਉਣ ਤੋਂ ਕਿਉਂ ਕਤਰਾਉਂਦੀ ਹੈ। ਘਰ ਦੇ ਕੰਮ ਕਾਰ ਤੋਂ ਥੱਕੀ ਟੁੱਟੀ ਜਾਂ ਦਿਨ ਭਰ ਤੇ ਦਫਤਰੀ ਬੋਝ ਦੀ ਸਤਾਈ ਏਹ ਔਰਤ ਜੇਕਰ ਦਿਮਾਗੀ ਰਾਹਤ ਲਈ ਕੁਝ ਸਮਾਂ ਸੋਸ਼ਲ ਮੀਡੀਆ ਨੂੰ ਦਿੰਦੀ ਹੈ ਤਾਂ ਉਸ ਦਾ ਅਪਣੇ ਘਰ ਵਾਲੇ ਸਮੇਤ ਹੋਰਾਂ ਵੱਲੋਂ ਕਿਉਂ ਵਿਰੋਧ ਕੀਤਾ ਜਾ ਰਿਹਾ ਹੈ। ਜੇਕਰ ਉਹ ਕਿਸੇ ਨਾਲ ਚੈਟਿੰਗ ਕਰਦੀ ਹੈ ਤਾਂ ਉਸ ਦੇ ਚੱਰਿਤਰ ਤੇ ਉਂਗਲ ਕਿਉਂ ਉੱਠ ਜਾਂਦੀ ਹੈ, ਜੇਕਰ ਔਰਤ ਫੇਸਬੁੱਕ ਤੇ ਕੋਈ ਮਿੱਤਰ ਬਣਾਉਂਦੀ ਹੈ ਤਾਂ ਮਰਦ ਉਸਨੂੰ ਗਲਤ ਸਮਝ ਕੇ ਬੁਰੇ ਕਾਮੇਂਟ ਕਰਦਾ ਹੈ। ਉਹ ਇਸ ਖੇਤਰ ਵਿੱਚ ਹੋ ਰਹੀ ਧੱਕੇਸ਼ਾਹੀ ਨਾਲ ਕਿਵੇਂ ਲੜੇ? ਕਿਸ ਤੋਂ ਇਨਸਾਫ ਮੰਗੇ, ਕਿਸ ਅਦਾਲਤ ਦਾ ਦਰਵਾਜਾ ਖੜਕਾਵੇ ਜਿਥੋਂ ਉਸ ਨੂੰ ਅਪਣੇ ਅੰਦਰ ਦੇ ਡਰ ਅਤੇ ਬਾਹਰ ਦੇ ਸੈਤਾਨਾਂ ਨੂੰ ਖਤਮ ਕਰਨ ਦਾ ਬਲ ਮਿਲੇ, ਆਤਮ ਸ਼ਕਤੀ ਮਿਲੇ।

ਭਾਵੇਂ ਸੰਵਿਧਾਨ ਨਿਰਮਾਤਾ ਡਾ.ਭੀਮ ਰਾਓ ਅੰਬੇਡਕਰ ਨੇ ਔਰਤਾਂ ਦੇ ਹੱਕ ਤੇ ਅਧਿਕਾਰਾਂ ਲਈ ਸੰਘਰਸ਼ ਕੀਤਾ ਅਤੇ ਸੰਵਿਧਾਨ ਵਿਚ ਔਰਤਾਂ ਦੇ ਅਧਿਕਾਰਾਂ ਬਾਰੇ ਕਾਨੂੰਨ ਵੀ ਬਣਾਏ ਪਰ ਫਿਰ ਵੀ ਮਰਦ ਔਰਤ ਨੂੰ ਆਪਣੇ ਤੋਂ ਉਪਰ ਉਠਾਉਣ ਦੀ ਕੋਸ਼ਿਸ ਨਹੀਂ ਕਰ ਰਿਹਾ। ਉਹ ਉਸਨੂੰ ਆਪਣੇ ਫੈਸਲੇ ਖੁਦ ਲੈਣ ਦੇ ਵੀ ਅਧਿਕਾਰ ਨਹੀਂ ਦੇ ਰਿਹਾ। "ਅੱਜ ਵੀ ਔਰਤ ਗੁਲਾਮ ਹੈ?" ਮੈਨੂੰ ਵਾਰ ਵਾਰ ਏਹ ਗੱਲ ਸਤਾ ਰਹੀ ਹੈ।

ਕਈ ਮਰਦ ਤੇ ਔਰਤਾਂ ਮੇਰੇ ਉਪਰੋਕਤ ਸਵਾਲਾਂ ਤੇ ਬਵਾਲ ਜਰੂਰ ਖੜਾ ਕਰਨਗੇ। ਮੈਨੂੰ ਸਵਾਲ ਕਰਨਗੇ ਕਿ ਤੁਹਾਨੂੰ ਕੌਣ ਰੋਕ ਰਿਹਾ ਹੈ ਸ਼ੋਸ਼ਲ ਮੀਡੀਆ ਤੇ ਆਪਣੀ ਹੀ ਤਸਵੀਰ ਜਾਂ ਕੋਈ ਕੋਈ ਪੋਸਟ ਪਾਉਣ ਤੋਂ। ਅਸੀ ਤਾਂ ਪਾਉਂਦੇ ਹਾਂ ਤੁਸੀਂ ਵੀ ਪਾਓ, ਅੱਜ ਔਰਤ ਗੁਲਾਮ ਨਹੀ ਅਜਾਦ ਹੈ। ਪਰ ਮੇਰੇ ਮੰਨ ਅੰਦਰ ਬੈਠੀਆਂ ਲੱਖਾਂ ਔਰਤਾਂ ਕਹਿ ਰਹੀਆਂ ਹਨ ਕਿ ਜੇਕਰ ਆਪਣੀ ਤਸਵੀਰ ਪਾ ਦਿੱਤੀ ਅਤੇ ਉਸ ਉੱਤੇ ਮਾੜੀ ਸੋਚ ਰੱਖਣ ਵਾਲੇ ਲੋਕਾਂ ਦੀ ਮਾੜੀ ਪ੍ਰਤੀਕਿਰਿਆ ਆ ਗਈ ਤਾਂ ਮੈਂ!

ਕਹਿਣ ਨੂੰ ਹੀ ਹੈ ਕਿ ਔਰਤਾਂ ਗੁਲਾਮ ਨਹੀਂ ਹਨ ਪਰ ਜੇ ਅਸੀਂ ਡੂੰਘਾਈ ਨਾਲ ਨਜ਼ਰ ਮਾਰੀਏ ਤਾਂ ਔਰਤਾਂ ਅਜੇ ਵੀ ਗੁਲਾਮ ਹਨ। ਚਾਹੇ ਅੱਜ ਦੀ ਔਰਤ ਜਿੰਨੀ ਵੀ ਮਰਜ਼ੀ ਉੱਚੀ ਪਦਵੀ ਤੇ ਪਹੁੰਚ ਗਈ, ਮੰਜ਼ਿਲਾਂ ਸਰ ਕਰਦੀ ਹੋਈ ਆਈ ਏ ਐਸ, ਆਈ ਪੀ ਐਸ, ਡਾਕਟਰ, ਇੰਜਨੀਅਰ, ਵਕੀਲ ਤੇ ਲੀਡਰ ਬਣ ਗਈ। ਫਿਰ ਵੀ ਉਹ ਗੁਲਾਮ ਜਿਹੀ ਹੀ ਜਾਪਦੀ ਹੈ। ਇਹ ਗੁਲਾਮੀ ਦੀਆਂ ਜ਼ੰਜੀਰਾਂ ਇਸ ਵਾਰ ਮਰਦਾਂ ਨੇ ਘੱਟ ਬਲਕਿ ਉਸਦੀ ਆਪਣੀ ਸੋਚ ਨੇ ਵੀ ਪਾ ਦਿੱਤੀਆਂ ਹਨ, ਸਮਾਜਿਕ ਕਦਰਾਂ ਕੀਮਤਾਂ, ਸੰਸਕਾਰਾਂ ਤੇ ਸਾਡੇ ਸੱਭਿਆਚਾਰਕ ਤਾਣੇ ਬਾਣੇ ਨੇ ਪਾ ਦਿੱਤੀਆਂ ਹਨ। ਸੋਸ਼ਲ ਨੈਟਵਰਕਿੰਗ ਦੀਆਂ ਵੈਬਸਾਈਟਾਂ ਤੇ ਤਸਵੀਰਾਂ ਨਾਲ ਛੇੜਛਾੜ, ਭੱਦੀਆਂ ਫਿਲਮਾਂ, ਅਸ਼ਲੀਲ ਚੈਟਿੰਗ ਵਗੈਰਾ ਦੇ ਜ਼ਰੀਏ ਮਹਿਲਾਵਾਂ ਨੂੰ ਤੰਗ ਕਰਨ ਦੇ ਮਾਮਲੇ ਆਉਂਦੇ ਰਹਿੰਦੇ ਹਨ।

ਅਸ਼ਲੀਲ ਮੈਸੇਜ ਭੇਜਣਾ, ਪ੍ਰੇਸ਼ਾਨ ਕਰਨਾ, ਬਦਨਾਮ ਕਰਨਾ ਅਪਰਾਧ ਹੈ ਜਿਸਦੇ ਲਈ ਕਾਨੂੰਨ 2009 ਦੀ ਧਾਰਾ 66(ਏ) ਦੇ ਤਹਿਤ ਸਜ਼ਾ ਮੁਕਰੱਰ ਹੁੰਦੀ ਹੈ। ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ ਅਤੇ ਜੁਰਮਾਨਾ ਵੀ ਹੋ ਸਕਦਾ ਹੈ। ਕਈ ਮਰਦ ਟਾਈਮ ਪਾਸ ਕਰਨ ਜਾਂ ਭੱਦੀ ਚੈਟਿੰਗ ਕਰਨ ਲਈ ਔਰਤਾਂ ਨੂੰ ਵਾਰ ਵਾਰ ਫਰੈਂਡ ਰਿਕੁਏਸਟ ਭੇਜਦੇ ਹਨ ਜਦਕਿ ਨਵੇਂ ਨਿਯਮਾਂ ਮੁਤਾਬਕ ਔਰਤ ਨੂੰ ਬਾਰ ਬਾਰ ਫਰੈਂਡਜ਼ ਰਿਕੁਏਸਟ ਭੇਜਣਾ ਇਕ ਅਪਰਾਧ ਮੰਨਿਆ ਗਿਆ ਹੈ। ਲੋੜ ਪੈਣ ਤੇ ਔਰਤ ਨੂੰ ਇਸ ਨਿਯਮ ਦੀ ਵਰਤੋਂ ਵੀ ਸੈਤਾਨਾਂ ਨੂੰ ਸੁਧਾਰਨ ਲਈ ਕਰ ਲੈਣੀ ਚਾਹੀਦੀ ਹੈ।

ਦੇਸ਼ ਦੀ ਕੁੱਲ 1 ਅਰਬ 34 ਕਰੋੜ 96 ਲੱਖ 18 ਹਜਾਰ 623 ਅਬਾਦੀ 'ਚ 65 ਕਰੋੜ 26 ਲੱਖ 75 ਹਜਾਰ 566 ਔਰਤਾਂ ਹਨ ਜਿਸਦੀ ਰੇਸ਼ੋ 1000 ਮਰਦ ਪਿਛੇ 945 ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਕੁੱਲ ਅਬਾਦੀ ਦਾ 24 ਫੀਸਦੀ ਔਰਤਾਂ ਸ਼ੋਸ਼ਲ ਮੀਡੀਆ ਨਾਲ ਜੁੜੀਆਂ ਹੋਈਆਂ ਹਨ ਜੇਕਰ ਉਹਨਾਂ ਨੂੰ ਉਪਰੋਕਤ ਸਮੱਸਿਆਵਾਂ ਆ ਰਹੀਆਂ ਹਨ ਤਾਂ ਏਹ ਭਾਰਤ ਵਰਗੇ ਵੱਡੇ ਲੋਕਤੰਤਰ ਦੇਸ਼ ਲਈ ਚੰਗੀ ਗੱਲ ਨਹੀ ਕਹੀ ਜਾ ਸਕਦੀ। ਜਿਸ ਵਿੱਚ ਸੁਧਾਰ ਲਿਆਉਣ ਅਤੇ ਔਰਤਾਂ ਨੂੰ ਅੰਦਰੋਂ ਮਜਬੂਤ ਕਰਨ ਲਈ ਉਹਨਾਂ ਦੇ ਪਰਿਵਾਰਾਂ ਅਤੇ ਦੇਸ਼ ਦੀ ਸਰਕਾਰ ਨੂੰ ਹੋਰ ਠੋਸ ਕਦਮ ਚੁੱਕਣ ਦੀ ਜਰੂਰਤ ਹੈ ਤਾਂ ਕਿ ਵਿਦੇਸ਼ਾਂ ਵਾਂਗ ਭਾਰਤੀ ਨਾਰੀ ਵੀ ਹਰ ਪ੍ਰਕਾਰ ਦੀ ਆਜਾਦੀ ਦਾ ਨਿੱਘ ਮਾਣ ਸਮੇਂ ਦੀ ਹਾਣੀ ਬਣ ਸਕੇ।

*# ਐਮ ਏ ਜਰਨਲਿਜਮ ਐਂਡ ਮਾਸ਼ ਕਮਿਊਨੀਕੇਸ਼ਨ*
*ਪੰਜਾਬੀ ਯੂਨੀਵਰਸਿਟੀ ਪਟਿਆਲਾ*

# ਜ਼ਿੰਦਗੀ ਵਿੱਚ ਤਲਾਕ ਜਿਹੀ ਸਮੱਸਿਆ ਕਿਓ?

ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
91-94786 5838

ਮਨੁੱਖੀ ਜ਼ਿੰਦਗੀ ਵਿੱਚ ਪਤੀ ਪਤਨੀ ਜਿਹਾ ਗੂੜ੍ਹਾ ਰਿਸ਼ਤਾ ਤੇ ਜੀਵਨ ਭਰ ਇਕੱਠਿਆਂ ਰਹਿ ਕੇ ਦੁੱਖ, ਸੁੱਖ ਦੇ ਭਾਈਵਾਲ ਹੋਣਾ ਕੋਈ ਆਮ ਜਿਹਾ ਰਿਸ਼ਤਾ ਨਹੀਂ ਹੈ ਜੀ ਤੇ ਨਾ ਹੀ ਇਸ ਰਿਸ਼ਤੇ ਜਿੰਨਾ ਕੋਈ ਹੋਰ ਰਿਸ਼ਤਾ ਮਨਮੋਹਕ ਹੋ ਸਕਦਾ ਹੈ ਬਸ਼ਰਤੇ ਪਤੀ, ਪਤਨੀ ਦੋਨੋਂ ਹੀ ਇਸ ਰਿਸ਼ਤੇ ਨੂੰ ਇਕਸੁਰਤਾ, ਇੱਕ ਜੁੱਟ ਆਪਣੇ ਗ੍ਰਹਿਸਤੀ ਧਰਮ ਵਿੱਚ ਵਫ਼ਾਦਾਰੀ, ਸੱਚਾਈ ਤੇ ਪਰਪੱਕਤਾ ਨਾਲ ਨਿਭਾਉਣ। ਪਰ ਕਿਤੇ ਨਾ ਕਿਤੇ ਜਿੰਦਗੀ ਵਿੱਚ ਮਨ, ਮਟਾਵ, ਝੂਠ, ਬੇਵਫ਼ਾਈ, ਬੋਲ ਚਾਲ ਦੇ ਤਿੱਖੇ ਤੀਰ ਇਸ ਰਿਸ਼ਤੇ ਨੂੰ ਤਾਰੋ ਤਾਰ ਕਰ ਦਿੰਦੇ ਹਨ ਤੇ ਸਮੱਸਿਆ ਤਲਾਕ ਤੱਕ ਆ ਪਹੁੰਚਦੀ ਹੈ ਅਜਿਹਾ ਕਿਓ?

ਸਭ ਤੋ ਪਹਿਲਾ ਤਾਂ ਬੱਚੇ, ਬੱਚੀ ਦਾ ਰਿਸ਼ਤਾ ਹੋਣ ਵੇਲੇ ਦੋਨਾਂ ਪ੍ਰੀਵਾਰਾਂ ਦੀ ਸਹਿਮਤੀ ਤੇ ਦੋਨੋਂ ਬੱਚਿਆ ਦੀ ਸਹਿਮਤੀ ਬਹੁਤ ਜਰੂਰੀ ਹੈ। ਬੱਚਿਆ ਦੀ ਸਹਿਮਤੀ ਤੋ ਬਾਅਦ ਹੀ ਰਿਸ਼ਤਾ ਪੱਕਾ ਕਰੋ। ਯਾਦ ਰੱਖੋ ਦੁਲਹਨ ਹੀ ਦਹੇਜ ਹੈ। ਪਰ ਫਿਰ ਵੀ ਜੇਕਰ ਲੜਕੀ ਵਾਲਿਆਂ ਨਾਲ ਇਸ ਵਿਸ਼ੇ ਤੇ ਗੱਲ ਕਰਨੀ ਪਵੇ ਤਾਂ ਦੋਨਾਂ ਧਿਰਾਂ ਦੀ ਰਜ਼ਾਮੰਦੀ ਨਾਲ ਸਲਾਹ ਮਸ਼ਵਰਾ ਕੀਤਾ ਜਾ ਸਕਦਾ ਜੀ ਨਾ ਕਿ ਦਾਜ, ਦਹੇਜ, ਬਰਾਤ ਦੀ ਸੇਵਾ ਦਾ ਬੋਝ ਲੜਕੀ ਦੇ ਪਿਤਾ ਨੂੰ ਕਰਜਾ ਚੁੱਕਣ ਲਈ ਮਜਬੂਰ ਕਰ ਦੇਵੇ। ਇਸ ਨਾਲ ਵੀ ਲੜਕੀ ਨਵੇਂ ਸਹੁਰੇ ਘਰ ਵਿੱਚ ਆ ਕੇ ਜਲਦੀ ਘੁਲ-ਮਿਲ ਨਹੀਂ ਸਕੇਗੀ। ਬੱਚੀ ਨੂੰ ਸਹੁਰੇ ਪ੍ਰੀਵਾਰ ਨਾਲ ਗਿਲਾ ਤੇ ਮਨ ਵਿੱਚ ਰੋਸ ਰਹੇਗਾ ਕਿ ਇੰਨਾ ਨੇ ਮੇਰੇ ਪਿਤਾ ਨੂੰ ਕਰਜਾਈ ਕਰ ਦਿੱਤਾ ਹੈ। ਦਾਜ ਮੰਗਣਾ ਵੀ ਸਭ ਤੋ ਵੱਡਾ ਕਾਰਣ ਬਣਦਾ ਹੈ ਜੀ ਤਲਾਕ ਦਾ ਪਹਿਲਾ ਨਿੱਕੀ ਨਿੱਕੀ ਨੋਕ ਝੋਕ ਫਿਰ ਮੇਹਣੇ, ਮਿਹਣੀ ਤੇ ਅਖੀਰ ਵਿੱਚ ਲੜਕੀ ਕਹਿ ਹੀ ਦਿੰਦੀ ਹੈ ਮੈ ਨਹੀਂ ਰਹਿਣਾ ਇੰਨਾ ਦਾਜ ਦੇ ਲੋਭੀਆ ਦੇ ਤੇ ਆ ਜਾਂਦੀ ਹੈ ਤਲਾਕ ਜਿਹੀ ਸਮੱਸਿਆ। ਦੋਸਤੋ ਜੇਕਰ ਚਾਹੁੰਦੇ ਹੋ ਰਿਸ਼ਤੇ ਵਿੱਚ ਮਿਠਾਸ ਤੇ ਉਮਰ ਭਰ ਦਾ ਸਾਥ ਤਾਂ ਪਤੀ, ਪਤਨੀ ਤੇ ਦੋਨਾਂ ਪ੍ਰੀਵਾਰਾਂ ਨੂੰ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਕਦੇ ਕੋਈ ਐਸੀ ਗੱਲ ਨਾ ਕਰੋ ਜਿਸ ਨਾਲ ਘਰ ਵਿੱਚ ਵਿਵਾਦ ਖੜ੍ਹਾ ਹੋ ਜਾਵੇ। ਲੜਕੀ ਨੂੰ ਵੀ ਚਾਹੀਦਾ ਹੈ ਕਿ ਸੱਸ, ਸਹੁਰੇ, ਨਨਾਣ, ਦਿਓਰ, ਜੇਠ ਤੇ ਆਏ ਹੋਏ ਰਿਸ਼ਤੇਦਾਰਾਂ ਦੀ ਆਉ ਭਗਤ ਸਤਿਕਾਰ ਕਰੇ ਕੋਈ ਐਸਾ ਕੰਮ ਨਾ ਕਰੇ ਕਿ ਪਤੀ, ਪਤਨੀ ਵਿੱਚ ਜਾਂ ਸਹੁਰੇ ਘਰ ਵਿੱਚ ਵੱਖਰੇਵਾਂ ਖੜ੍ਹਾ ਹੋ ਜਾਵੇ ਤੇ ਗੱਲ ਆਖਰ ਤਲਾਕ ਤੱਕ ਪਹੁੰਚ ਜਾਵੇ। ਪਤੀ, ਪਤਨੀ ਇੱਕ ਗੱਡੀ ਦੇ ਦੋ ਪਹੀਏ ਹੁੰਦੇ ਹਨ। ਜੇਕਰ ਇੱਕ ਨਾ ਹੋਵੇ ਤਾਂ ਦੂਜਾ ਵੀ ਬੇਕਾਰ ਹੋ ਜਾਂਦਾ ਹੈ। ਤੇ ਦੋਸਤੋ ਯਾਦ ਰੱਖਣਾ ਬੇਕਾਰ ਚੀਜ਼ ਦੀ ਕੋਈ ਕੀਮਤ ਨਹੀਂ ਹੁੰਦੀ। ਇਸ ਲਈ ਰਿਸ਼ਤੇ ਵਿਚ ਵਿਸ਼ਵਾਸ ਤੇ ਇਕਸੁਰਤਾ ਬਣਾ ਕੇ ਰੱਖੋ। ਮੇਰੀ ਇੱਕ ਸਲਾਹ ਹੈ



ਮੇਰੀਆਂ ਨਵ ਵਿਆਹੁਤਾ ਬੱਚੀਆਂ ਨੂੰ ਕਿ ਹਰ ਸਹੁਰੇ ਘਰ ਦੀ ਗੱਲ ਆਪਣੇ ਪੇਕਿਆਂ ਨੂੰ ਨਾ ਦੱਸੋ ਕਿਉਂਕਿ ਤੁਸੀਂ ਤਾਂ ਕੁਝ ਸਮੇਂ ਬਾਅਦ ਫਿਰ ਤੋ ਇਕ ਹੋ ਜਾਣਾ ਤੇ ਤੁਹਾਡੇ ਮਾਂ, ਪਿਉ ਦੀ ਦਖਲ ਅੰਦਾਜੀ ਵੀ ਤਲਾਕ ਦਾ ਕਾਰਣ ਬਣ ਸਕਦੀ ਹੈ। ਸੁਹਰਾ ਘਰ ਹੁਣ ਤੁਹਾਡਾ ਆਪਣਾ ਅਸਲੀ ਘਰ ਹੈ ਬੇਟਾ ਅੱਛੇ ਬੱਚੇ ਆਪਣੇ ਘਰ ਦੀਆ ਗੱਲਾ ਲੀਕ ਨਹੀਂ ਕਰਦੇ। ਇਸ ਲਈ ਰਿਸ਼ਤੇ ਨੂੰ ਸਹੀ ਢੰਗ ਨਾਲ ਨਿਭਾਉਣ ਲਈ ਵਿਸ਼ਵਾਸ, ਸਹਿਣਸ਼ੀਲਤਾ, ਮਿਠਾਸ, ਨਿਮਰਤਾ, ਲੱਜਾ ਨਿਵਾਨਤਾ, ਵਫ਼ਾ, ਮੁਆਫ਼ੀ ਤੇ ਕੁਰਬਾਨੀ ਜਿਹੇ ਗੁਣ ਹੋਣੇ ਲਾਜ਼ਮੀ ਹਨ। ਤਾਂ ਜੋ ਇਸ ਰਿਸ਼ਤੇ ਨੂੰ ਪਰਪੱਕਤਾ ਨਾਲ ਨਿਭਾਇਆ ਜਾ ਸਕੇ। ਪਾਣੀ ਹਮੇਸ਼ਾ ਨੀਵੇਂ ਥਾਂ ਵੱਲ ਹੀ ਜਾਂਦਾ ਹੈ ਤੇ ਫਲ ਵੀ ਨੀਵਿਆਂ ਰੁੱਖਾਂ ਨੂੰ ਲੱਗਦੇ ਹਨ। ਇੱਥੇ ਮੈ ਆਪਣੀਆਂ ਪਿਆਰੀਆਂ ਭੈਣਾਂ,ਬੇਟੀਆਂ ਨੂੰ ਹੀ ਕਹਾਂਗੀ ਕਿ ਪਤਨੀ ਧਰਮ ਪਤੀ ਨਾਲੋਂ ਥੋੜਾ ਨੀਵੇਂ ਹੋ ਕੇ ਬਖ਼ੂਬੀ ਨਿਭਾਇਆ ਜਾ ਸਕਦਾ ਹੈ। ਜਰੂਰੀ ਨਹੀਂ ਜੋ ਗੱਲ ਪਤੀ ਦੇਵ ਕਰ ਰਿਹਾ ਹੈ ਆਪਾ ਉਸਦਾ ਜਵਾਬ ਉਸਦੀ ਬੋਲੀ ਵਿੱਚ ਉਸੇ ਟਾਇਮ ਹੀ ਦਈਏ। ਇਸ ਲਈ ਲੋੜ ਹੁੰਦੀ ਹੈ। ਟਾਇਮ ਵਿਚਾਰਨ ਦੀ, ਸੋਚ ਸਮਝ ਕੇ ਮਿੱਠੇ ਬੋਲ ਬੋਲ ਕੇ ਸਹਿਜਤਾ ਭਰੇ ਲਫਜਾਂ ਵਿੱਚ ਆਪਾਂ ਆਪਣੀ ਗੱਲ ਕਹਿ ਸਕਦੇ ਹਾਂ। ਮੈ ਇਹ ਨਹੀਂ ਕਹਾਂਗੀ ਕਿ ਲੜਕੀਆਂ ਪਤੀ ਦੀ ਹਰ ਤਰਾ ਦੀ ਬਦਸਲੂਕੀ ਸਹਿਣ ਕਰਨ ਪਰ ਥੋੜੀ ਜਿਹੀ ਨਰਮਾਈ ਤੇ ਸਮਝਦਾਰੀ ਨਾਲ ਤਲਾਕ ਜਿਹੀ ਸਮੱਸਿਆ ਤੋ ਬਚਿਆ ਜਾ ਸਕਦਾ ਹੈ। ਤੇ ਤੁਸੀਂ ਆਪਣੇ ਸਹੁਰੇ ਪਰਿਵਾਰ ਵਿੱਚ ਸਭ ਦੇ ਹਰਮਨ ਪਿਆਰੇ ਬਣ ਜਾਂਦੇ ਹੋ। ਕਿਉਂਕਿ ਇੱਕ ਨੂੰਹ ਤੋ ਹਰ ਕੋਈ ਘਰ ਨੂੰ ਜੋੜ ਕੇ ਰੱਖਣ ਦੀ ਹੀ ਉਮੀਦ ਰੱਖਦਾ ਹੈ।ਬਚਿਓ ਤਲਾਕ ਨਾਲ ਦੋ-ਦੋ ਜ਼ਿੰਦਗੀਆਂ ਬਰਬਾਦ ਹੁੰਦੀਆਂ ਹਨ ਤੇ ਨਾਲ, ਨਾਲ ਬਚਿਆਂ ਤੇ ਵੀ ਇਸਦਾ ਬੁਰਾ ਅਸਰ ਪੈਦਾ ਹੈ। ਬੱਚੇ ਨੂੰ ਤਾਂ ਪਤਾ ਵੀ ਨਹੀਂ ਹੁੰਦਾ ਕਿ ਮੰਮੀ, ਪਾਪਾ ਵਿੱਚ ਕੀ ਹੋ ਰਿਹਾ ਹੈ। ਪਰ ਫਿਰ ਵੀ ਸਭ ਤੋ ਵੱਡੀ ਸਜਾ ਵਿਚਾਰੇ ਨਿਰਦੋਸ਼ ਨੂੰ ਮਿਲਦੀ ਹੈ। ਉਸ ਨੂੰ ਤਾਂ ਮਾਂ, ਬਾਪ ਦੋਨਾਂ ਦਾ ਪਿਆਰ ਹੀ ਚਾਹੀਦਾ ਹੁੰਦਾ ਹੈ। ਪਰ ਜਦੋਂ ਮਾਂ ਬਾਪ ਦਾ ਤਲਾਕ ਹੋ ਜਾਂਦਾ ਹੈ ਤਾਂ ਪਿਆਰ ਵਿਹੂਣਾ ਬੱਚਾ ਤਿਲ, ਤਿਲ ਮਰਦਾ ਹੈ। ਬੱਚੇ ਦੀ ਸੋਚਣ ਸ਼ਕਤੀ ਘੱਟ ਜਾਂਦੀ ਹੈ, ਵਿਕਾਸ ਰੁਕ ਜਾਂਦਾ ਹੈ,ਬੱਚਾ ਜਿੱਦੀ ਹੋ ਜਾਂਦਾ ਹੈ ਤੇ ਜਦੋਂ ਹਮ ਜਮਾਤੀ ਬੱਚੇ ਤੇ ਮਾਪਿਆ ਬਾਰੇ ਕੁਮੈਂਟ ਕਰਦੇ ਹਨ ਤਾਂ ਬੱਚਾ ਨਿਰਉੱਤਰ ਹੋ ਕੇ ਰਹਿ ਜਾਂਦਾ ਹੈ।ਇਸ ਤਰਾ ਦੇ ਬੱਚੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦੇ ਹਨ।ਜਿਸ ਦਾ ਇਲਾਜ ਕਰਨਾ ਔਖਾ ਹੋ ਜਾਂਦਾ ਹੈ ਕਿਉਂਕਿ ਬੱਚੇ ਨੂੰ ਦਵਾਈ ਨਹੀਂ ਮਾਪਿਆ ਦੀਆ ਦੁਆਵਾਂ ਤੇ ਸਹਿਯੋਗ ਦੀ ਜਰੂਰਤ ਹੁੰਦੀ ਹੈ। ਸੋ ਦੋਸਤੋ ਜੇਕਰ ਤਲਾਕ ਜਿਹੀ ਘਾਤਕ ਸਮੱਸਿਆ ਤੋ ਬਚਣਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਪਤੀ, ਪਤਨੀ ਦੇ ਗੂੜ੍ਹੇ ਰਿਸ਼ਤੇ ਨੂੰ ਨਿਭਾਉਣ ਵਿੱਚ ਪਰਪੱਕਤਾ, ਵਫ਼ਾਦਾਰੀ, ਸਮਝਦਾਰੀ, ਇਮਾਨਦਾਰੀ, ਸਹਿਣਸ਼ੀਲਤਾ ਬਣਾ ਕੇ ਰੱਖਣੀ ਪਵੇਗੀ। ਤੇ ਆਪਣੀ ਪਤਨੀ ਤੇ ਰਿਸ਼ਤੇਦਾਰਾਂ ਦਾ ਸਤਿਕਾਰ ਕਰਨਾ ਹੋਵੇਗਾ। ਕਿਉਂਕਿ ਔਰਤ ਨੂੰ ਦੇਣ ਵਾਲੇ ਤੋਹਫ਼ਿਆਂ ਵਿੱਚੋਂ ਸਭ ਤੋ ਕੀਮਤੀ ਤੋਹਫ਼ਾ ਔਰਤ ਦਾ ਸਤਿਕਾਰ ਕਰਨਾ ਹੈ ਜੀ। ਲੜਕਿਆ ਨੂੰ ਚਾਹੀਦਾ ਹੈ ਕਿ ਪਤਨੀ ਤੇ ਫਾਲਤੂ ਪਤੀ ਵਾਲਾ ਰੋਹਬ ਨਾ ਮਾਰਣ ਬਲਕਿ ਬਰਾਬਰ ਦਾ ਦਰਜਾ ਦੇ ਕੇ ਗੂੜ੍ਹੀ ਪ੍ਰੀਤ ਦੇ ਹੱਕਦਾਰ ਬਣਨ।ਜੋ ਤੁਹਾਡੇ ਲਈ ਤੁਹਾਡੀ ਪਤਨੀ ਕਰ ਸਕਦੀ ਹੈ ਬਾਹਰੋਂ ਕੋਈ ਵੀ ਐਸਾ ਇਨਸਾਨ ਨਹੀਂ ਮਿਲੇਗਾ ਜੋ ਸਵੇਰੇ ਤੋ ਸ਼ਾਮ ਤੱਕ ਤੁਹਾਡੇ ਘਰ ਦੇ ਕੰਮ ਕਰੇ, ਬੱਚੇ ਪਾਲੇ ਮਾਤਾ ਪਿਤਾ ਨੂੰ ਸੰਭਾਲੇ, ਤੇ ਜ਼ਿੰਮੇਵਾਰੀਆਂ ਦਾ ਸਾਰਾ ਬੋਝ ਆਪਣੇ ਸਿਰ ਲੈ ਲਵੇ। ਯਾਦ ਰੱਖੋ ਜੇਕਰ ਕੋਈ ਦੁੱਖ ਤਕਲੀਫ਼ ਹੋਵੇਗੀ ਤਾਂ ਸਭ ਤੋ ਪਹਿਲਾ ਪਤਨੀ ਹੀ ਹੈ ਜੋ ਤੁਹਾਡਾ ਸਾਥ ਦੇਵੇਗੀ। ਜਰਾ ਸੋਚੋ ਬਾਹਰਵਾਲੀ ਤੁਹਾਡੀਆਂ ਸਾਰੀਆਂ ਖੁਸ਼ੀਆਂ ਨੂੰ ਨਿਗਲ ਜਾਵੇਗੀ ਅਤੇ ਘਰਵਾਲੀ ਆਪਣੀਆਂ ਸਾਰੀਆਂ ਖੁਸ਼ੀਆਂ ਤੁਹਾਡੇ ਤੇ ਨਿਛਾਵਰ ਕਰ ਦਵੇਗੀ। ਕਦੇ ਵੀ ਆਪਣੇ ਜੀਵਣ ਵਿੱਚ ਐਸਾ ਕੰਮ ਨਾ ਕਰੋ ਜਿਸ ਨਾਲ ਤੁਸੀਂ ਆਪਣਿਆਂ ਦੀਆ ਨਜਰਾਂ ਚੋ ਗਿਰ ਜਾਵੋ।

ਸੋ ਅਖੀਰ ਵਿੱਚ ਮੈ ਇਹੀ ਕਹਾਂਗੀ ਕਿ ਜੇਕਰ ਆਪਣੇ ਵਿਵਾਹਕ ਜੀਵਨ ਵਿੱਚ ਆਨੰਦ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਪਿਆਰ, ਮੁਹੱਬਤ, ਸਚਾਈ, ਮਿਠਾਸ, ਵਫ਼ਾਦਾਰੀ ਜਿਹੇ ਗੁਣ ਆਪਣੇ ਪੱਲੂ ਨਾਲ ਬੰਨ ਕੇ ਰੱਖੋ ਤਾਂ ਕਿ ਤਲਾਕ ਜਿਹੀ ਘਾਤਕ, ਨਰਵਸ, ਬੇਸੁਵਾਦੀ ਤੇ ਇੱਕਲਤਾ ਭਰੀ ਜਿੰਦਗੀ ਤੋ ਬਚ ਸਕੀਏ ਐਸਾ ਕਰਕੇ ਜਿੰਦਗੀ ਵਿਚੋ ਤਲਾਕ ਜਿਹੀ ਸਮੱਸਿਆ ਤੋ ਬਚਿਆ ਜਾ ਸਕਦਾ ਹੈ। ਖੁਸ਼ੀਆਂ ਵੰਡੋ, ਖੁਸ਼ੀਆਂ ਪਾਓ ਤੇ ਜੀਵਣ ਸਫਲ ਬਣਾਓ ਪ੍ਰਮਾਤਮਾ ਹਰ ਚੰਗੇ ਕੰਮ ਵਿੱਚ ਤੁਹਾਡਾ ਸਾਥ ਜਰੂਰ ਦੇਵੇਗਾ।

## ਵਿਚਾਰ ਆਪੋ-ਆਪਣਾ

# ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਫੇਲ



ਫਰੈਡੀ ਜੋਜ਼ਫ

ਕਿਸੇ ਵੀ ਦੇਸ਼ ਦੀ ਵਿਦੇਸ਼ੀ ਨੀਤੀ ਦੀ ਸਫਲਤਾ ਦਾ ਅਧਾਰ ਇਹ ਹੁੰਦਾ ਹੈ ਕਿ ਦੇਸ਼ ਦੀਆਂ ਸਰੱਹਦਾਂ ਤੇ ਸ਼ਾਂਤੀ ਰਹੇ। ਗੁਆਂਢੀ ਦੇਸ਼ਾਂ ਨਾਲ ਸਬੰਧ ਵਧੀਆ ਹੋਣ ਪਰ ਮੋਦੀ ਸਰਕਾਰ ਦੇਸ਼ ਨੂੰ ਅਜੇਹੀ ਵਿਦੇਸ਼ੀ ਨੀਤੀ ਦੇਣ ਵਿੱਚ ਬਹੁਤ ਬੁਰੀ ਤਰ੍ਹਾਂ ਅਸਫਲ ਰਹੀ ਹੈ। ਜਦ ਤੋਂ ਮੋਦੀ ਸਰਕਾਰ ਬਣੀ ਹੈ, ਦੇਸ਼ ਦੀਆਂ ਸਰਹੱਦਾਂ ਤੇ ਲਗਾਤਾਰ ਤਨਾਓ ਬਣਿਆ ਹੋਇਆ ਹੈ। ਪਾਕਿਸਤਾਨ ਨਾਲ ਲਗਦੀ ਸਰੱਹਦ ਤੇ ਪਾਕਿਸਤਾਨ ਵਲੋਂ ਦੋ ਤਰ੍ਹਾਂ ਦੇ ਹਮਲੇ ਲਗਾਤਾਰ ਹੋ ਰਹੇ ਹਨ (1) ਅਤਿਵਾਦੀ ਹਮਲੇ ਅਤੇ (2) ਪਾਕਿਸਤਾਨ ਫੌਜ ਵਲੋਂ ਲਗਾਤਾਰ ਫਾਇਰਿੰਗ ਜਿਸ ਵਿੱਚ 90 ਤੋਂ ਵਧ ਜਵਾਨ ਸਾਲ 2017 ਵਿੱਚ ਸ਼ਹੀਦ ਹੋ ਚੁੱਕੇ ਹਨ ਅਤੇ ਸਰਹੱਦ ਤੇ ਰਹਿਣ ਵਾਲੇ ਲੋਕ ਬਹੁਤ ਡਰ ਤੇ ਤਨਾਓ ਦੇ ਮਹੌਲ ਵਿੱਚ ਜੀ ਰਹੇ ਹਨ। ਚੀਨ ਦੀ ਸਰਹੱਦ ਤੇ ਵੀ ਸਭ ਅੱਛਾ ਨਹੀਂ ਹੈ।

ਜੋ ਗੱਲ ਸਭ ਤੋਂ ਖਤਰਨਾਕ ਭਾਰਤ ਲਈ ਹੈ ਉਹ ਇਹ ਹੈ ਕਿ ਮੋਦੀ ਸਰਕਾਰ ਨੇ ਪਾਕਿਸਤਾਨ ਨੂੰ ਚੀਨ ਦੇ ਨੇੜੇ ਕਰ ਦਿੱਤਾ ਹੈ। ਪਾਕਿਸਤਾਨ ਇਸ ਸਮੇਂ ਚੀਨ, ਰੂਸ ਅਤੇ ਉੱਤਰੀ ਕੋਰੀਆ ਵੱਲ ਵਧਦਾ ਜਾ ਰਿਹਾ ਹੈ। ਜੇਕਰ ਪਾਕਿਸਤਾਨ ਚੀਨ, ਰੂਸ ਅਤੇ ਉੱਤਰੀ ਕੋਰੀਆ ਤੇ ਨਿਰਭਰ ਹੋਇਆ ਤਾਂ ਇਹ ਗੱਲ ਭਾਰਤ ਲਈ ਚਿੰਤਾਜਨਕ ਹੈ। ਮੋਦੀ ਸਰਕਾਰ ਇਹ ਵੀ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੀ ਕਿ ਅੰਤਰ ਰਾਸ਼ਟਰੀ ਭਾਈਚਾਰੇ ਵਿੱਚ ਪਾਕਿਸਤਾਨ ਦਾ ਵਿਰੋਧ ਹੋਣ ਦੇ ਬਾਵਜੂਦ ਪਾਕਿਸਤਾਨ ਭਾਰਤ ਦੀ ਸਰਹੱਦ ਤੇ ਹਮਲੇ ਬੰਦ ਜਾਂ ਘੱਟ ਨਹੀਂ ਕਰ ਰਿਹਾ।



ਇਮਰਾਨ ਖਾਨ ਵਲੋਂ ਕਹੀ ਜਾ ਰਹੀ ਇਸ ਗੱਲ ਦੇ ਵੀ ਅਰਥ ਕੱਢੇ ਜਾਣ ਦੀ ਲੋੜ ਹੈ ਕਿ ਪਾਕਿਸਤਾਨ ਵਲੋਂ ਅਮਰੀਕਾ ਨਾਲੋਂ ਆਪਣੇ ਸਬੰਧ ਤੋੜ ਲੈਣ ਦਾ ਇਹ ਢੁਕਵਾਂ ਸਮਾਂ ਹੈ। ਉੱਤਰੀ ਕੋਰੀਆ ਅਮਰੀਕਾ ਨੂੰ ਸਿੱਧੇ ਤੌਰ ਤੇ ਚੈਲਿੰਜ ਕਰ ਰਿਹਾ ਹੈ। ਉਸਦੇ ਪਾਗਲਪਨ ਕਾਰਣ ਕਿਸੇ ਵੀ ਸਮੇਂ ਵਿਸ਼ਵ ਯੁੱਧ ਛਿੜ ਸਕਦਾ ਹੈ। ਪਾਕਿ-ਸਤਾਨ ਇੱਕ ਪ੍ਰਮਾਣੂ ਸ਼ਕਤੀ ਹੈ। ਕਈ ਵਾਰ ਇਹ ਖਬਰਾਂ ਆ ਚੁੱਕੀਆਂ ਹਨ ਕਿ ਪਾਕਿਸਤਾਨੀ ਪ੍ਰਮਾਣੂ ਹਥਿਆਰ ਉਥੋਂ ਦੇ ਅਤਿਵਾਦੀਆਂ ਦੇ ਹੱਥ ਆ ਸਕਦੇ ਹਨ। ਜੇਕਰ ਪਾਕਿਸਤਾਨ ਦੇ ਪ੍ਰਮਾਣੂ ਹਥਿਆਰ ਪਾਕਿਸਤਾਨੀ ਅਤਿਵਾਦੀਆਂ ਦੇ ਹੱਥ ਆ ਗਏ ਤਾਂ ਇਹ ਬਾਂਦਰ ਦੇ ਹੱਥ ਤਲਵਾਰ ਵਾਲੀ ਗੱਲ ਹੋਵੇਗੀ।

ਚੀਨ ਇੱਕ ਬੇਹੱਦ ਮੱਕਾਰ ਦੇਸ਼ ਹੈ ਅਤੇ ਪਾਕਿਸਤਾਨ ਚੰਦਰਾ ਅਤੇ ਮੱਕਾਰ ਗੁਆਂਢੀ ਹੈ। ਚੀਨ ਵਲੋਂ ਕਿਹਾ ਜਾਣਾ ਕਿ ਉਸਨੇ ਅਰੁਣਾਚਲ ਨੂੰ ਕਦੀ ਵੀ ਭਾਰਤ ਦਾ ਹਿੱਸਾ ਨਹੀਂ ਮੰਨਿਆ ਇਸਦੇ ਵੀ ਅਰਥ ਕੱਢੇ ਜਾਣ ਦੀ ਲੋੜ ਹੈ। ਹੁਣ ਖਬਰਾਂ ਆਈਆਂ ਹਨ ਕਿ ਚੀਨ ਭਾਰਤ ਦਾ ਪਾਣੀ ਰੋਕ ਸਕਦਾ ਹੈ।

ਬੰਗਲਾਦੇਸ਼ ਅਤੀ ਕਮਜ਼ੋਰ ਦੇਸ਼ ਹੈ ਫਿਰ ਉਸਦੇ ਭਾਰਤ ਪ੍ਰਤੀ ਰਵਈਏ ਨੂੰ ਕੋਈ ਨਿੱਘੀ ਮਿੱਤਰਤਾ ਵਾਲਾ ਰਿਸ਼ਤਾ ਨਹੀਂ ਕਿਹਾ ਜਾ ਸਕਦਾ। ਨੇਪਾਲ ਦੀ ਸਥਿਤੀ ਵੀ ਉਹੋ ਜਹੀ ਹੈ। ਨੇਪਾਲ ਇੱਕ ਸਮੇਂ ਸੰਸਾਰ ਦਾ ਇਕੋ ਇੱਕ ਹਿੰਦੂ ਦੇਸ਼ ਸੀ। ਅੱਜ ਉਹ ਹਿੰਦੂ ਦੇਸ਼ ਨਹੀਂ ਰਿਹਾ। ਅੱਜ ਉਸਦੀ ਰਾਜਨੀਤਕ ਫਿਲਾਸਫੀ ਚੀਨ ਦੇ ਨਜ਼ਦੀਕ ਹੈ, ਭਾਰਤ ਦੇ ਨਹੀਂ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਇਨ੍ਹਾਂ ਦੋਹਾਂ ਮੱਕਾਰ ਦੇਸ਼ਾਂ ਨਾਲ ਨਿਪਟਣ ਲਈ ਬਹੁਤ ਚੰਗੇ ਯਤਨ ਕੀਤੇ ਸਨ। ਇਹ ਯਤਨ ਹੰਢਣਸਾਰ ਕਿਉਂ ਨਹੀਂ ਬਣ ਸਕੇ ਇਸ ਬਾਰੇ ਮੁਢੋਂ ਵਿਚਾਰ ਕਰਨ ਦੀ ਲੋੜ ਹੈ।

# ਈਸਾਈ ਗਿਣਤੀ ਦੇ ਪਖੋਂ ਦੂਜੇ ਨੰਬਰ ਤੇ ਕਿਉਂ ਗਏ?

ਡੈਨੀਅਲ ਥੋਬਾ

ਪ੍ਰਭੂ ਯਿਸੂ ਮਸੀਹ ਜੀ ਦੇ ਪ੍ਰਮੁੱਖ ਸ਼ਗਿਰਦਾਂ ਤੋਂ ਲੈ ਕੇ ਇੱਕੀਵੀਂ ਸਦੀ ਦੇ ਪ੍ਰਚਾਰਕਾਂ ਨੇ ਭਾਰਤ ਸਮੇਤ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਅਨਪੜ੍ਹ, ਉੱਜਡ, ਅਸਲੋਂ ਜਾਂਗਲੀ, ਸਮਾਜ ਅਤੇ ਸਰਕਾਰਾਂ ਵਲੋਂ ਦੁਰਕਾਰੇ ਲੋਕਾਂ ਵਿੱਚ ਜਾ ਕੇ ਪ੍ਰਭੂ ਯਿਸੂ ਦੇ ਮਨੁੱਖੀ ਭਾਈਚਾਰੇ ਅਤੇ ਬਰਾਦਰੀ ਦੇ ਸੁਨੇਹੇ ਦਾ ਪ੍ਰਚਾਰ ਕੀਤਾ। ਭਾਰਤ ਵਿੱਚ ਤਾਂ ਸ਼ੂਦਰ ਲੋਕਾਂ ਦੀ ਹਾਲਤ ਤਾਂ ਬਹੁਤ ਤਰਸਯੋਗ ਸੀ ਕਿਉਂਕਿ ਕਿਸੇ ਤਲਾਬ ਵਿਚੋਂ ਕੋਈ ਕੁੱਤਾ ਤਾਂ ਪਾਣੀ ਪੀ ਸਕਦਾ ਸੀ ਪ੍ਰੰਤੂ ਇਹਨਾਂ ਲੋਕਾਂ ਨੂੰ ਉਥੋਂ ਵੀ ਪਾਣੀ ਪੀਣ ਦੀ ਮਨਾਹੀ ਸੀ। ਉਹਨਾਂ ਨੂੰ ਸਿੱਖਿਆ ਪ੍ਰਾਪਤੀ ਦੀ ਵੀ ਖੁੱਲ੍ਹ ਨਹੀਂ ਸੀ। ਜਦੋਂ ਮਸੀਹੀ ਪ੍ਰਚਾਰਕਾਂ ਨੇ ਇਹਨਾਂ ਲੋਕਾਂ ਲਈ ਸਿੱਖਿਆ ਆਮ ਕਰਕੇ, ਮਨੁੱਖੀ ਬਰਾਬਰੀ ਦਾ ਸੰਦੇਸ਼ ਸੁਣਿਆ ਤਾਂ ਪ੍ਰਭੂ ਯਿਸੂ ਦੇ ਪ੍ਰੇਮ ਸੰਦੇਸ਼ ਅਤੇ ਪ੍ਰਚਾਰਕਾਂ ਦੀ ਲਗਨ, ਮਿਹਨਤ ਅਤੇ ਅਣਥੱਕ ਯਤਨਾਂ ਨਾਲ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਸੰਸਾਰ ਦੇ ਹੋਰ ਦੇਸ਼ਾਂ ਵਿੱਚ ਵੀ ਅਜਿਹੇ ਲੋਕਾਂ ਨੇ ਖੁਸ਼ੀ ਖੁਸ਼ੀ ਈਸਾਈਅਤ ਨੂੰ ਅਪਨਾ ਲਿਆ ਅਤੇ ਇਹ ਦੁਨੀਆਂ ਵਿੱਚ ਗਿਣਤੀ ਪੱਖੋਂ ਪਹਿਲੇ ਨੰਬਰ ਤੇ ਆ ਗਈ।

ਪ੍ਰੰਤੂ ਅੱਜ ਉਹ ਹਾਲਤ ਨਹੀਂ ਹੈ। ਵਰਤਮਾਨ ਸਮੇਂ ਉਹ ਗਿਣਤੀ ਦੇ ਪਖੋਂ ਖਿਸਕ ਕੇ ਦੂਜੇ ਨੰਬਰ ਤੇ ਆ ਗਈ ਹੈ। ਇਸ ਲਈ ਈਸਾਈ ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ ਅਤੇ ਦਾਰਸ਼ਨਿਕਾਂ ਨੂੰ ਵਿਚਾਰ ਕਰਨ ਦੀ ਲੋੜ ਹੈ। ਇਸ ਬਾਰੇ ਅਸੀਂ ਆਪਣੀ ਸੀਮਿਤ ਬੁੱਧੀ ਅਨੁਸਾਰ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਾਂਗੇ। ਅੱਜ ਮੁਸਲਮਾਨ ਗਿਣਤੀ ਵਿੱਚ ਦੁਨੀਆਂ ਵਿੱਚ ਪਹਿਲੇ ਨੰਬਰ ਤੇ ਹਨ। ਕੋਈ ਵੀ ਵਿਅਕਤੀ ਜਾਂ ਧਾਰਮਿਕ ਭਾਈਚਾਰੇ ਦੇ ਲੋਕਾਂ ਦਾ ਮਿਹਨਤ ਨਾਲ ਤਰੱਕੀ ਕਰਕੇ ਪਹਿਲੇ ਨੰਬਰ ਤੇ ਆਉਣਾ ਅਤੇ ਮਿਹਨਤ ਜਾਂ ਲਗਨ ਵਿੱਚ ਕਮੀ ਆਉਣ ਨਾਲ ਕਰਕੇ ਪਛੜਨਾ ਸੁਭਾਵਿਕ ਹੀ ਹੈ। ਆਓ ਅਸੀਂ ਮੁਸਲਿਮ ਭਾਈਚਾਰੇ ਦੇ ਪਹਿਲੇ ਨੰਬਰ ਤੇ ਆਉਣਾ ਅਤੇ ਈਸਾਈ ਭਾਈਚਾਰੇ ਦੇ ਗਿਣਤੀ ਪਛੜਨ ਦੇ ਕਾਰਨਾਂ ਤੇ ਵਿਚਾਰ ਕਰੀਏ। ਪਹਿਲਾ ਇਹ ਕਿ ਮੁਸਲਮਾਨ ਫਿਰਕੇ ਦੇ ਲੋਕ ਪੂਰੀ ਤਰ੍ਹਾਂ ਨਾਲ ਆਪਣੇ ਧਰਮ ਵਿੱਚ ਪ੍ਰਪੱਕ ਹਨ। ਭਾਰਤ ਸਮੇਤ ਦੁਨੀਆਂ ਭਰ ਜਦੋਂ ਵੀ ਕਿਤੇ ਸਰਕਾਰੀ ਤੌਰ ਤੇ ਗਿਣਤੀ ਹੁੰਦੀ ਹੈ ਤਾਂ ਉਹਨਾਂ ਦੇ ਧਾਰਮਿਕ ਨੇਤਾ ਉਹਨਾਂ ਨੂੰ ਪਹਿਲਾਂ ਹੀ ਸਮਝਾ ਦਿੰਦੇ ਹਨ ਕਿ ਆਪਣਾ ਧਰਮ ਸੁਚੇਤ ਹੋ ਕੇ ਲਿਖਵਾਉਣ ਅਤੇ ਉਹ ਇਸ ਨੂੰ 'ਰੱਬੀ ਹੁਕਮ' ਜਾਣ ਕੇ ਇਸਦੀ ਪਾਲਣਾ ਕਰਦੇ ਹਨ। ਦੂਜਾ ਉਹ ਸਾਰੇ ਅਮੀਰ ਹੋਣ ਤੇ ਵੀ ਆਪਣੀ ਧਾਰਮਿਕ ਪਛਾਣ ਕਾਇਮ ਰੱਖਦੇ ਹਨ।

ਇਸਦੀ ਉਦਾਹਰਣ ਹੈ ਕਿ ਲੇਖਕ ਇਕ ਵਾਰ ਸਰਧਨੇ (ਮੇਰਠ) ਮੇਲੇ ਤੇ ਗਿਆ, ਉਥੇ ਉਸਨੇ ਮੁਸਲਿਮ ਪਰਿਵਾਰਾਂ ਦੇ ਬੱਚਿਆਂ ਨੂੰ, ਜਿੰਨਾਂ ਦੀ ਪਛਾਣ ਉਹਨਾਂ ਦੀਆਂ ਟੋਪੀਆਂ ਤੋਂ ਹੁੰਦੀ ਸੀ, ਯਾਤਰੀਆਂ ਨੂੰ ਚਾਹ ਵੇਚਦੇ ਵੇਖਿਆ। ਜਦੋਂ ਉਨ੍ਹਾਂ ਦੇ ਨਾਵਾਂ ਬਾਰੇ ਪੁੱਛਿਆ ਗਿਆ ਤਾਂ ਉਹ ਬੜੇ ਫੱਖਰ ਨਾਲ ਆਪਣੇ ਨਾਂ ਮੁਹੰਮਦ ਰਮਜਾਨ ਅਲੀ, ਮੁਹੰਮਦ ਰਹਿਮਤ, ਮੁਹੰਮਦ ਫਖ਼ਰੂਦੀਨ ਆਦਿ ਦੱਸ ਰਹੇ ਸਨ। ਇਸੇ ਕਾਰਨ ਹੀ ਅੱਜ ਦੁਨੀਆਂ ਵਿੱਚ ਸਭ ਤੋਂ ਵੱਧ ਨਾਂ ਇਸਲਾਮੀ ਪਛਾਣ ਵਾਲੇ ਹਨ। ਜਦੋਂ ਸਾਡੀ ਵਿਸ਼ਵ ਭਰ ਵਿੱਚ ਅਜਿਹੀ ਕੋਈ ਪਛਾਣ ਘੱਟ ਹੀ ਬਣ ਸਕੀ ਹੈ। ਕਈ ਵਾਰ ਤਾਂ ਸਾਡੇ ਦੇਸ਼ਾਂ 'ਚ ਸਾਡੇ ਕੁਝ ਭਰਾ ਜੇਕਰ ਕੋਈ ਉਹਨਾਂ ਦੀ ਈਸਾਈ ਹੋਣ ਦੀ ਕੋਈ ਪਛਾਣ ਹੈ ਤਾਂ ਉਹ ਵੀ ਕੋਈ ਥੋੜੇ ਜਿਹੇ ਸਰਕਾਰੀ ਲਾਲਚਾਂ ਕਾਰਨ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੀ ਹਾਲਤ ਵਿੱਚ ਮੁਸਲਿਮ ਫਿਰਕੇ ਦਾ ਪਹਿਲੇ ਨੰਬਰ ਤੇ ਆਉਣਾ ਕੁਦਰਤੀ ਹੈ।

ਲੇਖਕ ਦੇ ਆਪਣੇ ਪਿੰਡ ਵਿੱਚ ਮੁਸਲਮਾਨਾਂ ਦਾ ਇੱਕ ਪਰਿਵਾਰ ਹੈ ਜੋ 1947 ਵਿੱਚ ਵੰਡ ਸਮੇਂ ਹੋਏ ਅਣ ਮਨੁੱਖੀ ਖੂਨ ਖਰਾਬੇ ਸਮੇਂ ਬਚ ਗਿਆ ਸੀ। ਉਹਨਾਂ ਨੇ ਬੜੀਆਂ ਪ੍ਰਤੀਕੂਲ ਹਾਲਾਤ ਵਿੱਚ ਪਿੰਡ ਦੇ ਦੂਜੇ ਲੋਕਾਂ ਨਾਲ ਵਰਤੋਂ ਵਿਹਾਰ ਕਰਦਿਆਂ ਹੋਇਆਂ ਵੀ ਆਪਣੀ ਪਛਾਣ ਕਾਇਮ ਰੱਖੀ ਹੈ। ਖੁਦ ਉਹਨਾਂ ਨੇ ਆਪਣੀ ਮਸਜਿਦ ਵੀ ਅਬਾਦ ਕਰ ਲਈ ਹੈ। ਇਸ ਪਰਿਵਾਰ ਕੋਲ ਦੋ ਏਕੜ ਕਬਰਸਤਾਨ ਦੀ ਜ਼ਮੀਨ ਤੋਂ ਇਲਾਵਾ ਦੋ ਏਕੜ ਹੋਰ ਵੀ ਜ਼ਮੀਨ ਹੈ। ਪ੍ਰੰਤੂ ਜਿਨ੍ਹਾਂ ਹਾਲਾਤ ਵਿੱਚ ਉਹ ਆਪਣੇ ਧਰਮ ਵਿੱਚ ਦ੍ਰਿੜ ਰਹੇ, ਉਹ ਸਾਡੇ ਪਿੰਡ ਦੇ ਬਜ਼ੁਰਗ ਜਾਂ ਇਹ ਪਰਿਵਾਰ ਜਾਣਦਾ ਹੈ। ਇਸੇ ਤਰ੍ਹਾਂ ਹੀ ਵੰਡ ਸਮੇਂ ਕੁਝ ਦੰਗਾਕਾਰੀ 'ਅੱਲਾਬੱਖਸ਼ ਨਾਂ ਦੇ ਆਦਮੀ ਨੂੰ ਜਦੋਂ ਇਹ ਕਹਿ ਰਹੇ ਸਨ ਕਿ ਜਾਂ ਤਾਂ ਆਪਣਾ ਧਰਮ ਛੱਡ ਦੇ ਪ੍ਰੰਤੂ ਉਸਨੇ ਕਿਹਾ ਕਿ ਅੱਲਾ ਮੈਨੂੰ ਜੰਨਤ ਨਸੀਬ ਕਰੇ।'' ਪ੍ਰੰਤੂ ਜਦੋਂ ਉਹ ਨਾ ਮੰਨਿਆ ਤਾਂ ਕਾਤਲਾਂ ਨੇ ਤਲਵਾਰ ਦੇ ਇਕੋ ਵਾਰ ਨਾਲ ਧੜ ਨਾਲੋਂ ਅਲਗ ਕਰ ਦਿੱਤਾ, ਜਿਸ ਧਰਮ ਵਿੱਚ ਇਹੋ ਜਿਹੋ ਦ੍ਰਿੜ ਵਿਸ਼ਵਾਸ ਹੋਣ, ਉਹ ਪਹਿਲੇ ਨੰਬਰ ਉੱਤੇ ਆਏਗਾ ਹੀ। ਅੱਜ ਬੇਸ਼ੱਕ ਭਾਰਤ ਦੇ ਕਈ ਹਿੱਸਿਆਂ ਸਮੇਤ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਵੀ ਈਸਾਈਅਤ ਉਤੇ ਵੱਡੀ ਪੱਧਰ ਤੇ ਜ਼ੁਲਮੋਂ ਤਸ਼ੱਦਦ ਹੋ ਰਿਹਾ ਹੈ ਅਤੇ ਹਜ਼ਾਰਾਂ ਲੋਕ ਬੜੇ ਸਬਰ ਨਾਲ ਹਨ੍ਹੇਰੀਆਂ ਸ਼ਕਤੀਆਂ ਦੇ ਅਨਿਆਂ ਦੇ ਸਾਮ੍ਹਣਾ ਕਰ ਰਹੇ ਹਨ। ਪ੍ਰੰਤੂ ਪੰਜਾਬ, ਹਰਿਆਣਾ, ਹਿਮਾਚਲ., ਚੰਡੀਗੜ੍ਹ ਆਦਿ ਵਿੱਚ ਈਸਾਈਅਤ ਭਾਵੇਂ ਅਜਿਹੇ ਸੰਕਟ ਵਿੱਚ ਨਹੀਂ ਹੈ, ਫਿਰ ਵੀ ਇਥੇ ਹਜ਼ਾਰਾਂ ਦੀ ਗਿਣਤੀ ਅਜਿਹੇ ਲੋਕਾਂ ਦੀ ਹੈ ਜੋ ਸੂਚੀਦਰਜ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਕਾਰਨ ਈਸਾਈਅਤ ਨੂੰ ਅਲਵਿਦਾ ਕਹਿ ਚੁੱਕੇ ਹਨ। ਉਹ ਭਾਵੇਂ ਇਹ ਲੱਖ ਦਾਅਵੇ ਕਰੀ ਜਾਣ ਕਿ ਉਹਨਾਂ ਨੇ ਦਿਲ ਪ੍ਰਭੂ ਯਿਸੂ ਨੂੰ ਦਿੱਤਾ ਹੋਇਆ ਹੈ ਪ੍ਰੰਤੂ ਉਹਨਾਂ ਦੀ ਗਿਣਤੀ ਈਸਾਈਅਤ ਵਿੱਚ ਨਹੀਂ ਹੁੰਦੀ।

ਕਈ ਮੁਸਲਿਮ ਦੇਸ਼ਾਂ ਵਿੱਚ ਈਸਾਈਆਂ ਉਪਰ ਬਹੁਤ ਜ਼ਿਆਦਾ ਦਬਾਅ ਰਹਿੰਦਾ ਹੈ। ਉਹਨਾਂ ਨੂੰ ਸਮਾਜਿਕ ਤੌਰ ਤੇ ਬਹੁਗਿਣਤੀ ਨਾਲੋਂ ਘਟੀਆ ਸਮਝ ਕੇ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਵਿਹਾਰ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਪਾਕਿਸਤਾਨ ਦੇ ਪੇਂਡੂ ਈਸਾਈਆਂ ਲਈ ਚਾਹ ਆਦਿ ਦੀਆਂ ਦੁਕਾਨਾਂ ਵਿੱਚ ਹਾਲੇ ਵੀ ਉਹਨਾਂ ਲਈ ਵੱਖਰੇ ਪਿਆਲੇ ਹਨ। ਕਈ ਲੋਕ ਸਮਾਜਿਕ ਰੁਤਬਾ ਹਾਸਿਲ ਕਰਨ ਲਈ ਵੀ ਬਹੁਗਿਣਤੀ ਦੇ ਧਰਮ ਵੱਲ ਉੱਲਰ ਜਾਂਦੇ ਹਨ। ਸਾਊਦੀ ਅਰਬ ਵਰਗੇ ਦੇਸ਼ਾਂ ਵਿੱਚ ਪਵਿੱਤਰ ਬਾਈਬਲ ਰੱਖਣਾ ਵੀ ਅਪਰਾਧ ਸਮਝਿਆ ਜਾਂਦਾ ਰਿਹਾ ਹੈ। ਅਜਿਹੀਆਂ ਸਾਰੀਆਂ ਹਾਲਾਤ ਈਸਾਈਅਤ ਦੇ ਵੱਧਣ ਫੁੱਲਣ ਵਿੱਚ ਰੁਕਾਵਟ ਪਾਉਂਦੀਆਂ ਹਨ। ਅਜਿਹੇ ਤੱਥ ਵੀ ਈਸਾਈਅਤ ਨੂੰ ਦੂਜੇ ਨੰਬਰ ਤੇ ਖਿਸਕਾਉਣ ਦਾ ਇੱਕ ਕਾਰਨ ਬਣੇ।

ਦੁਨੀਆਂ ਦੇ ਸਾਰੇ ਖੁਸ਼ਹਾਲ ਦੇਸ਼ ਜੋ ਕਦੇ ਈਸਾਈ ਦੇਸ਼ ਅਖਵਾਉਣ ਵਿਚ ਮਾਣ ਮਹਿਸੂਸ ਕਰਦੇ ਸਨ। ਇਹਨਾਂ ਦੇਸ਼ਾਂ ਦੀ ਉੱਨਤੀ ਅਤੇ ਖੁਸ਼ਹਾਲੀ ਦਾ ਰਾਜ਼ ਪ੍ਰਭੂ ਯਿਸੂ ਮਸੀਹ ਦੇ ਏਜੰਡੇ ਨੂੰ ਅਪਣਾਉਣ ਕਰਕੇ ਸੀ। ਪਰ ਜਦੋਂ ਪਰਮੇਸ਼ਵਰ ਨੇ ਇਹਨਾਂ ਦੇਸ਼ਾਂ ਨੂੰ ਸਾਧਨ ਸੰਪੰਨ ਕਰ ਦਿੱਤਾ ਤਾਂ ਉਹ ਈਸਾਈ ਦੇਸ਼ ਕਹਾਉਣ ਦੀ ਬਜਾਏ ਆਪਣੇ ਆਪ ਨੂੰ ਸੈਕੁਲਰ ਦੇਸ਼ ਅਖਵਾ ਰਹੇ ਹਨ। ਆਪਣੀ ਜ਼ੁਬਾਨ ਘੱਟ ਹੀ ਖੋਲਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਵਿਅਕਤੀ ਕੋਲ ਧਨ ਪਦਾਰਥ ਵਧ ਜਾਣ ਤਾਂ ਉਹ ਖੁਦਾ ਨੂੰ ਭੁੱਲ ਹੀ ਜਾਂਦਾ ਹੈ ਅਤੇ ਉਸ ਨੂੰ ਕੇਵਲ ਗਰੀਬਾਂ ਦੀ ਲੋੜ ਹੀ ਸਮਝਦਾ ਹੈ।

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਪ੍ਰਭੂ ਯਿਸੂ ਦੇ ਚੇਲਿਆਂ ਤੋਂ ਇਲਾਵਾ ਵੀਹਵੀ ਸਦੀ ਦੇ ਮਿਸ਼ਨਰੀ ਲੱਖ ਮੁਸੀਬਤਾਂ ਝੱਲ ਕੇ ਪ੍ਰਭੂ ਯਿਸੂ ਦੇ ਵਚਨ ਨੂੰ ਫੈਲਾਉਣਾ ਆਪਣਾ ਪਰਮ ਕਰੱਤਵ ਸਮਝਦੇ ਸਨ। ਉਹਨਾਂ ਦੇ ਅਥਾਹ ਜੋਸ਼ ਦੇ ਸਾਮ੍ਹਣੇ ਪਹਾੜ, ਸਮੁੰਦਰ, ਜਲਵਾਯੂ, ਮੌਸਮ ਸਾਰੇ ਉਹਨਾਂ ਦੇ ਰਸਤੇ ਵਿਚੋਂ ਲਾਂਭੇ ਹੋ ਜਾਂਦੇ ਸਨ। ਪ੍ਰੰਤੂ ਕਈ ਪ੍ਰਚਾਰਕਾਂ ਵਿੱਚ ਹੁਣ ਪਹਿਲਾਂ ਜਿੰਨੀ ਸਰਗਰਮੀ ਨਹੀਂ ਰਹੀ। ਅਜਿਹੇ ਕੇਵਲ ਖੁਦਾ ਦੇ ਕੰਮ ਨੂੰ ਹੋਰ ਨੌਕਰੀਆਂ ਜਾਂ ਸਾਈਡ ਬਿਜ਼ਨੈਸ ਵਜੋਂ ਹੀ ਲੈਂਦੇ ਹਨ। ਅਜਿਹੇ ਅਖੌਤੀ ਸੇਵਕਾਂ ਨੇ ਹੋਰਾਂ ਨੂੰ ਤਾਂ ਕੀ ਪ੍ਰਭੂ ਯਿਸੂ ਦੇ ਕਦਮਾਂ ਵਿੱਚ ਕੀ ਲਿਆਉਣਾ ਹੈ, ਉਹਨਾਂ ਦੇ ਆਪਣੇ ਬੱਚੇ ਵੀ ਗਿਰਜਾਘਰਾਂ ਵਿੱਚ ਉਹਨਾਂ ਦੀ ਦੁਆ ਪ੍ਰਾਰਥਨਾ ਵਿੱਚ ਭਾਗ ਨਹੀਂ ਲੈਂਦੇ। ਜਿਸ ਕਾਰਨ ਕਈ ਚਰਚ ਵੀਰਾਨ ਹੋ ਰਹੇ ਹਨ। ਕੁਝ ਸੰਸਥਾਵਾਂ ਤਾਂ ਅਜਿਹੀਆਂ ਹਨ, ਜਿਨ੍ਹਾਂ ਕੋਲ, ਚਰਚ ਵੀ ਕੇਵਲ ਉਹੋ ਹਨ ਜਿਸਨੇ ਆਪਣਾ ਤੋੜਾ ਜ਼ਮੀਨ ਵਿੱਚ ਦੱਬ ਦਿੱਤਾ ਸੀ'' ਉਹਨਾਂ ਚਰਚਾਂ ਦੀ ਮੁਰੰਮਤ ਕਰਨਾ ਵੀ ਹਿਮਲਾ ਪਰਬਤ ਦੀ ਚੋਟੀ ਤੇ ਚੜ੍ਹਨ ਵਾਂਗ ਹੈ। ਅਜਿਹੇ ਲੋਕ ਈਸਾਈਅਤ ਪ੍ਰਤੀ ਕਿੰਨੀ ਕੁ ਖਿੱਚ ਪੈਦਾ ਕਰ ਸਕਦੇ ਹਨ? ਅਸੀਂ ਇਸ ਲੇਖ ਦੇ ਸ਼ੁਰੂ ਵਿੱਚ ਕਿਹਾ ਗਿਆ ਕਿ ਮੁਸਲਿਮ ਧਾਰਮਿਕ ਨੇਤਾ ਆਪਣੇ ਲੋਕਾਂ ਨੂੰ ਆਪਣੇ ਧਰਮ ਵਿੱਚ ਇਸ ਤਰ੍ਹਾਂ ਪੁਖਤਾ ਕਰ ਦਿੰਦੇ ਹਨ ਕਿ ਉਹਨਾਂ ਤੇ ਕੋਈ ਦੂਜਾ ਰੰਗ ਚੜ੍ਹ ਨਾ ਸਕੇ। ਪ੍ਰੰਤੂ ਸਾਡੇ ਦੇਸ਼ ਵਿੱਚ ਹੀ ਕਹਿੰਦੇ ਕਹਾਉਂਦੇ ਪ੍ਰਚਾਰਕਾਂ ਦੀ ਕੋਈ ਕਮੀ ਨਹੀਂ ਜੋ ਬੜੇ ਮਾਣ ਨਾਲ ਇਹ ਗੱਲ ਕਹਿੰਦੇ ਹਨ ਕਿ ਉਹ ਤਾਂ ਖੁਦ ਵੀ ਈਸਾਈ ਨਹੀਂ ਤਾਂ ਉਹ ਆਪਣੇ ਅਸਰ ਹੇਠਲੇ ਲੋਕਾਂ ਨੂੰ ਇਹ ਗੱਲ ਕਿਥੋਂ ਕਹਿਣ ਵਾਲੇ ਹਨ ਕਿ ਉਹ ਈਸਾਈ ਜਾਂ ਮਸੀਹੀ ਸਦਾਉਣ। ਸ਼ੈਤਾਨ ਨੂੰ ਜਿੰਨੀ ਮਰਜ਼ੀ ਦੂਰ ਭਜਾਉਣ ਵਾਲੇ ਕਹਾਉਣ ਜਾਂ ਮੋਇਆ ਵਿੱਚ ਜਾਨਾਂ ਪਾਉਣ ਵਾਲੇ ਪ੍ਰੰਤੂ ਪਛਾਣ ਉਹ ਆਪਣੀ ਪਹਿਲੀ ਹੀ ਕਾਇਮ ਰੱਖਦੇ ਹਨ। ਜਦੋਂ ਹੁਣੇ ਹੁਣੇ ਹੀ ਅਸੀਂ ਕ੍ਰਿਸਮਸ ਅਤੇ ਨਵਾਂ ਸਾਲ 2018 ਮਨਾ ਕੇ ਹਟੇ ਹਾਂ ਤਾਂ ਸਾਰੇ ਮਸੀਹੀ ਜਗਤ ਨੂੰ ਸਿਰ ਜੋੜ ਕੇ ਵਿਚਾਰ ਕਰਨਾ ਚਾਹੀਦਾ ਹੈ ਕਿ ਪ੍ਰਭੂ ਯਿਸੂ ਦੁਆਰਾ ਕਾਇਮ ਕੀਤੇ ਈਸਾਈਅਤ ਰੂਪੀ ਇਨਸਾਨੀਅਤ ਦੀ ਸੇਵਾ ਨੂੰ ਸਮਰਪਿਤ ਇਸ ਬੂਟੇ ਦੀ ਗਿਣਾਂਤਮਕ ਅਤੇ ਗੁਣਾਂਤਮਕ ਪੱਖੋਂ ਪਹਿਲਾਂ ਵਾਲੀ ਅਮਨ-ਸ਼ਾਨ ਬਹਾਰ ਹੋ ਸਕੇ।

# ਹਿੰਦੂਆਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਕਿਹਾ ਅਸੀਂ ਬਾਈਬਲ ਪੜ੍ਹਨੀ ਨਹੀਂ ਛੱਡਾਂਗੇ

ਬਰੇਲੀ - ਇਥੋਂ 80 ਕਿਲੋਮੀਟਰ ਦੂਰ ਸ਼ਾਹਜਾਂਪੁਰ ਦੇ ਹਿੰਦੂਆਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਕਿਹਾ ਹੈ ਕਿ ਉਹ ਬਾਈਬਲ ਪੜ੍ਹਨ ਨਹੀਂ ਛੱਡਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਧਰਮ ਪਰਿਵਰਤ ਨਾ ਕਰਨ। ਇਥੇ ਕੁਝ ਹਿੰਦੂ ਪਰਿਵਾਰ ਹਰ ਹਫਤੇ ਇੱਕ ਘਰ ਵਿੱਚ ਇੱਕਠੇ ਹੁੰਦੇ ਹਨ ਅਤੇ ਬਾਈਬਲ ਦਾ ਅਧਿਐਨ ਕਰਦੇ ਹਨ, ਸਤਿਸੰਗ ਕਰਦੇ ਹਨ। ਕਰਿਸਮਸ ਦੇ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਨੇਤਾਵਾਂ ਨੇ ਇਨ੍ਹਾਂ ਨੂੰ ਕਿਹਾ ਸੀ ਕਿ ਉਹ ਹਨੂਮਾਨ ਨੂੰ ਮੰਨਣ। ਉਹ ਹਿੰਦੂ ਧਾਰਮਿਕ ਗ੍ਰੰਥ ਹੀ ਪੜ੍ਹਨ ਅਤੇ ਬਾਈਬਲ ਨਾ ਪੜ੍ਹਨ। ਇਹ ਹਿੰਦੂ ਨਇਆ ਗਾਂਵ ਗੁਲਾਡੀਆ ਪਿੰਡ ਵਿਖੇ ਮਾਤਾਦੀਨ ਵਰਮਾ ਦੇ ਘਰ ਹਰ ਹਫਤੇ ਇੱਕਠੇ ਹੁੰਦੇ ਅਤੇ ਬਾਈਬਲ ਦਾ ਅਧਿਐਨ ਕਰਦੇ ਹਨ। ਮਾਤਾਦੀਨ ਵਰਮਾ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਨ੍ਹਾਂ ਨੇਤਾਵਾਂ ਨੂੰ ਦੱਸਿਆ ਕਿ ਬਾਈਬਲ ਕਾਰਣ ਸਾਡੀਆਂ ਮੁਸ਼ਕਿਲਾਂ ਹੱਲ ਹੁੰਦੀਆਂ ਹਨ। ਸਾਡੇ ਕੰਮ ਸਫਲ ਹੁੰਦੇ ਹਨ। ਸਾਨੂੰ ਬਿਮਾਰੀਆਂ ਤੋਂ ਮੁਕਤੀ ਮਿਲਦੀ ਹੈ ਇਸ ਕਰਕੇ ਅਸੀਂ ਬਾਈਬਲ ਨਹੀਂ ਛੱਡ ਨਹੀਂ ਸਕਦੇ।

ਜਲਾਲਾਬਾਦ ਦੇ ਸਰਕਲ ਅਫਸਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਬਾਈਬਲ ਅਧਿਐਨ ਅਤੇ ਦੁਆਵਾਂ ਕਾਰਣ ਕੁਝ ਲੋਕਾਂ ਨੂੰ ਬਿਮਾਰੀਆਂ ਤੋਂ ਮੁਕਤੀ ਮਿਲ ਗਈ ਸੀ। ਤਦ ਤੋਂ ਲੋਕਾਂ ਦਾ ਵਿਸ਼ਵਾਸ ਬਾਈਬਲ ਤੇ ਬੱਝ ਗਿਆ ਹੈ। ਮਾਤਾਦੀਨ ਵਰਮਾ ਨੇ ਕਿਹਾ ਕਿ ਸਾਡਾ ਹਫਤਾਵਾਰੀ ਸਤਿਸੰਗ ਜਾਰੀ ਰਹੇਗਾ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਫੈਸਲਾ ਕੀਤਾ ਹੈ ਕਿ ਉਹ ਨਇਆ ਗਾਂਵ ਗੁਲਾੜੀਆ ਦੇ ਹਨੂਮਾਨ ਮੰਦਰ ਵਿੱਚ ਮਿਲਨ ਕੇਂਦਰ ਸ਼ੁਰੂ ਕਰਨਗੇ।

# ਇੱਕ ਈਸਾਈ ਲੜਕੀ ਨੂੰ ਸਪੁਰਦ-ਏ-ਖਾਕ ਕਰਨ ਲਈ ਮਾਨਸਾ ਦੇ ਈਸਾਈ ਪਰਿਵਾਰ ਨੂੰ 50 ਕਿਲੋਮੀਟਰ ਦੂਰ ਮੁਸਲਮਾਨ ਕਬਰਸਤਾਨ ਵਿੱਚ ਜਾਣਾ ਪਿਆ

ਪੰਜਾਬ ਵਿੱਚ ਈਸਾਈਆਂ ਨੂੰ ਕਬਰਸਤਾਨ ਲਈ ਸਰਕਾਰ ਵਲੋਂ ਥਾਂ ਦਿੱਤੇ ਜਾਣ ਵਾਸਤੇ ਕਨੂੰਨ ਬਣੇ ਨੂੰ ਲਗਪਗ 15 ਸਾਲ ਹੋ ਗਏ ਹਨ ਪਰ ਅੱਜ ਤੱਕ ਜੋ ਸਥਿਤੀ ਬਣੀ ਹੋਈ ਹੈ ਉਸਦੀ ਇੱਕ ਮਿਸਾਲ - ਪਿਛਲੇ ਦਿਨੀ ਮਾਨਸਾ ਤੋਂ ਸਾਮ੍ਹਣੇ ਆਈ ਹੈ ਜਿਥੇ ਇਕ ਰਿਸ਼ਤੇਦਾਰ ਲੜਕੀ ਦੀ ਮ੍ਰਿਤਕ ਦੇਹ ਨੂੰ ਸਪੂਰਦੇ ਏ-ਖਾਕ ਕਰਨ ਲਈ ਘਰ ਵਾਲਿਆਂ ਨੂੰ 50 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਗੋਬਿੰਦਪੁਰ ਦੇ ਕਬਰਸਤਾਨ ਜਾਣਾ ਪਿਆ - ਮਤਲਬ ਉਥੋਂ ਤੱਕ ਵੀ ਕੋਈ ਈਸਾਈ ਕਬਰਸਤਾਨ ਨਹੀਂ ਹੈ। ਇਹ ਦੁਖਦਾਈ ਘਟਨਾ ਉਸ ਸਮੇਂ ਸਾਮ੍ਹਣੇ ਆਈ ਜਦ ਕਿ ਪਾਸਟਰ ਪ੍ਰੇਮ ਸ਼ਰਮਾ ਦੀ 25 ਸਾਲਾ ਬੇਟੀ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਟਰੀਬਿਊਨ ਦੀ ਖਬਰ ਮੁਤਾਬਕ ਪਾਸਟਰ ਸੈਮੁਏਲ ਸਿੱਧੂ ਪ੍ਰਧਾਨ ਮਾਨਸਾ ਪਾਸਟਰ ਯੂਨੀਅਨ ਨੇ ਦੱਸਿਆ ਹੈ ਕਿ ਮੁਸਲਿਮ ਭਾਈਚਾਰੇ ਨੇ ਇਨਸਾਨੀਅਤ ਦੇ ਨਾਤੇ ਸਾਨੂੰ ਇਸ ਲੜਕੀ ਦੀ ਮ੍ਰਿਤਕ ਦੇਹ ਨੂੰ ਆਪਣੇ ਕਬਰਸਤਾਨ ਵਿੱਚ ਦਫਨਾਉਣ ਲਈ ਜਗ੍ਹਾ ਦੇ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਪਿਛਲੇ 10 ਸਾਲ ਤੋਂ ਈਸਾਈ ਕਬਰਸਤਾਨ ਲਈ ਸਰਕਾਰ ਤੋਂ ਥਾਂ ਲੈਣ ਲਈ ਯਤਨ ਕਰ ਰਹੇ ਹਾਂ। ਸਾਡੇ ਨਾਲ ਅਧਿਕਾਰੀਆਂ ਨੇ ਪੁੱਟੇ ਪਿੰਡ ਵਿਖੇ 2 ਏਕੜ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ ਪਰ ਇਹ ਵਾਅਦਾ ਅੱਜ ਤੱਕ ਪੂਰਾ ਨਹੀਂ ਹੋਇਆ। 2011 ਵਿੱਚ ਸਰਕਾਰ ਨੇ ਬੁਢਲਾਡਾ ਵਿਖੇ 12 ਕਨਾਲ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਵੀ ਪੂਰਾ ਨਹੀਂ ਹੋਇਆ।

ਅਸਲ ਵਿੱਚ ਅਜੇਹੀ ਸਥਿਤੀ ਸਾਰੇ ਪੰਜਾਬ ਵਿੱਚ ਹੀ ਬਣੀ ਹੋਈ ਹੈ। ਅਸਲ ਵਿੱਚ ਪੰਜਾਬ ਵਿੱਚ ਈਸਾਈਆਂ ਦੀ ਕੋਈ ਲੀਡਰਸ਼ਿਪ ਨਾ ਹੋਣ ਕਾਰਣ ਹਰ ਥਾਂ ਅਜੇਹੀ ਸਥਿਤੀ ਦਾ ਸਾਮ੍ਹਣਾ ਲੋਕਾਂ ਨੂੰ ਕਰਨਾ ਪੈ ਰਿਹਾ ਹੈ। ਆਪਣੇ ਆਪ ਈਸਾਈਆਂ ਦੇ ਬਣੇ ਫਿਰਦੇ ਲੀਡਰਾਂ ਵਿੱਚ ਸਰਕਾਰ ਉੱਤੇ ਦਬਾਅ ਬਣਾਉਣ ਦੀ ਹਿੰਮਤ ਨਹੀਂ ਹੈ। ਇਸਦੇ ਲਈ ਈਸਾਈਆਂ ਦੀ ਆਪਸੀ ਫੁੱਟ ਵੀ ਇੱਕ ਕਾਰਣ ਹੈ। ਕਈ ਥਾਵਾਂ ਤੇ ਥਾਂ ਅਲਾਟ ਵੀ ਹੋਈ ਪਰ ਈਸਾਈ ਆਪਸ ਵਿੱਚ ਭਿੜ ਪਏ - ਕੁੱਤੇ ਵੰਡ ਕਰਨ ਲੱਗ ਪਏ। ਅਕਾਲੀ ਭਾਜਪਾ ਦੇ ਪਿਛਲੇ 10 ਸਾਲ ਵਿੱਚ ਕਈ ਮਿਸਾਲਾਂ ਅਜੇਹੀਆਂ ਵੀ ਸਾਮ੍ਹਣੇ ਆਈਆਂ ਜਦ ਭਾਜਪਾ ਨੇ ਈਸਾਈਆਂ ਨੂੰ ਥਾਂ ਦੇਣ ਵਿੱਚ ਅੜਿਕਾ ਡਾਹਿਆ। ਅਜੇਹੀਆਂ ਵੀ ਮਿਸਾਲਾਂ ਸਾਮ੍ਹਣੇ ਆਈਆਂ ਕਿ ਅਕਾਲੀ ਹੀ ਈਸਾਈਆਂ ਨੂੰ ਥਾਂ ਦੇਣ ਲਈ ਨਹੀਂ ਮੰਨੇ। ਹੁਣ ਕਾਂਗਰਸ ਨੂੰ ਤਾਕਤ ਵਿੱਚ ਆਇਆਂ 10 ਮਹੀਨੇ ਤੋਂ ਉਪਰ ਹੋ ਗਏ ਹਨ, ਕਾਂਗਰਸ ਵੀ ਈਸਾਈਆਂ ਦੀ ਇਸ ਮੰਗ ਪ੍ਰਤੀ ਗੰਭੀਰ ਨਹੀਂ ਦਿਖਾਈ ਦਿੰਦੀ। ਈਸਾਈਆਂ ਨੂੰ ਕਬਰਸਤਾਨਾਂ ਲਈ ਥਾਂ ਦੇਣ ਲਈ ਹਾਈ ਕੋਰਟ ਨੇ ਵੀ ਪੰਜਾਬ ਦੇ ਸਾਰੇ ਜ਼ਿਲਿਆਂ ਦੇ ਈਸਾਈਆਂ ਨੂੰ ਕਬਰਸਤਾਨ ਲਈ ਥਾਂ ਦੇਣ ਲਈ ਆਰਡਰ ਜਾਰੀ ਕੀਤੇ ਹੋਏ ਹਨ, ਇਸਦੇ ਬਾਵਜੂਦ ਜੇਕਰ ਸਥਿਤੀ ਇਹ ਬਣੀ ਹੋਈ ਹੈ ਤਾਂ ਇਹ ਬਹੁਤ ਦੁੱਖ ਵਾਲੀ ਗੱਲ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਲੀਹੋਂ ਲੱਥ ਚੁੱਕੀ ਹੈ "ਆਮ ਆਦਮੀ ਪਾਰਟੀ"



ਕੇਹਰ ਸ਼ਰੀਫ
+49 173 3546050

ਕੋਈ ਵੀ ਸਿਆਸੀ ਨਿਜ਼ਾਮ ਕਿਸੇ ਵੀ ਦੇਸ਼ ਦੀ ਹੋਣੀ ਭਾਵ ਦਸ਼ਾ ਤੇ ਦਿਸ਼ਾ ਨੂੰ ਗਤੀ ਪ੍ਰਦਾਨ ਕਰਨ ਦਾ ਚਾਲਕ ਹੁੰਦਾ ਹੈ। ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਅਤੇ ਬਦਹਾਲੀ ਦਾ ਵੀ ਇਹ ਜੁੰਮੇਵਾਰ ਹੁੰਦਾ ਹੈ। ਲੋਕਾਂ ਨੂੰ ਤਣਾਅ ਜਾਂ ਡਰ-ਭੈਅ ਤੋਂ ਰਹਿਤ ਜਿੰਦਗੀ ਜੀਊਣ ਦੇ ਮੌਕੇ ਪੈਦਾ ਕਰਨੇ ਵੀ ਉਸ ਦੀ ਜੁੰਮੇਵਾਰੀ ਹੁੰਦੀ ਹੈ। ਅਜਿਹੇ ਸਿਆਸੀ ਪ੍ਰਬੰਧ ਨੂੰ ਚਲਾਉਣ ਵਾਸਤੇ ਸਿਆਸੀ ਪਾਰਟੀਆਂ ਦਾ ਗਠਨ ਹੁੰਦਾ ਹੈ ਜੋ ਆਪਣੇ ਲੋਕਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਕਰਕੇ ਬਹੁਤ ਜਰੂਰੀ ਹੈ ਪਾਰਟੀਆਂ ਦੀ ਅਗਵਾਈ ਕਰਨ ਵਾਲੇ ਆਗੂ ਸੂਝਵਾਨ, ਇਮਾਨਦਾਰ ਅਤੇ ਸਿਆਸਤ ਦੇ ਅਰਥ ਅਤੇ ਲੋਕਾਂ ਦਾ ਦਰਦ ਸਮਝਣ ਵਾਲੇ ਹੋਣੇ ਚਾਹੀਦੇ ਹਨ।

ਕਿਸੇ ਵੀ ਸਿਆਸੀ ਪਾਰਟੀ ਦੇ ਆਪਣੇ ਉਦੇਸ਼ ਤੇ ਆਦਰਸ਼ ਹੁੰਦੇ ਹਨ। ਲੋਕਾਂ ਨਾਲ ਪ੍ਰਤੀਬੱਧਤਾ ਵਾਲੇ ਨੇਤਾ ਆਪਣੇ ਸਿਆਸੀ, ਸਮਾਜੀ ਅਤੇ ਵਿਅਕਤੀਗਤ ਅਨੁਭਵ ਨੂੰ ਲੋਕ ਸੇਵਾ ਦੇ ਅਰਪਣ ਕਰ ਦਿੰਦੇ ਹਨ ਤਾਂ ਕਿ ਜਿਸ ਲੋਕਾਈ ਵਾਸਤੇ ਉਨ੍ਹਾਂ ਨੇ ਸਿਆਸਤ ਵਿਚ ਦਾਖਲਾ ਲਿਆ ਹੁੰਦਾ ਹੈ ਉਸ ਨੂੰ ਤੁਰ ਰਹੇ ਸਮੇਂ ਦੇ ਹਾਣ ਵਾਲਾ ਕਰਕੇ ਆਪਣੇ ਮਿੱਥੇ ਨਿਸ਼ਾਨੇ ਦੀ ਪ੍ਰਪਤੀ ਵੱਲ ਵਧਦੇ ਰਹਿਣ। ਲੋਕਾਂ ਦੇ ਕਾਫਲਿਆਂ ਨੂੰ ਆਪਣੇ ਨਾਲ ਜੋੜ ਸਕਣ। ਪਹਿਲਾਂ ਤੋਂ ਚੱਲ ਰਹੇ ਰਾਜ ਪ੍ਰਬੰਧ ਦੇ ਮੁਕਾਬਲੇ ਲੋਕ ਪੱਖੀ ਜਮਹੂਰੀ ਪ੍ਰਬੰਧ ਜੋ ਲੋਕਾਂ ਵਾਸਤੇ ਹੋਵੇ ਦੇ ਸਕਦੇ ਹੋਣ। ਸਮਾਂ ਵਿਹਾ ਚੁੱਕੇ 'ਮਾਡਲਾਂ' ਦੀ ਥਾਂ ਬਦਲਵਾਂ ਲੋਕ ਪੱਖੀ ਰਾਜ ਪ੍ਰਬੰਧ ਕਾਇਮ ਕਰ ਸਕਣ। ਨਹੀਂ ਤਾਂ ਦੂਜਿਆਂ ਨੂੰ ਰਵਾਇਤੀ ਪਾਰਟੀਆਂ ਕਹਿਣ ਵਾਲੇ ਆਪ ਵੀ ਜਲਦੀ ਹੀ ਰਵਾਇਤੀ ਪਾਰਟੀਆਂ ਵਰਗਾ ਰੂਪ ਧਾਰ ਲੈਂਦੇ ਹਨ।

'ਆਮ ਆਦਮੀ ਪਾਰਟੀ' ਵੀ ਕੁੱਝ ਅਜਿਹੀ ਸੋਚ ਲੈ ਕੇ ਭਾਰਤ ਦੇ ਸਿਆਸੀ ਚਿਤ੍ਰਪੱਟ ਤੇ ਆਈ ਸੀ। ਕਿਹਾ ਗਿਆ ਸੀ ਕਿ ਅਸੀਂ ਰਾਜ ਪ੍ਰਬੰਧ (ਸਿਸਟਮ) ਬਦਲਣ ਆਏ ਹਾਂ। ਇਹ ਪਾਰਟੀ ਜੰਮੀ ਤਾਂ ਸੀ ਅੰਨਾ ਹਜਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚੋਂ – ਰਾਜ ਸੱਤਾ ਤਾਂ "ਪੈਰਾਂ ਹੇਠ ਬਟੇਰਾ" ਆ ਜਾਣ ਵਾਲੀ ਗੱਲ ਹੋਈ। ਬਦਲਵੀਂ ਸਿਆਸਤ ਦਾ ਰੌਲ਼ਾ ਪਾਉਣ ਵਾਲੇ ਸਮੁੱਚਤਾ ਵਿਚ ਅਜੇ ਤੱਕ ਤਾਂ ਆਪਣੇ ਕਹੇ 'ਤੇ ਪੂਰਾ ਨਹੀਂ ਉਤਰ ਸਕੇ। ਹਾਂ, ਜੇ ਕੋਈ ਇਹ ਕਹੇ ਕਿ ਉਨ੍ਹਾਂ ਨੇ ਕੁੱਝ ਵੀ ਨਹੀਂ ਕੀਤਾ ਤਾਂ ਇਹ ਵੀ ਗਲਤ ਹੋਵੇਗਾ। ਦਿੱਲੀ ਵਿਚ ਦੋ ਪੱਖਾਂ ਤੋਂ ਆਪ ਦੀ ਸਰਕਾਰ ਦਾ ਕੰਮ ਸਲਾਹੁਣਯੋਗ ਹੈ, ਵਿੱਦਿਆ ਅਤੇ ਸਿਹਤ ਦੇ ਖੇਤਰ ਵਿਚ ਕਾਫੀ ਕੁੱਝ ਕੀਤਾ। ਪਰ ਦਿੱਲੀ ਵਿਚ ਜਿਸ ਕੀਤੇ ਕਾਰਜ ਦੀਆਂ ਢੋਲ ਬਜਾ ਕੇ ਹਰ ਥਾਵੇਂ ਸਿਫਤਾਂ ਕਰ ਰਹੇ ਹਨ ਉਸੇ ਨੂੰ ਪੰਜਾਬ ਵਿਚ ਹੋਰ ਪਾਰਟੀਆਂ ਵਾਂਗ ਹੀ ਡਟ ਕੇ ਭੰਡਦੇ ਵੀ ਸਨ- ਆਖਰ ਕਿਉਂ? ਜਦੋਂ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਦੀਆਂ ਐਂਬੂਲੈਂਸ ਗੱਡੀਆਂ ਜਾਂ ਲੜਕੀਆਂ ਨੂੰ ਵੰਡੇ ਸਾਈਕਲ ਜਾਂ ਕਈ ਕਿਸਮ ਦੇ ਕਾਰਡਾਂ ਉੱਤੇ ਪ੍ਰਕਾਸ਼ ਸਿੰਘ ਬਾਦਲ (ਉਸ ਵੇਲੇ ਦੇ ਮੁੱਖਮੰਤਰੀ) ਦੀ ਫੋਟੋ ਲਗਦੀ ਸੀ ਤਾਂ ਗਲਤ, ਕਿਹਾ ਗਿਆ (ਜੋ ਗਲਤ ਹੀ ਸੀ) ਪਰ ਦਿੱਲੀ ਦੇ ਮੁਹੱਲਾ ਕਲੀਨਿਕ ਦੇ ਬਾਹਰ ਕੇਜਰੀਵਾਲ ਦੀਆਂ ਵੱਡ ਆਕਾਰੀ ਤਸਵੀਰਾਂ ਕਿਵੇਂ ਠੀਕ ਹੋਈਆਂ? ਕੀ ਇਹ ਕਿਸੇ ਰਵਾਇਤੀ ਪਾਰਟੀ ਦੀ ਕਾਪੀ (ਨਕਲ) ਨਹੀਂ। ਲੋਕਾਂ ਦੇ ਟੈਕਸਾਂ ਵਾਲੇ ਪੈਸੇ ਖਰਚਣ ਵੇਲੇ ਵਿਅਕਤੀ ਵਿਸ਼ੇਸ਼ ਦੀ ਖਾਹਮਖਾਹ ਦੀ ਵਡਿਆਈ ਕਿਉਂ ਤੇ ਕਿਵੇਂ ਜਾਇਜ਼ ਆਖੀ ਜਾ ਸਕਦੀ ਹੈ? ਗੱਲ ਕਿ ਨੈਤਿਕਤਾ ਪੱਖੋਂ 'ਆਪ' ਉਹ ਕੁੱਝ ਨਹੀਂ ਕਰ ਸਕੀ ਜਿਸਦਾ ਵਾਅਦਾ ਕਰਕੇ ਸਿਆਸੀ ਪਿੜ ਵਿਚ ਉਤਰੀ ਸੀ। ਹੁਣ ਬਹੁਤ ਕੁੱਝ ਬਦਲ ਗਿਆ "ਹਮ ਯੇਹ ਬਰਦਾਸ਼ਤ ਨਹੀਂ ਕਰੇਂਗੇ, ਵੋਹ ਬਰਦਾਸ਼ਤ ਨਹੀਂ ਕਰੇਂਗੇ" ਇਹ ਸਭ ਫੋਕੀਆਂ ਫੜ੍ਹਾਂ ਅਤੇ ਬੇਅਰਥੀਆਂ ਗੱਲਾਂ ਹੋ ਨਿੱਬੜੀਆਂ, ਹੋਰ ਕੁੱਝ ਵੀ ਨਹੀਂ।

ਆਪ ਬਾਰੇ ਵਿਚਾਰ ਕਰਦਿਆਂ ਇੱਥੇ ਦੋ ਵੱਡੇ ਮਸਲੇ ਵਿਚਾਰੇ ਜਾ ਸਕਦੇ ਹਨ ਜੋ ਬਹੁਤ ਮਹੱਤਵਪੂਰਨ ਹਨ। ਇਹ 'ਆਮ ਆਦਮੀ ਪਾਰਟੀ' ਵਲੋਂ ਲੋਕਾਂ ਨਾਲ ਵਾਅਦੇ ਵੀ ਕੀਤੇ ਗਏ ਸਨ। ਅੰਨਾ ਹਜਾਰੇ ਦੇ ਅੰਦੋਲਨ ਵੇਲੇ ਵੱਡਾ ਮੁੱਦਾ ਭ੍ਰਿਸ਼ਟਾਚਾਰ ਸੀ, ਇਸ ਵਾਸਤੇ 'ਲੋਕਪਾਲ' ਬਾਰੇ ਚਰਚਾ ਹੁੰਦੀ ਸੀ। ਜਿਵੇਂ ਹਰ ਮਰਜ਼ ਦੀ 'ਦਵਾਈ' ਸਿਰਫ ਲੋਕਪਾਲ ਹੀ ਹੋਵੇ। ਪਰ ਜੰਤਰ ਮੰਤਰ 'ਤੇ ਲੋਕ ਪਾਲ ਦੇ ਤਿਆਰ ਕੀਤੇ ਡਰਾਫਟ ਨੂੰ ਪਾਸ ਕਰਨ ਵੇਲੇ ਬਦਲ ਦਿੱਤਾ ਗਿਆ। ਇਹ ਦੋਸ਼ ਵੀ ਉਹੀ ਲੋਕ ਲਾਉਂਦੇ ਹਨ ਜਿਨ੍ਹਾਂ ਪਹਿਲਾ 'ਲੋਕਪਾਲ' ਵਾਲਾ ਖਰੜਾ (ਡਰਾਫਟ) ਲਿਖਿਆ ਸੀ। ਪਰ ਕੇਜਰੀਵਾਲ ਦੀ ਅਗਵਾਈ ਵਿਚ ਵਿਧਾਨ ਸਭਾ ਵਲੋਂ ਪਾਸ ਹੋਰ ਕੀਤਾ ਗਿਆ- ਆਖਰ ਕਿਉਂ? ਪਾਸ ਕਰਨ ਤੋਂ ਪਹਿਲਾਂ ਆਪਣੇ ਕਰਾਕੁਨਾਂ (ਵਲੰਟੀਅਰਜ਼) ਨੂੰ ਕਿਉਂ ਨਹੀਂ ਪੁੱਛਿਆ (ਡਰਾਫਟ ਲਿਖਣ ਵਾਲਿਆਂ ਨੂੰ ਵੀ ਪੁੱਛਣਾ ਚਾਹੀਦਾ ਸੀ)। ਸੁਪਰੀਮਕੋਰਟ ਵਲੋਂ ਵੀ ਉੱਪ ਰਾਜਪਾਲ ਨੂੰ ਕਾਫੀ ਅਹਿਮੀਅਤ ਦਿੱਤੀ ਗਈ ਹਰ ਕੰਮ ਉਸਦੀ ਮੰਨਜੂਰੀ ਨਾਲ ਹੀ ਹੋਵੇਗਾ। ਇਸ ਕਰਕੇ ਸਭ ਜਾਣਦੇ ਹਨ ਕਿ ਕੇਂਦਰ ਦੀ ਸਰਕਾਰ ਆਪਣੇ ਲੈਫਟੀਨੈਂਟ ਗਵਰਨਰ ਰਾਹੀਂ 'ਆਪ' ਦੀ ਸਰਕਾਰ ਵਲੋਂ ਪਾਸ ਕੀਤੇ ਮਤਿਆਂ ਅਤੇ ਕਾਨੂੰਨ ਬਣਨ ਵਾਲੇ ਬਿੱਲਾਂ ਨੂੰ ਸੌਖਿਆਂ ਹੀ ਹਾਂਅ ਨਹੀਂ ਕਰਦਾ। ਕੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਸਤੇ ਹੀ ਮਤਾ ਪਾਸ ਕਰ ਦਿੱਤਾ ਗਿਆ ਸੀ। ਫੇਰ ਉਸਦੀ ਪੈਰਵੀ ਕੀਹਨੇ ਕਰਨੀ ਸੀ – ਸਿਰ ਹੇਠ ਬਾਂਹ ਰੱਖ ਕੇ ਸੌਂ ਗਏ। ਇਸ ਬਾਰੇ ਅਜੇ ਤੱਕ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ। ਲੋਕ ਅੰਦੋਲਨ ਦੀ ਆਸ ਰੱਖਦੇ ਸਨ। ਅਗਲੀਆਂ ਚੋਣਾਂ ਤੱਕ ਉਡੀਕ ਕਰਨੀ ਬੁਰਜੂਆ ਪਾਰਟੀਆਂ ਦਾ ਕੰਮ ਹੁੰਦਾ ਹੈ। ਲੋਕ ਪੱਖੀ ਸਿਆਸਤ ਕਰਨ ਵਾਲੇ ਮਤਾ ਪਾਸ ਕਰਨ ਤੋਂ ਬਾਅਦ ਚੁੱਪ ਨਹੀਂ ਕਰ ਜਾਂਦੇ ਸਗੋਂ ਉਸ 'ਤੇ ਅਮਲ ਕਰਵਾਉਣ ਵਾਸਤੇ ਅੰਦੋਲਨ ਵੀ ਕਰਦੇ ਹਨ – ਇਸ ਬਾਰੇ ਉਹ ਬੇਪ੍ਰਵਾਹ ਕਿਉਂ ਹੋ ਗਏ? ਕਿਉਂ ਉੱਕ ਗਏ? ਕੀ ਕਾਰਨ ਹੋ ਸਕਦੇ ਹਨ?

ਦੂਜਾ ਮਹੱਤਵਪੂਰਨ ਮੁੱਦਾ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਵਾਉਣਾ ਸੀ (ਅਤੇ ਅਜੇ ਵੀ ਹੈ) ਤਾਂ ਕਿ ਚੁਣੀ ਹੋਈ ਸਰਕਾਰ ਆਪਣੀ ਮਰਜ਼ੀ ਨਾਲ ਕੰਮ ਕਰ ਸਕੇ – (ਇਸ ਵੇਲੇ ਤੱਕ ਦਿੱਲੀ ਦੀ ਸਰਕਾਰ ਕੋਲ ਕਿੰਨੇ ਕੁ ਅਧਿਕਾਰ ਹਨ?) ਯਾਦ ਰਹੇ ਸਮੇਂ ਸਮੇਂ ਭਾਜਪਾ ਤੇ ਕਾਂਗਰਸ ਵੀ ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦੇਣ ਦੀ ਮੰਗ ਕਰਦੀਆਂ ਰਹੀਆਂ ਹਨ – ਹੁਣ ਸ਼ਾਇਦ ਉਨ੍ਹਾਂ ਵਾਸਤੇ ਇਹ ਮੁੱਦਾ ਨਹੀਂ। ਪਰ ਕੇਜਰੀਵਾਲ ਦੀ ਸਰਕਾਰ ਵਾਰ ਵਾਰ ਉੱਪ ਰਾਜਪਾਲ ਨਾਲ ਹੀ ਉਲਝਦੀ ਰਹੀ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਵਾਸਤੇ ਅੰਦੋਲਨ ਦੇ ਰਾਹ ਕਿਉਂ ਨਾ ਪਈ। ਕੀ ਆਪ ਦਾ ਵੀ ਰਵਾਇਤੀ ਪਾਰਟੀਆਂ ਵਰਗਾ ਹੀ ਵਤੀਰਾ ਨਹੀਂ ਹੋ ਗਿਆ? ਕਹਿਣ ਨੂੰ ਆਪਣੇ ਆਪ ਨੂੰ ਬਦਲਵੀ ਸਿਆਸਤ ਦੇ ਆਪੇ ਹੀ ਚੈਪੀਅਨ ਕਹੀ ਜਾਣਾ ਜਚਦਾ ਨਹੀਂ- ਕਿਉਂਕਿ ਇਹ ਸੱਚ ਨਹੀਂ। (ਆਪੇ ਹੀ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ) ਸੱਚ ਤਾਂ ਦਿੱਲੀ ਨੂੰ ਪੂਰਾ ਰਾਜ ਬਨਾਉਣ ਵਾਸਤੇ ਅੰਦੋਲਨ ਕਰਨਾ ਹੀ ਹੋਣਾ ਚਾਹੀਦਾ ਸੀ। ਆਪ ਨੇ ਲੋਕਾਂ ਨਾਲ ਇਹ ਵਾਅਦ ਕੀਤਾ ਸੀ- ਪੁੱਛਿਆ ਤਾਂ ਇਹ ਵੀ ਜਾ ਸਕਦਾ ਹੈ ਕਿ ਅਗਲੀਆਂ ਚੋਣਾਂ ਵਿਚ ਇਸ ਮਸਲੇ ਬਾਰੇ ਕੀ ਜਵਾਬ ਦੇਣਗੇ?

**ਪਿਛਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਲੋਕਾਂ ਦਾ ਮਨ ਸੀ ਕਿ 'ਆਪ' ਜਿੱਤ ਜਾਵੇ, ਐਨ ਆਰ ਆਈਜ਼ ਨੇ ਵਿਤੋਂ ਵੱਧ ਜ਼ੋਰ ਲਾਇਆ ਪਰ ਧੜੇਬੰਦੀ ਤੇ ਜ਼ਾਤੀ ਗਰਜ਼ਾਂ ਵਿਚ ਫਸੇ 'ਆਪ' ਦੇ "ਲੀਡਰਾਂ" ਨੇ ਆਪਣੀਆਂ ਸਿਆਸੀ ਚਾਲਾਂ ਚੱਲਕੇ ਪੰਜਾਬੀਆਂ ਨੂੰ ਨਿਰਾਸ਼ ਕੀਤਾ। ਹਾਲਾਂਕਿ ਬਾਹਰ ਵਸਦੇ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਦੇ ਖਜ਼ਾਨੇ ਮਾਇਆ ਨਾਲ ਉੱਛਲਣ ਲਾ ਦਿੱਤੇ। ਮਿਹਨਤ ਕਰਕੇ ਪੰਜਾਬ ਅੰਦਰ ਪਾਰਟੀ ਖੜ੍ਹੀ ਕਰਨ ਵਾਲੇ ਸੁੱਚਾ ਸਿੰਘ ਛੋਟੇਪੁਰ ਉੱਤੇ ਲਾਏ ਦੋਸ਼ ਅਜੇ ਤੱਕ ਲੋਕਾਂ ਨੂੰ ਦੱਸੇ ਹੀ ਨਾ ਗਏ। ਪਰ ਛੋਟੇਪੁਰ ਨੂੰ ਪਾਰਟੀ 'ਚੋਂ ਕੱਢ ਦਿੱਤਾ। ਰੌਲਾ ਦੋ ਲੱਖ ਰੁਪਏ ਦਾ ਪੈਂਦਾ ਰਿਹਾ। ਕਮਾਲ ਦੇਖੋ ਕਿ ਉਸ ਸਮੇਂ ਪੰਜਾਬ ਦੇ ਥਾਪੇ ਨਵੇਂ ਪ੍ਰਧਾਨ ਘੁੱਗੀ ਨੂੰ ਰੌਲ਼ਾ ਪਾਉਣ ਦੇ ਬਾਵਜੂਦ ਵੀ "ਸਬੂਤਾਂ" (?) ਵਾਲੀ ਵੀਡੀਉ ਨਾ ਵਿਖਾਈ ਗਈ। ਪਰ ਦਿੱਲੀ ਵਾਲਿਆਂ 'ਤੇ ਯੌਨ ਸੋਸ਼ਣ ਦੇ ਨਾਲ ਹੀ ਕਰੋੜਾਂ ਦੇ ਘਪਲਿਆਂ ਦੇ ਦੋਸ਼ ਲੱਗੇ, ਕਿਸੇ ਨੇ ਅਜੇ ਤੱਕ ਵੀ ਜਾਂਚ ਨਹੀਂ ਕੀਤੀ- ਪਰ ਉਹ ਲੋਕ "ਹਾਈ ਕਮਾਂਡ" ਵਿਚ ਹਨ, ਸ਼ਾਇਦ ਇਸ ਕਰਕੇ ਜਾਂਚ ਤੋਂ ਬਚੇ ਹੋਏ ਹਨ। ਫੇਰ ਪਾਰਦਰਸ਼ਤਾ ਦੇ ਅਰਥਾਂ ਦਾ ਖੁਲਾਸਾ ਕੌਣ ਕਰੇਗਾ? ਸੋਚਣਾ ਤਾਂ ਬਣਦਾ ਹੀ ਹੈ।**




ਜਮਹੂਰੀ ਪਰਬੰਧ ਅੰਦਰ ਕਿਸੇ ਵੀ ਪਾਰਟੀ ਦਾ ਚਰਿਤਰ ਲੋਕਰਾਜੀ ਹੋਣਾ ਚਾਹੀਦਾ ਹੈ, ਭਾਵ ਕਿਸੇ ਵੀ ਪਾਰਟੀ ਦੇ ਅੰਦਰਲੀ ਜਮਹੂਰੀਤ ਦਾ ਹੋਣਾ ਲਾਜ਼ਮੀ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਪਾਰਟੀ ਦੇ ਅਹੁਦੇਦਾਰਾਂ ਦੀ ਪਾਰਟੀ ਦੀ ਹੋਈ ਮੈਂਬਰਸ਼ਿੱਪ ਦੇ ਅਧਾਰ 'ਤੇ ਚੋਣ ਹੋਵੇ। ਅਜੇ ਤੱਕ ਆਮ ਆਦਮੀ ਪਾਰਟੀ ਇਸ ਰਾਹੇ ਨਹੀਂ ਪੈ ਸਕੀ। ਬਾਕੀ ਦੀਆਂ ਸਿਆਸੀ ਧਨਾਢ ਪਾਰਟੀਆਂ (ਬੁਰਜੂਆ ਪਾਰਟੀਆਂ) ਭਾਜਪਾ, ਕਾਂਗਰਸ, ਅਕਾਲੀ ਦਲ ਬਗੈਰਾ ਵਾਂਗ ਉੱਪਰੋਂ ਹੀ ਅਹੁਦੇਦਾਰ ਥਾਪੇ ਜਾਂਦੇ ਹਨ। ਅਜੇ ਤੱਕ ਕਿਸੇ ਵੀ ਪੱਧਰ 'ਤੇ "ਆਪ" ਦੀ ਕਦੇ ਚੋਣ ਨਹੀਂ ਹੋਈ। ਅਹੁਦੇਦਾਰ "ਹਾਈਕਮਾਂਡ" ਵਲੋਂ ਹੀ ਥਾਪੇ ਜਾਂਦੇ ਹਨ (ਇਹ ਸੂਬੇਦਾਰ ਹੀ ਕਹੇ ਜਾ ਸਕਦੇ ਹਨ)। ਫੇਰ ਇਹ ਕਿਹੜਾ ਜਮਹੂਰੀ ਜਾਂ 'ਬਦਲਵੀ ਸਿਆਸਤ' (?) ਵਾਲਾ ਰਾਹ ਹੋਇਆ। ਪੰਜ ਸਾਲ ਲੰਘ ਗਏ ਹਨ ਹੁਣ ਤਾਂ ਇਸ ਬਾਰੇ ਸੋਚਿਆ ਹੀ ਜਾਣਾ ਚਾਹੀਦਾ ਹੈ। ਵਲੰਟੀਅਰਾਂ ਨੂੰ ਪੁੱਛ ਕੇ ਹਰ ਕੰਮ ਕਰਨ ਦੀਆਂ ਗੱਲਾਂ "ਟਾਹਰਾਂ" ਹੋ ਗਈਆਂ। ਲੋਕਾਂ ਨੂੰ ਜੁਮਲਿਆਂ ਨਾਲ ਪਰਚਾਅ ਕੇ ਚੋਣਾਂ ਜਿੱਤ ਲੈਣੀਆਂ ਹੋਰ ਗੱਲ ਹੈ – ਵਾਅਦਿਆਂ ਦੀ ਪੂਰਤੀ ਵਾਸਤੇ ਸੰਘਰਸ਼ ਕਰਨਾ ਹੋਰ ਗੱਲ। ਕਿਸੇ ਪਾਰਟੀ ਦਾ ਵਿਧਾਨ ਪਾਰਟੀ ਲਈ ਜ਼ਾਬਤਾ ਕਾਇਮ ਕਰਦਾ ਹੈ। ਪ੍ਰੋਗਰਾਮ ਪਾਰਟੀ ਅੰਦਰ ਅਨੁਸਾਸ਼ਨ ਕਾਇਮ ਰੱਖਣ ਅਤੇ ਸੇਧ ਦੇਣ ਵਾਸਤੇ ਹੁੰਦਾ ਹੈ – ਪਰ ਇਸ ਪਾਰਟੀ ਵਾਲੇ ਵਿਧਾਨ, ਪ੍ਰੋਗਰਾਮ ਵਰਗੇ ਦਸਤਾਵੇਜਾਂ ਨੂੰ ਜਾਣਦੇ ਹੀ ਕੁੱਝ ਨਹੀਂ। ਪਾਰਟੀ ਵਿਧਾਨ ਕਹਿੰਦਾ ਹੈ ਇਕ ਵਿਅਕਤੀ ਕੋਲ ਦੋ ਅਹੁਦੇ ਨਹੀਂ ਹੋ ਸਕਦੇ, ਪਰ ਸ੍ਰੀਮਾਨ ਕੇਜਰੀਵਾਲ ਸ਼ੁਰੂ ਤੋਂ ਹੀ ਦੋ ਅਹੁਦਿਆਂ ਤੇ ਬਿਰਾਜਮਾਨ ਹਨ – ਕਿਉਂ? ਕੋਈ ਨਹੀਂ ਕੁਸਕਦਾ। ਪਿਛਲੀਆਂ ਚੋਣਾਂ ਵੇਲੇ ਬੜੇ ਜੋਰ-ਸ਼ੋਰ ਨਾਲ ਕਿਹਾ ਗਿਆ – ਅਖੇ ਸਾਡੀ ਪਾਰਟੀ ਦਾ ਵਿਧਾਨ ਕਿਸੇ ਹੋਰ ਸਿਆਸੀ ਪਾਰਟੀ ਨਾਲ ਗੱਠਜੋੜ ਕਰਨ ਦੀ ਇਜਾਜ਼ਤ ਨਹੀ ਦਿੰਦਾ, ਮਨਪ੍ਰੀਤ ਦੀ ਪੀਪਲਜ਼ ਪਾਰਟੀ ਨਾਲ ਹੋਣ ਵਾਲਾ ਸਮਝੌਤਾ ਇਸੇ ਹੰਕਾਰ ਥੱਲੇ ਰੱਦ ਕੀਤਾ ਸੀ। ਫੇਰ ਪਾਰਟੀ ਵਿਧਾਨ ਵਿਚ ਤਬਦੀਲੀ ਕੀਤੇ ਬਿਨਾਂ ਹੀ ਲੁਧਿਆਣੇ ਵਾਲੇ ਬੈਂਸਾਂ ਨਾਲ ਸਮਝੌਤਾ ਕਰ ਵੀ ਲਿਆ। ਇਸ ਦਾ ਕੀ ਰਾਜ਼ ਹੋ ਸਕਦਾ ਹੈ? ਇਹ ਸਮਝੌਤਾ ਸੀ ਕਿ ਸੌਦਾ ਸੀ? ਕੀ ਪਾਰਟੀ ਦੇ ਲੀਡਰਾਂ ਨੇ ਆਪਣੇ ਵਲੰਟੀਅਰਾਂ ਨੂੰ ਇਸ ਬਾਰੇ ਦੱਸਿਆ? ਜਾਂ ਉਨ੍ਹਾਂ ਤੋਂ ਮੰਨਜੂਰੀ ਲਈ, ਜਿਸਦਾ ਉਹ ਆਮ ਪ੍ਰਚਾਰ ਕਰਦੇ ਥੱਕਦੇ ਹੀ ਨਹੀਂ ਸਨ।

ਪੰਜਾਬ ਨੇ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ ਲਾਉਣ ਦਾ ਕੰਮ ਕੀਤਾ ਪਰ, ਦਿੱਲੀ ਵਾਲਿਆਂ ਇਸ ਚਾਰ ਮੈਂਬਰੀ ਪਾਰਲੀਮੈਂਟ ਗਰੁੱਪ ਨੂੰ ਚੱਲਣ ਹੀ ਨਾ ਦਿੱਤਾ। ਦੋ ਮੈਂਬਰ ਪਾਰਟੀ ਤੋਂ ਸਸਪੈਂਡ ਕਰ ਦਿੱਤੇ, ਨਾ ਉਨ੍ਹਾਂ ਨੂੰ ਪਾਰਟੀ 'ਚੋਂ ਕੱਢਿਆ ਨਾ ਮੋੜ ਕੇ ਲਿਆਉਣ ਵਾਸਤੇ ਗੱਲ ਕੀਤੀ। ਹੁਣ ਦੋ ਤਾਂ ਸਿਰਫ ਤਨਖਾਹ ਹੀ ਲੈ ਰਹੇ ਹਨ। ਪੰਜਾਬ 'ਚੋਂ ਆਪ ਦੇ ਚੁਣੇ ਹੋਏ ਚਾਰ ਮੈਂਬਰਾਂ ਵਿਚੋਂ ਜੇ ਕੋਈ ਪਾਰਲੀਮੈਂਟ ਵਿਚ ਮਸਲੇ ਚੁੱਕ ਰਿਹਾ ਉਹ ਸਿਰਫ ਧਰਮਵੀਰ ਗਾਂਧੀ ਹੀ ਹੈ- ਜੋ ਆਪਣੇ ਹਲਕੇ ਵਾਸਤੇ ਅਤੇ ਨਾਲ ਹੀ ਪੰਜਾਬ ਦੇ ਮਸਲੇ ਵੀ ਚੁੱਕਦਾ ਹੈ। ਭਗਵੰਤ ਮਾਨ ਪਹਿਲਾਂ ਕੁੱਝ ਸਮੇਂ ਵਾਸਤੇ ਹੀ ਸਰਗਰਮ ਰਿਹਾ ਪਰ ਹੁਣ ਉਹ ਗੱਲ ਨਹੀਂ। ਹੁਣ ਉਹ ਪੰਜਾਬ ਪਾਰਟੀ ਦਾ ਪ੍ਰਧਾਨ ਬਣਾਇਆ ਹੋਇਆ ਹੈ ਪਰ ਪਾਰਟੀ ਨੂੰ ਸਾਂਭਣਾ, ਅਗਵਾਈ ਦੇਣੀ ਸ਼ਾਇਦ ਉਸ ਦੇ ਵਸ ਦਾ ਕੰਮ ਨਹੀਂ। ਚੰਗਾ ਹੋਵੇ ਜੇ ਅਜੇ ਵੀ ਪੰਜਾਬ ਦੀ ਪ੍ਰਧਾਨਗੀ ਪਾਰਟੀ ਨੂੰ ਸਿਆਸੀ ਅਤੇ ਜਥੇਬੰਦਕ ਪੱਖੋਂ ਅਗਵਾਈ ਦੇ ਸਕਣ ਵਾਲੇ ਦੇ ਹਵਾਲੇ ਕਰ ਦਿੱਤੀ ਜਾਵੇ ਭਾਵੇਂ ਕਿ ਚਾਹੀਦਾ ਤਾਂ ਇਹ ਹੈ ਕਿ ਥੱਲੇ ਦੀ ਇਕਾਈ ਤੋਂ ਕੇਂਦਰੀ ਕਮੇਟੀ ਤੱਕ ਚੋਣਾਂ ਕਰਵਾਕੇ ਪਾਰਟੀ ਨੂੰ ਜਮਹੂਰੀ ਬਣਾਇਆ ਜਾਵੇ। ਸ਼ਾਇਦ ਇਹ ਪਾਰਟੀ 'ਤੇ ਕਾਬਜ ਲੋਕਾਂ ਨੂੰ ਪੁੱਗਦਾ ਨਹੀਂ- ਪਾਰਟੀ ਨਾਲ ਜੁੜੇ ਕਾਰਕੁਨਾਂ ਨੂੰ ਇਸ ਸਬੰਧੀ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ। ਆਮ ਹੀ ਕਿਹਾ ਜਾਂਦਾ ਹੈ ਸਾਡੀ ਤਾਂ ਅੰਦੋਲਨ ਦੀ ਪਾਰਟੀ ਹੈ- ਜਦੋਂ ਆਪਣੀ ਗੱਲ ਹੋਵੇ ਤਾਂ 'ਸਿਰ ਸੁੱਟ ਅੰਦੋਲਨ' ਚੱਲ ਪੈਂਦਾ ਹੈ।

ਪਿਛਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਲੋਕਾਂ ਦਾ ਮਨ ਸੀ ਕਿ 'ਆਪ' ਜਿੱਤ ਜਾਵੇ, ਐਨ ਆਰ ਆਈਜ਼ ਨੇ ਵਿਤੋਂ ਵੱਧ ਜ਼ੋਰ ਲਾਇਆ ਪਰ ਧੜੇਬੰਦੀ ਤੇ ਜ਼ਾਤੀ ਗਰਜ਼ਾਂ ਵਿਚ ਫਸੇ 'ਆਪ' ਦੇ "ਲੀਡਰਾਂ" ਨੇ ਆਪਣੀਆਂ ਸਿਆਸੀ ਚਾਲਾਂ ਚੱਲਕੇ ਪੰਜਾਬੀਆਂ ਨੂੰ ਨਿਰਾਸ਼ ਕੀਤਾ। ਹਾਲਾਂਕਿ ਬਾਹਰ ਵਸਦੇ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਦੇ ਖਜ਼ਾਨੇ ਮਾਇਆ ਨਾਲ ਉੱਛਲਣ ਲਾ ਦਿੱਤੇ। ਮਿਹਨਤ ਕਰਕੇ ਪੰਜਾਬ ਅੰਦਰ ਪਾਰਟੀ ਖੜ੍ਹੀ ਕਰਨ ਵਾਲੇ ਸੁੱਚਾ ਸਿੰਘ ਛੋਟੇਪੁਰ ਉੱਤੇ ਲਾਏ ਦੋਸ਼ ਅਜੇ ਤੱਕ ਲੋਕਾਂ ਨੂੰ ਦੱਸੇ ਹੀ ਨਾ ਗਏ। ਪਰ ਛੋਟੇਪੁਰ ਨੂੰ ਪਾਰਟੀ 'ਚੋਂ ਕੱਢ ਦਿੱਤਾ। ਰੌਲਾ ਦੋ ਲੱਖ ਰੁਪਏ ਦਾ ਪੈਂਦਾ ਰਿਹਾ। ਕਮਾਲ ਦੇਖੋ ਕਿ ਉਸ ਸਮੇਂ ਪੰਜਾਬ ਦੇ ਥਾਪੇ ਨਵੇਂ ਪ੍ਰਧਾਨ ਘੁੱਗੀ ਨੂੰ ਰੌਲ਼ਾ ਪਾਉਣ ਦੇ ਬਾਵਜੂਦ ਵੀ "ਸਬੂਤਾਂ" (?) ਵਾਲੀ ਵੀਡੀਉ ਨਾ ਵਿਖਾਈ ਗਈ। ਪਰ ਦਿੱਲੀ ਵਾਲਿਆਂ 'ਤੇ ਯੌਨ ਸੋਸ਼ਣ ਦੇ ਨਾਲ ਹੀ ਕਰੋੜਾਂ ਦੇ ਘਪਲਿਆਂ ਦੇ ਦੋਸ਼ ਲੱਗੇ, ਕਿਸੇ ਨੇ ਅਜੇ ਤੱਕ ਵੀ ਜਾਂਚ ਨਹੀਂ ਕੀਤੀ- ਪਰ ਉਹ ਲੋਕ "ਹਾਈ ਕਮਾਂਡ" ਵਿਚ ਹਨ, ਸ਼ਾਇਦ ਇਸ ਕਰਕੇ ਜਾਂਚ ਤੋਂ ਬਚੇ ਹੋਏ ਹਨ। ਫੇਰ ਪਾਰਦਰਸ਼ਤਾ ਦੇ ਅਰਥਾਂ ਦਾ ਖੁਲਾਸਾ ਕੌਣ ਕਰੇਗਾ? ਸੋਚਣਾ ਤਾਂ ਬਣਦਾ ਹੀ ਹੈ।

"ਆਪ" ਵਿਚ ਬਹੁਤ ਕੁੱਝ ਹੈ ਜਿਸ ਬਾਰੇ ਸੋਚਣ ਦੀ ਲੋੜ ਹੈ। ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਹੋਣ ਕਰਕੇ ਬਹੁਤ ਵੱਡੀ ਜੁੰਮੇਵਾਰੀ ਹੈ 'ਆਪ' ਵਾਲਿਆਂ ਦੀ, ਕਿ ਉਹ ਲੋਕਾਂ ਦੀ ਆਵਾਜ਼ ਬਣਕੇ ਵਿਧਾਨ ਸਭਾ ਵਿਚ ਜਾਣ। ਪਰ ਹਾਲ ਦੀ ਘੜੀ ਤੱਕ ਲਗਦਾ ਨਹੀਂ ਕਿ ਉਹ ਇਸ ਜੁੰਮੇਵਾਰੀ ਨੂੰ ਨਿਭਾਉਣ ਦੇ ਯੋਗ ਹਨ। ਜਦੋਂ ਲੋਕਾਂ ਦੇ ਮਸਲਿਆਂ ਦੇ ਥਾਂ ਆਪਣੇ ਜਾਤੀ ਮਸਲਿਆਂ ਨੂੰ ਪਹਿਲ ਦੇਣ ਲੱਗ ਪੈਣ ਤਾਂ ਲੋਕ ਕੀ ਆਸ ਰੱਖਣ? ਵਿਧਾਨ ਸਭਾ ਦੇ ਅੰਦਰ ਮਸਲੇ ਚੁੱਕਣ ਨਾਲੋਂ ਵਾਕ-ਆਊਟ ਵਰਗਾ ਰਾਹ ਭਾਲ ਕੇ ਬਾਹਰ ਖੜ੍ਹੇ ਹੋ ਕੇ ਕੀ ਖੱਟਣਗੇ? ਲੋਕਾਂ ਦੇ ਮਸਲੇ ਕੌਣ ਚੁੱਕੂ? ਵਿਧਾਨ ਸਭਾ ਦੇ ਸਪੀਕਰ+ਮੁੱਖਮੰਤਰੀ ਨਾਲ ਮਿਲ ਕੇ ਅਸੰਬਲੀ ਸੈਸ਼ਨ ਲੰਬੇ ਕਰਵਾਉਣ ਤਾਂ ਕਿ ਲੋਕਾਂ ਦੇ ਮਸਲੇ ਵਿਚਾਰੇ ਜਾਣ। ਵਾਕ ਆਊਟ ਦਾ ਰਾਹ ਬਿਲਕੁੱਲ ਕਿਸੇ ਸੂਰਤ ਵਿਚ ਵੀ ਨਾ ਅਪਨਾਉਣ। ਅਕਾਲੀ ਤਾਂ ਇਹ ਹੀ ਚਾਹੁੰਦੇ ਹਨ ਕਿ ਆਪ ਵਾਲੇ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਜੋਗੇ ਹੀ ਨਾ ਰਹਿਣ। ਉਹ ਅਕਾਲੀਆਂ ਦੀ ਚਾਲ ਨੂੰ ਸਮਝਣ ਤੋਂ ਅਸਮਰੱਥ ਹਨ। ਲੋਕਾਂ ਨੇ ਇਨ੍ਹਾਂ ਨੂੰ ਵਿਧਾਨ ਸਭਾ ਦੇ ਅੰਦਰ ਭੇਜਿਆ ਹੈ – ਸੈਰ-ਸਪਾਟੇ ਦੇ ਬਹਾਨੇ ਬਾਹਰ ਖੜ੍ਹਨ ਵਸਤੇ ਨਹੀਂ ਭੇਜਿਆ।

ਪਾਰਟੀ ਅੰਦਰਲੀ ਧੜੇਬੰਦੀ ਪਾਰਟੀ ਦੇ ਪੱਧਰ 'ਤੇ ਅੰਦਰ ਬਹਿ ਕੇ ਵਿਚਾਰੀ ਜਾਣੀ ਚਾਹੀਦੀ ਹੈ। ਜਿਨ੍ਹਾਂ ਨੂੰ ਵੱਡੇ ਅਹੁਦਿਆਂ ਦਾ ਲਾਲਚ ਹੈ ਉਨ੍ਹਾਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਦੂਜੀਆਂ ਪਾਰਟੀਆਂ ਵਲੋਂ 'ਆਪ' ਅੰਦਰ "ਡੈਪੂਟੇਸ਼ਨ" 'ਤੇ ਆਏ ਕੁੱਝ ਵੀ ਕਰ ਸਕਦੇ ਹਨ। ਕਿਸੇ ਵੀ ਪਾਰਟੀ ਲਈ ਪਾਰਟੀ ਦੀ ਏਕਤਾ ਬਹੁਤ ਵੱਡੀ ਗੱਲ ਹੁੰਦੀ ਹੈ। ਪਰ ਇੱਥੇ ਅਹੁਦੇ ਦਬਕੇ ਨਾਲ ਨਾ ਲਏ ਜਾਣ। ਪਾਰਟੀ ਅੰਦਰ ਫੂਲਕਾ ਸਾਹਿਬ ਨਾਲ ਜੋ ਹੋਈ ਨਹੀਂ ਹੋਣੀ ਚਾਹੀਦੀ ਸੀ। ਸੂਝ-ਸਿਆਣਪ ਪੱਖੋਂ ਉਹ ਮਹੱਤਵਪੂਰਨ ਅਤੇ ਸਾਊ ਵੀ ਹਨ। ਅਜਿਹੇ ਲੋਕਾਂ ਨੂੰ ਹਾਸ਼ੀਏ 'ਤੇ ਨਹੀਂ ਧੱਕਣਾ ਚਾਹੀਦਾ। ਕੀ ਕੋਈ ਜਵਾਬ ਦੇ ਸਕਦਾ ਹੈ ਕਿ ਜਿਸਨੂੰ ਵਿਧਾਨ ਸਭਾ ਦੇ ਗਰੁੱਪ ਅੰਦਰ 'ਵਿੱਪ' ਦਾ ਅਹੁਦਾ ਮਿਲਿਆ ਸੀ ਉਸਨੇ ਹੋਰ ਵੱਡਾ ਅਹੁਦਾ ਕਿਵੇਂ ਤੇ ਕਿਹੜੇ 'ਦਬਕੇ' ਨਾਲ ਪ੍ਰਾਪਤ ਕੀਤਾ?

ਪਿਛਲੇ ਸਮੇਂ ਤੋਂ ਰਾਜ ਸਭਾ ਅੰਦਰ ਜਾਣ ਦਾ ਕਈਆਂ ਵਿਚਾਲ਼ੇ ਘੋਲ ਚੱਲ ਰਿਹਾ ਸੀ। ਇਸ ਬਾਰੇ ਕਿਹਾ ਜਾ ਰਿਹਾ ਸੀ ਕਿ ਜਿਨ੍ਹਾਂ 'ਤੇ ਕਿਸੇ ਵੀ ਚੋਣਾਂ ਸਮੇਂ ਟਿਕਟਾਂ ਵੇਚਣ ਦੇ ਦੋਸ਼ ਲੱਗੇ ਹੋਣ ਅਜਿਹੇ ਲੋਕ ਬਿਲਕੁੱਲ ਰਾਜ ਸਭਾ ਵਿਚ ਨਹੀਂ ਭੇਜੇ ਜਾਣੇ ਚਾਹੀਦੇ। ਕੁਮਾਰ ਵਿਸ਼ਵਾਸ ਕਾਫੀ ਦੇਰ ਤੋਂ ਆਪਣੇ ਆਪ ਨੂੰ ਪਾਰਟੀ ਦਾ ਮੋਢੀ ਮੈਂਬਰ ਦੱਸ ਕੇ ਰਾਜ ਸਭਾ ਲਈ ਮੈਂਬਰੀ ਤੇ ਆਪਣਾ ਹੱਕ ਜਤਾਈ ਜਾ ਰਿਹਾ ਸੀ। ਪੱਤਰਕਾਰ ਤੋਂ ਨੇਤਾ ਬਣੇ ਆਸ਼ੂਤੋਸ਼ ਦਾ ਨਾਂ ਵੀ ਚੁਣੇ ਜਾਣ ਵਾਲਿਆਂ ਵਿਚ ਬੋਲਦਾ ਸੀ। ਪਰ ਪਾਰਟੀ ਦੇ ਦੋ ਵੱਡੇ ਲੀਡਰਾਂ ਵਲੋਂ ਆਪਣਿਆਂ ਨੂੰ ਛੱਡਕੇ ਪਾਰਟੀ ਤੋਂ ਬਾਹਰਲੇ ਸਰਮਾਏਦਾਰ ਲੋਕਾਂ ਵੱਲ ਪਹੁੰਚ ਕੀਤੀ ਗਈ? ਪਰ ਕਿਉਂ? ਕੀ 'ਆਪ' ਅੰਦਰ ਅਕਲਮੰਦਾ ਦਾ ਏਨਾ ਕਾਲ਼ ਪੈ ਗਿਆ ਹੋਇਆ ਕਿ ਗੈਰ ਪਾਰਟੀ ਮੈਂਬਰਾਂ ਨੂੰ ਰਾਜ ਸਭਾ ਵਾਸਤੇ ਨਾਮਜ਼ਦ ਕਰ ਦਿੱਤਾ ਗਿਆ? ਕਾਰਨ ਯੋਗਤਾ ਨਹੀਂ ਕੁੱਝ ਹੋਰ ਲਗਦਾ ਹੈ। ਕੀ ਇਸ ਬਾਰੇ ਪਾਰਟੀ 'ਵਲੰਟੀਅਰਜ਼' ਨੂੰ ਪੁੱਛਿਆ ਗਿਆ? ਪੰਜਾਬ ਵਿਚ ਆਪਣੇ 'ਅਨੈਤਿਕ ਕਾਰਨਾਮਿਆਂ' ਕਰਕੇ ਪਾਰਟੀ ਦੀ ਰੱਜ ਕੇ ਬਦਨਾਮੀ ਅਤੇ ਹਾਰ ਦੇ ਜੁੰਮੇਵਾਰ ਸੰਜੇ ਸਿੰਘ ਨੂੰ ਕਿਸ "ਖੂਬੀ" ਕਰਕੇ ਨਾਮਜ਼ਦ ਕੀਤਾ ਗਿਆ। ਸਿਰਫ ਉੱਪਰਲਿਆਂ ਦਾ ਆਗਿਆਕਾਰੀ (ਯੈੱਸ ਮੈਨ) ਹੋਣਾ ਹੀ ਸਭ ਤੋਂ ਵੱਡੀ ਖੂਬੀ ਗਿਣੀ ਜਾਂਦੀ ਹੈ ਇਸ ਪਾਰਟੀ ਵਿਚ? ਯੈੱਸ ਮੈਨ ਨਾ ਬਣਨ ਵਾਲੇ ਆਪਣੇ ਹੀ ਪਾਰਟੀਉਂ ਬਾਹਰ ਕੀਤਿਆਂ ਨੂੰ ਹੁਣ ਤੱਕ ਵਾਪਸ ਪਾਰਟੀ ਅੰਦਰ ਮੋੜ ਕੇ ਲਿਆਉਣ ਦੇ ਜਤਨ ਕਿਉਂ ਨਹੀਂ ਕੀਤੇ ਗਏ? ਆਪਣੀ ਹੀ ਪਾਰਟੀ ਦੀ ਅਨੁਸਾਸ਼ਨੀ ਕਮੇਟੀ ਦੇ ਮੁਖੀ ਨੂੰ ਸ਼ਾਇਦ ਇਹ ਹੀ ਪਾਰਟੀ ਬਾਹਰ ਕੱਢ ਸਕਦੀ ਹੈ- ਤੇ ਇਨ੍ਹਾਂ ਨੇ ਕੱਢਿਆ ਵੀ- ਬੁੱਧੀਜੀਵੀ, ਦਰਵੇਸ਼ ਮਨੁੱਖ ਡਾ. ਦਲਜੀਤ ਸਿੰਘ (ਹੁਣ ਸਵਰਗਵਾਸੀ) ਨੂੰ। ਕਿਸੇ ਵੀ ਸਿਆਸੀ ਪਾਰਟੀ ਨੂੰ "ਪ੍ਰਾਈਵੇਟ ਲਿਮਟਿਡ" ਬਣਾ ਕੇ ਨਹੀਂ ਚਲਾਇਆ ਜਾ ਸਕਦਾ। ਆਮ ਆਦਮੀ ਪਾਰਟੀ ਦੀ "ਲੀਡਰਸ਼ਿੱਪ" ਇਸ ਨੂੰ ਇਵੇਂ ਹੀ ਚਲਾਉਣ ਵਾਸਤੇ ਜਤਨਸ਼ੀਲ ਹੈ। ਇਹ 'ਬਦਲਵੀ ਸਿਆਸਤ' ਵਾਲੇ ਜੁਮਲੇ ਨੂੰ ਕਦੋਂ ਦੇ ਭੁੱਲ ਚੁੱਕੇ ਹਨ। ਕਿਸੇ ਵੀ ਲੋਕਰਾਜੀ ਜਾਂ ਕਹੀਏ ਸਵਰਾਜ ਦੇ ਸਿਧਾਂਤ ਨੂੰ ਪਰਣਾਈ ਪਾਰਟੀ ਵਾਸਤੇ ਇਹ ਘਾਤਕ ਰਾਹ ਹੈ। ਬੁਨਿਆਦੀ ਸਿਧਾਂਤ ਵਾਲੀ ਲੀਹੋਂ ਲੱਥ ਚੁੱਕੀ ਹੈ ਇਹ ਪਾਰਟੀ। ਜਿਸ ਕਰਕੇ ਅਗਲੇ ਸਮੇਂ ਪਾਰਟੀ ਦਾ ਹੋਰ ਖਿਲਾਰਾ ਪੈਣ ਦੀਆਂ ਸੰਭਾਵਨਾਵਾਂ ਵੀ ਹਨ। ਕੁਮਾਰ ਵਿਸ਼ਵਾਸ ਵਰਗੇ "'ਆਪ ਦੇ ਸ਼ਹੀਦ" ਚੁੱਪ-ਚਾਪ ਨਹੀਂ ਬੈਠਣ ਲੱਗੇ- ਲੋਕ ਸਭਾ ਵਾਲਾ ਲਾਲੀਪੌਪ ਉਹਨੂੰ ਪੁੱਗਣਾ ਨਹੀਂ? ਉਹ ਜਾਵੇਗਾ, ਸਵਾਲ ਇਹ ਹੈ ਕਿ ਉਹ ਕਦੋਂ ਕੁ ਅਤੇ ਉਸਦੇ ਨਾਲ ਕਿੰਨੇ ਕੁ ਹੋਰ ਜਾਣਗੇ।

'ਆਮ ਆਦਮੀ ਪਾਰਟੀ' ਨੇ ਜੇ ਮੁੜ ਲੀਹ 'ਤੇ ਆਉਣਾ ਹੈ ਤਾਂ ਜਤਨ ਕੀਤੇ ਜਾਣੇ ਚਾਹੀਦੇ ਹਨ ਕਿ ਉਹ ਸੂਝਵਾਨ ਲੋਕ ਜਿਨ੍ਹਾਂ ਪਾਰਟੀ ਉਸਾਰਨ ਵਿਚ ਯੋਗਦਾਨ ਪਾਇਆ ਕਿਸੇ ਵੀ ਕਾਰਨ ਪਾਰਟੀ ਨੇ ਬਾਹਰ ਕੱਢੇ ਹੋਏ ਹਨ ਜਾਂ ਸਸਪੈਂਡ/ਮੁਅੱਤਲ ਕੀਤੇ ਹੋਏ ਹਨ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਕੇ ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇ। ਇਸ ਨਾਲ ਪਾਰਟੀ ਨੂੰ ਬਹੁਤ ਫਾਇਦਾ ਹੋਵੇਗਾ। ਪਾਰਟੀ ਮੈਂਬਰਾਂ ਦੇ ਆਸਰੇ ਹੀ ਉਸਰਦੀ ਹੈ ਪਰ ਨਾਲ ਹੀ ਸੇਧ ਦੇਣ ਵਾਲੇ ਸੂਝਵਾਨ ਆਗੂ ਵੀ ਚਾਹੀਦੇ ਹਨ। ਇਸ ਸਮੇਂ ਸੂਝਵਾਨ ਆਗੂਆਂ ਦੀ ਘਾਟ ਬਾਰੇ ਗੱਲ ਕਰਦਿਆਂ ਕਈ ਸਿਆਸੀ ਟਿੱਪਣੀਕਾਰ ਆਮ ਆਦਮੀ ਪਾਰਟੀ ਦੀ ਤੁਲਨਾ 'ਸ਼ਿਵ ਜੀ ਦੀ ਬਰਾਤ' ਨਾਲ ਵੀ ਕਰਦੇ ਹਨ। ਇਸ ਤੋਂ ਬਚਣ ਦੀ ਲੋੜ ਹੈ। ਪਾਰਟੀ ਨੂੰ ਅੰਦਰੂਨੀ ਜਮਹੂਰੀਅਤ ਬਾਰੇ ਵੀ ਨਹੀਂ ਭੁੱਲਣਾ ਚਾਹੀਦਾ ਤਾਂ ਕਿ ਪਾਰਟੀ ਲੋਕਰਾਜੀ ਕਦਰਾਂ-ਕੀਮਤਾਂ ਵਾਲੀ ਵੀ ਹੋਵੇ। ਆਮ ਆਦਮੀ ਪਾਰਟੀ ਅਜੇ ਤੱਕ ਬਦਲਵੀਂ ਸਿਆਸਤ ਜਾਂ ਬਦਲਵੇਂ ਪ੍ਰਬੰਧ ਦੇ ਨਾਅਰੇ ਤੱਕ ਹੀ ਮਸਾਂ ਪਹੁੰਚੀ ਹੈ – ਅਮਲ ਵਿਚ ਇਸ ਤੋਂ ਬਹੁਤ ਦੂਰ ਹੈ। ਆਪਣੇ ਜ਼ਾਤੀ ਫਾਇਦਿਆਂ ਵਾਸਤੇ ਲੜਨਾ ਜਾਂ ਫੇਰ ਲੋਕ ਹਿਤਾਂ ਵਾਸਤੇ ਸਿਆਸਤ ਕਰਨੀ ਇਸ ਵਿਚ ਬਹੁਤ ਵੱਡਾ ਫਰਕ ਹੁੰਦਾ ਹੈ, ਬਸ! ਇਸ ਨੂੰ ਸਮਝਣ ਵਾਲੀ ਇਮਾਨਦਾਰੀ ਦੀ ਲੋੜ ਹੈ।

# ਚਮਾਰ ਰੈਜੀਮੈਂਟ ਅਤੇ ਫੌਜ ਭਰਤੀ



ਹਰਦੀਪ ਸਿੰਘ ਚੁੰਬਰ
+91-94636-01616

ਮਨੁੱਖ ਦੀ ਬਿਹਤਰ ਜੀਵਨ ਜਿਓਣ ਦੀ ਚਾਹਤ ਅਤੇ ਲਾਲਸਾ ਨੇ ਮਨੁੱਖ ਨੂੰਪ੍ਰਕਿਰਤਿਕ ਅਤੇਅਪ੍ਰਕਿਰਤਿਕ ਸਾਧਨਾਂ ਉਤੇ ਏਕਾ ਅਧਿਕਾਰ ਜਮਾਉਣ ਲਈ ਹਮੇਸ਼ਾ ਪ੍ਰੇਰਿਤ ਕੀਤਾ ਹੈ । ਮਨੁੱਖ ਇਕ ਸਮਾਜਿਕ ਪ੍ਰਾਣੀ ਤਾਂ ਹੈ ਹੀ ਜੋ ਛੋਟੇ ਜਾਂ ਵੱਡੇ ਕਬੀਲਿਆਂ ਵਿਚ ਰਹਿੰਦਾ ਰਿਹਾ ਹੈ। ਉਹ ਆਪਣੇ ਸਮਾਜਿਕ ਫ਼ਰਜ ਨਿਭਾਉਂਦਾ ਹੋਇਆ ਤੰਗ ਨਜ਼ਰੀਏ ਦਾ ਸ਼ਿਕਾਰ ਹਮੇਸ਼ਾ ਰਿਹਾ ਹੈ। ਜੋ ਜੀਵਨ ਜੀਣ ਦੇ ਸਾਧਨ ਉਸ ਨੂੰ ਪ੍ਰਕਿੱਰਤੀ ਦੀ ਗੋਦ ਵਿਚੋਂ ਪ੍ਰਾਪਤ ਹੁੰਦੇ ਹਨ, ਉਸ ਨੂੰ ਆਪਣੀ ਸ਼ਕਤੀ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਆਪਣੀ ਲੋੜ ਨਾਲੋ ਵੱਧ ਪ੍ਰਾਪਤ ਕਰਨ ਲਈ ਇਕ ਸਮਾਜ਼ ਜਾਂ ਕਬੀਲਾ ਦੂਜੇ ਕੋਲੋਂ ਖੋਹਣ ਲਗਿਆ ਕਦੀ ਵੀ ਨਹੀ ਝਿੱਜਕਿਆ। ਇਸ ਨੂੰ ਹਥਿਆਉਣ ਲਗੇ ਸਾਮ, ਦਾਮ, ਦੰਡ, ਭੇਤ ਵਰਤ ਮਨੁੱਖ ਹੀ ਮਨੁੱਖ ਜਾਤੀ ਦਾ ਅੱਜ ਤਕ ਘਾਣ ਕਰਦਾ ਆ ਰਿਹਾ ਹੈ। ਜੇਕਰ ਪ੍ਰਕਿਰਤੀ ਨੂੰ ਮਾਂ ਕਹਿ ਲਈਏ ਤਾਂ ਉਸ ਦੀ ਗੋਦ ਵਿਚ ਸਭ ਲਈ ਉਹ ਸਭ ਕੁੱਝ ਹੈ ਜੋ ਸਭ ਨੂੰਜੀਵਨ ਜਿਉਣ ਲਈ ਲੋੜੀਦਾ ਹੈ । ਪਰ ਸਵੈਂਮ ਆਪਣੇ ਆਪ ਨੂੰ ਉਤਮ ਜਾਤੀ ਕਹਾਉਣ ਵਾਲੇ ਸ਼ੈਤਾਨ ਰੂਪੀ ਮਨੁੱਖ ਜਾਤੀ ਨੇ ਦੂਜੇ ਮਨੁੱਖ ਨੂੰ ਹੀ ਗੁਲਾਮ ਬਣਾਕੇ ਉਸ ਦੀ ਮਿਹਨਤ ਦੁਆਰਾ ਕਮਾਈ ਖੋਹ ਹਰ ਸ਼ੈਅ ਉਤੇ ਅਧਿਕਾਰ ਜਮਾਇਸ ਧਰਤੀ ਦਾ ਘਟੀਆ ਪ੍ਰਾਣੀ ਵੀ ਬਣਾ ਦਿਤਾ ਹੈ । ਗੁਲਾਮੀ ਦੀ ਦੁਰਦੱਸਾ ਵਿਚ ਰਹਿੰਦਾ ਮਨੁੱਖ ਨੂੰ ਦੇਖ, ਸ਼ੈਤਾਨ ਰੂਪੀ ਮਨੁੱਖ ਜਾਤੀ ਲਈ ਘਟੀਆ ਸ਼ਬਦ ਵਰਤਣਾ ਵੀ ਛੋਟਾ ਲਗਦਾ ਹੈ ਕਿਉਂਕਿ ਇਕ ਮਨੁੱਖ ਦੀ ਦੁਰਦੱਸਾ ਲਈ ਦੂਜਾ ਮਨੁੱਖ ਜਿਮੇਵਾਰ ਹੋਵੇ ਇਸ ਨਾਲੋਂ ਹੋਰ ਭੈੜਾ ਕੁੱਝ ਵੀ ਨਹੀਂ। ਸਿੱਖ ਲਾਈਟ ਇੰਫੈਂਟਰੀ ਕਰਮਚਾਰੀ ਨਵੀਂ ਦਿੱਲੀ, ਭਾਰਤ ਵਿਚ ਗਣਤੰਤਰ ਦਿਵਸ ਪਰੇਡ ਦੌਰਾਨ ਸਾਮਿਲ ਕੀਤੇ ਗਏ ਸਨ ।








### ਸਿੱਖ ਲਾਈਟ ਇਨਫੈਂਟਰੀ

ਸਿੱਖ ਚਮਾਰ ਰਾਮਦਾਸੀਆ ਕੋਲ ਫ਼ੌਜੀ ਸੇਵਾ ਦਾ ਗੌਰਵਮਈ ਇਤਿਹਾਸ ਹੈ, ਜਿਸ ਵਿਚ ਸਿੱਖ ਲਾਈਟ ਇੰਫੈਂਟਰੀ (ਨੀਵੀਂ ਜਾਤ- ਮਜ਼ਬੀ ਅਤੇ ਰਾਮਦਾਸੀਆ ਸਿੱਖਾਂ ਦੀ ਰਚਨਾ) ਸ਼ਾਮਲ ਹੈ। ਸਿੱਖ ਲਾਈਟ ਇਨਫੈਂਟਰੀ, ਜਿਸ ਨੂੰ ਪਹਿਲਾਂ ਮਜ਼ਬਾਈ ਅਤੇ ਰਾਮਦਾਸੀਆ ਸਿੱਖ ਰੈਜਮੈਂਟ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਭਾਰਤੀ ਫੌਜ ਦੀ ਇੱਕ ਲਾਈਟ ਇੰਫੈਂਟਰੀ ਰੈਜਮੈਂਟ ਹੈ। ਇਸ ਦਾ ਨਾਂ 1944 ਵਿਚ ਸਿੱਖ ਲਾਈਟ ਇੰਫੈਂਟਰੀ ਵਿਚ ਬਦਲ ਦਿੱਤਾ ਗਿਆ ਸੀ. ਸਿੱਖ ਲਾਈਟ ਇੰਫੈਂਟਰੀ ਮਜ਼ਹਬੀ ਸਿੱਖ ਲਈ ਉਤਰਾਧਿਕਾਰੀ ਇਕਾਈ ਹੈ। ਪਿਯੋਨੀਂ 23 ਵੇਂ, 32 ਵੇਂ ਅਤੇ 34 ਵੇਂ ਸਿੱਖ ਪਾਇਨੀਅਰ ਸਿੱਖ ਲਾਈਟ ਇਨਫੈਂਟਰੀ ਨੂੰ 1941 ਵਿਚ ਕੁਝ ਰਾਮਦਾਸੀਆ ਕੰਪਨੀਆਂ ਨਾਲ ਮਿਲਕੇ ਮਜ਼੍ਹਬੀ ਸਿਖ ਪਿਯਨਰਾਂ ਦੀ ਲੜਾਈ ਦੇ ਸਨਮਾਨ, ਰੰਗ ਅਤੇ ਪਰੰਪਰਾ ਨੂੰ ਵਿਰਾਸਤ ਵਿਚ ਮਿਲੀ।

ਸਿੱਖ ਲਾਈਟ ਇੰਫੈਂਟਰੀ ਨੇ ਮਜ਼੍ਹਬੀ ਸਿੱਖ ਅਤੇ ਰਾਮਦਾਸੀਆ ਸਿਪਾਹੀ ਭਰਤੀ ਕੀਤੇ ਹਨ ਜੋ ਯੁੱਧ ਦੇ ਮੈਦਾਨ ਵਿਚ ਆਪਣੀ ਅਸਾਧਾਰਨ ਹਲੇਸ਼ਾਂ ਅਤੇ ਨਿਪੁੰਨਤਾ ਲਈ ਮਸ਼ਹੂਰ ਹਨ। ਬ੍ਰਿਟਿਸ਼ ਰਾਜ ਦੇ ਲਗਪਗ ਤਕ ਇਕ ਸਦੀ ਤਕ ਇਸ ਦੀ ਹੋਂਦ ਦੇ ਦੌਰਾਨ, ਸਿੱਖ ਲਾਈਟ ਇਨਫੈਂਟਰੀ ਅਤੇ ਇਸ ਦੇ ਪੂਰਵਜ, 23 ਵੀਂ, 32 ਅਤੇ 34 ਵੀਂ ਸਦੀ ਦੇ ਸ਼ਾਹੀ ਸਿੱਖ ਪਿਯਨੀਅਰਾਂ ਨੇ ਆਪਣੇ ਆਪ ਨੂੰ ਬ੍ਰਿਟਿਸ਼ ਕਰਾਊਨ ਅਤੇ ਭਾਰਤੀ ਉਪ-ਮਹਾਂਦੀਪ ਦੇ ਅਨੇਕ ਸੰਘਰਸ਼ਾਂ ਵਿਚ ਸਾਮਰਾਜ ਨਾਲ ਮਿਲਾਇਆ। ਪਹਿਲੇ ਵਿਸ਼ਵ ਯੁੱਧ ਅਤੇ ਦੂਜੇ ਵਿਸ਼ਵ ਯੁੱਧ ਦੇ ਨਾਲ ਨਾਲ। ਅੱਜ, ਸਿੱਖ ਲਾਈਟ ਇਨਫੈਂਟਰੀ ਨੇ ਆਪਣੀ ਪ੍ਰਾਇਮਰੀ ਪੈਦਲ ਦੀ ਭੂਮਿਕਾ ਤੋਂ ਵੱਧ ਦਾ ਵਿਸਥਾਰ ਕੀਤਾ ਹੈ ਅਤੇ ਇੱਕ "ਕੁਲੀਟ" ਰੇਜੀਮੈਂਟਲ ਰੁਤਬਾ ਪ੍ਰਾਪਤ ਕੀਤਾ ਹੈ। ਸਿੱਖ ਲਾਈਟ ਇਨਫੈਂਟਰੀ ਦੀ 9 ਵੀਂ ਬਟਾਲੀਅਨ, ਯੂਨਾਈਟਿਡ ਕਿੰਗਡਮ ਦੇ ਰਾਇਲ ਮਰਨਿਨ ਦੀ ਤਰ੍ਹਾਂ ਕੁਦਰਤੀ ਹਮਲਾਵਰ ਹਮਲੇ ਕਰਦੀ ਹੈ। ਸਿੱਖ ਲਾਈਟ ਇੰਫੈਂਟਰੀ ਦੀ 11 ਵੀਂ ਬਟਾਲੀਅਨ ਨੇ "ਸਟੀਲ ਫਰਸਟ" ਦਾ ਉਪਨਾਮ ਵੀ ਪ੍ਰਾਪਤ ਕੀਤਾ ਹੈ। ਸਿੱਖ ਲ਼ਾਈਟ ਇਨਫੈਂਟਰੀ ਦੀ ਵਿਪਰੀਤ ਸਥਿਤੀਆਂ ਵਿਚ ਸਿਆਚਿਨ ਗਲੇਸ਼ੀਅਰ, ਜੋ ਦੁਨੀਆ ਵਿਚ ਸਭ ਤੋਂ ਉੱਚਾ ਮੈਦਾਨ ਹੈ ਰਣਨੀਤੀ ਦਾ ਸੰਚਾਲਨ ਨੂੰ, ਅੱਤਵਾਦ ਦੇ ਵਿਰੁੱਧ ਰੱਖਿਆ ਲਈ ਰਵਾਇਤੀ ਯੁੱਧ ਵਿਚ ਦੇਖਿਆ ਹੈ। ਸਿੱਖ ਲਾਈਟ ਇੰਫੈਂਟਰੀ ਸੰਯੁਕਤ ਰਾਸ਼ਟਰ ਐਮਰਜੈਂਸੀ ਫੋਰਸ ਦੇ ਹਿੱਸੇ ਵਜੋਂ ਵੀ ਆਪਰੇਸ਼ਨ ਕਰਦੀ ਹੈ। ਰੈਜਮੈਨਟਲ ਮਾਟੋ "ਦੇਗ ਤੇਗ ਫਤਹਿ" ਹੈ, ਜਿਸਦਾ ਮਤਲਬ ਹੈ "ਅਮਨ ਵਿੱਚ ਖੁਸ਼ਹਾਲੀ ਅਤੇ ਯੁੱਧ ਦੀ ਜਿੱਤ"। ਆਦਰਸ਼ ਦੇ ਦਸਵੰਧ ਅਤੇ ਸਭ ਤੋਂ ਜਿਆਦਾ ਮਾਰਸ਼ਲ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਦੇ ਨਾਲ ਬਹੁਤ ਨੇੜਤਾ ਹੈ, ਕਿਉਂਕਿ ਮਜ਼ਹਬੀ ਉਹਮਾਂ ਦੇ ਨਾਲ ਬਹੁਤ ਨਜ਼ਦੀਕੀ ਸਬੰਧ ਰੱਖਦੇ ਹਨ। ਸਿੱਖ ਲਾਈਟ ਇਨਫੈਂਟਰੀ ਨਿਸ਼ਾਨ ਇੱਕ ਢਾਲ ਅਤੇ ਮਾਤਰ ਕਿਰਪਾਨ ਹੈ। ਇਸ ਨਿਸ਼ਾਨ ਨੂੰ ਮਜ਼੍ਹਬੀ ਸਿੱਖ ਭਾਈਚਾਰੇ ਦੇ ਅਕਾਲੀ ਨਿਹੰਗ ਵੰਸ਼ ਦਾ ਸਨਮਾਨ ਕਰਨ ਲਈ ਤਿਆਰ ਕੀਤਾ ਗਿਆ ਸੀ। ਸਾਬਕਾ ਸੈਨਾ ਮੁਖੀ ਜਨਰਲ ਬਿਕਰਮ ਸਿੰਘ, ਪੀਵੀਐਮ, ਯੂ.ਵਾਈ.ਐਮ., ਏ.ਵੀ.ਐਮ., ਐਸ.ਐਮ., ਵੀ ਐਮ ਐਮ, ਏ.ਡੀ.ਸੀ. ਰੈਜੀਮੈਂਟ ਨਾਲ ਸੰਬੰਧਤ ਹੈ । ਉਹ ਸਿੱਖ ਲਾਈਟ ਇੰਫੈਂਟਰੀ ਦੇ ਕਰਨਲ ਆਫ਼ ਦਿ ਰੈਜੀਮੈਂਟ ਵੀ ਹਨ ।

10 ਫਰਵਰੀ 1933 ਨੂੰ ਸਿੱਖ ਪਿਯਨੀਅਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ । ਦੂਜੇ ਵਿਸ਼ਵ ਯੁੱਧ ਵਿਚ ਲੜਨ ਲਈ ਦੁਬਾਰਾ ਇਕੱਠੇ ਹੋਏ, 1 ਅਕਤੂਬਰ 1 9 41 ਨੂੰ ਪਹਿਲੀ ਬਟਾਲੀਅਨ ਤੋਂ ਅਰੰਭ ਕੀਤਾ ਗਿਆ । ਰਾਮਦਾਸੀਆ (ਚਮਾਰ) ਸਿੱਖਾਂ ਨੂੰ ਭਰਤੀ ਕਰਨ ਲਈ ਖੋਲ੍ਹਿਆ ਗਿਆ ਸਿੱਖ ਲਾਈਟ ਇੰਫੈਂਟਰੀ ਅਤੇ ਸਿੱਖ ਰੈਜਮੈਂਟ 18 ਰੈਗੂਲਰ ਬਟਾਲੀਅਨਾਂ ਦੇ ਨਾਲ ਅਤੇ 36 ਬਟਾਲੀਅਨਾਂ ਦੀ ਕੁੱਲ ਗਿਣਤੀ ਹੈ, ਜੋ ਕਿ ਲਗਭਗ 10 ਫੀਸਦੀ ਭਾਰਤੀ ਫੌਜ ਦੇ 300+ ਪੈਦਲ ਬਟਾਲੀਅਨਾਂ ਦਾ ਹੈ। ਸਿੱਖ ਲਾਈਟ ਇੰਫੈਂਟਰੀ ਕਰਮਚਾਰੀ ਨਵੀਂ ਦਿੱਲੀ, ਭਾਰਤ ਵਿਚ ਗਣਤੰਤਰ ਦਿਵਸ ਪਰੇਡ ਦੌਰਾਨ ਸਮਿਲ ਕੀਤੇ ਸਨ। 10 ਫਰਵਰੀ 1933 ਨੂੰ ਸਿੱਖ ਪਿਯਨੀਅਰਾਂ ਨੂੰ ਦੂਜੀ ਵਿਸ਼ਵ ਜੰਗ ਵਿਚ ਲੜਨ ਲਈ ਮੁੜ ਉਭਾਰਿਆ ਗਿਆ ਸੀ, 1 ਅਕਤੂਬਰ 1941 ਨੂੰ ਪਹਿਲੀ ਬਟਾਲੀਅਨ ਨਾਲ ਸ਼ੁਰੂ ਹੋਇਆ। ਰਾਮਦਾਸੀਆ ਸਿੱਖਾਂ ਨੂੰ ਭਰਤੀ ਲਈ ਖੋਲ੍ਹਿਆ ਗਿਆ ਸੀ। ਸਿੱਖ ਲਾਈਟ ਇੰਫੈਂਟਰੀ ਹੁਣ ਇਕ 18-ਬਟਾਲੀਅਨ ਦੀ ਮਜ਼ਬੂਤ ਰੈਜਮੈਂਟ ਹੈ ਜੋ ਰੱਖਿਆ ਜਾਂ ਹਮਲੇ ਵਿਚ ਤੇਜ਼ੀ ਨਾਲ ਤਾਇਨਾਤੀ ਕਰਨ ਦੇ ਯੋਗ ਹੈ । ਭਾਰਤ ਦੀ ਆਜ਼ਾਦੀ ਤੋਂ ਬਾਅਦ ਹੋਰ 16 ਬਟਾਲੀਅਨਾਂ ਉੱਭਰੀਆਂ ਗਈਆਂ ਹਨ। ਸਿੱਖ ਲਾਈਟ ਇੰਫੈਂਟਰੀ ਨੇ ਆਪਣੀ ਦੂਜੀ ਬਟਾਲੀਅਨ ਦੇ ਨਾਲ ਪੈਰਾਸ਼ੂਟ ਰੈਜਮੈਂਟ ਲਈ ਸਹਾਰਾ ਦੇ ਦਿੱਤਾ ਹੈ ਜੋ 1961 ਵਿੱਚ ਗੋਆ ਦੇ ਹਮਲੇ ਵਿੱਚ 50 ਵੇਂ ਪੈਰਾਸ਼ੂਟ ਬ੍ਰਿਗੇਡ (ਭਾਰਤ) ਦੀ ਮਜ਼ਬੂਤੀ ਵਿਚ ਵਾਧਾ ਕਰ ਰਿਹਾ ਸੀ। ਇੱਥੇ ਉਨ੍ਹਾਂ ਨੇ ਆਪਣੇ ਪੱਛਮੀ ਕਾਲਮ ਦੇ ਹਿੱਸੇ ਵਜੋਂ ਹਮਲੇ ਦੀ ਮੁੱਖ ਧੱਕੇਸ਼ਾਹੀ ਦਾ ਸਮਰਥਨ ਕੀਤਾ। ਉਹ ਤੇਜ਼ੀ ਨਾਲ ਮਾਈਨਫੀਲਡਾਂ, ਰੋਡਬਲੌਕ ਅਤੇ ਚਾਰ ਨਦੀ ਦੀਆਂ ਰੁਕਾਵਟਾਂ ਦੇ ਰਾਹ ਤੇਜ਼ੀ ਨਾਲ ਫੈਲੀਆਂ ਅਤੇ ਪਜੀਮ ਤੱਕ ਸਭ ਤੋਂ ਪਹਿਲਾਂਪਹੁੰਚਣ ਵਾਲੀ ਸੀ।



ਚੂਨੀ ਲਾਲ (ਚਮਾਰ ਰੈਜਮੈਂਟ)



ਧਰਮ ਸਿੰਘ (ਚਮਾਰ ਰੈਜਮੈਂਟ)



ਜੋਗੀ ਰਾਮ (ਚਮਾਰ ਰੈਜਮੈਂਟ)

ਵੈਸੇ ਤਾਂ ਇਸ ਤਰਾਂ ਦਾ ਵਰਤਾਰਾ ਪੂਰੀ ਦੁਨੀਆਂ ਵਿਚ ਰਿਹਾ ਹੈ, ਦੁਨੀਆਂ ਦੇ ਕਿਸੇ ਵੀ ਹਿਸੇ ਦੀ ਗਲ ਲੈ ਲਵੋ। ਭਾਰਤ ਵੀ ਇਸ ਬਿਮਾਰੀ ਤੋਂ ਅਛੂੱਤਾ ਨਹੀਂ ਰਿਹਾ। ਭਾਰਤ ਉਤੇ ਵੀ ਬਾਹਰੀ ਲੁਟੇਰਿਆਂ ਨੇ ਉੱਤਰ ਦਿਸ਼ਾ ਤੋਂ ਜਮੀਨੀ ਅਤੇ ਦੱਖਣ ਤੋਂ ਸਮੁੰਦਰ ਯਾਤਰਾ ਕਰਭਾਰਤੀ ਮੂਲਨਿਵਾਸੀਆਂ ਨੂੰ ਹਜਾਰਾਂ ਸਾਲਾਂ ਤੋਂ ਲੁੱਟਦੇ ਰਹੇ ਹਨ। ਇਹ ਭਾਰਤ ਆਉਂਦੇ ਆਪਣੀ ਸ਼ਕਤੀ ਅਨੁਸਾਰ ਦੌਲਤ ਲੁੱਟਦੇ ਅਤੇ ਵਾਪਿਸ ਆਪਣੇ ਆਪਣੇ ਦੇਸ਼ ਚਲੇ ਜਾਂਦੇ ਹਜਾਰਾਂ ਸਾਲ ਇਹ ਸਿਲਸਲਾ ਚਲਦਾ ਰਿਹਾ। ਕਈ ਵਾਰੀ ਇਕੋ ਸਮੇ ਵੱਖ ਵੱਖ ਦੇਸ਼ਾਂ ਤੋ ਆਏ ਲੁਟੇਰਿਆਂ ਭਾਰਤ ਦੀ ਸਰ-ਜਮੀਨ ਉਤੇ ਆਪਣਾ ਏਕਾ ਅਧਿਕਾਰ ਰਖਣ ਲਈ ਆਪਸ ਵਿਚ ਯੁੱਧ ਕੀਤੇ।

ਇਤਿਹਾਸ ਦੇ ਤੱਥਾਂ ਤੋਂ ਪਤਾ ਚਲਦਾ ਹੈ ਕਿ ਭਾਰਤ ਉਤੇ ਸਭ ਤੋਂ ਪੁਰਾਣਾ ਬਾਹਰੀ ਅਕ੍ਰੱਮਣਕਾਰੀ ਸਮਾਜ ਆਰੀਆ ਸਮਾਜ ਦੀ ਮੰਨਿਆ ਗਿਆ ਹੈ। ਜਿਸ ਨੇ ਤਕਰੀਬਨ 5000 ਸਾਲ ਪਹਿਲਾਂ ਭਾਰਤ ਵਿਚ ਆ ਭਾਰਤ ਵਿਚ ਰਹਿਕੇ ਹੀ ਭਾਰਤ ਦੇ ਮੂਲਨਿਵਾਸੀ ਸਮਾਜ਼ ਕੋਲੋਂ ਸਤਾਹ, ਸਿੱਖਿਆ, ਸੰਸਕਿਰਤੀ ਅਤੇ ਜੀਵਨ ਸਰੋਤ ਖੋਹ ਉਤੇ ਅਧਿਕਾਰ ਜਮਾਉਣਾ ਸੁਰੂ ਕੀਤਾ, ਜੋ ਸਮੇ ਦੇ ਨਾਲ ਨਾਲ ਬਹੁਤ ਭਿਆਨਕ ਰੂਪ ਧਰਨ ਕਰ ਗਿਆ। ਭਾਰਤੀ ਮੂਲ ਨਿਵਾਸੀ ਜਾਤੀਆਂ ਜਾਨਵਰਾਂ ਨਾਲੋਂ ਵੀ ਬਦਤਰ ਜਿੰਦਗੀ ਜੀਣ ਲਈ ਮਜਬੂਰ ਹੋ ਗਈਆਂ। ਭਾਰਤ ਵਿਚ ਕਿੰਨੇ ਹੀ ਸਮਾਜ ਸੁਧਾਰਕ ਹੋਏ ਅਤੇ ਕਈ ਵਿਦੇਸ਼ੀ ਆਏ, ਪਰ ਅੰਗਰੇਜਾਂ ਤੋਂ ਬਿਨਾ ਕਿਸੇ ਦੀਆਂ ਕੋਸ਼ਿਸਾਂ ਨੇ ਮੂਲ ਰੂਪ ਵਿਚ ਇਹਨਾਂ ਦੇ ਜੀਵਨ ਵਿਚ ਸੁਧਾਰ ਦਾ ਅਸਰ ਨਹੀਂ ਦਿਖਾਇਆ। ਬਹੁਤ ਸਾਰੇ ਕਾਰਨਾਂ ਵਿਚੋਂ ਸਾਇਦ ਇਹ ਵੀ ਇਕ ਕਾਰਨ ਸੀ ਕਿ ਆਰੀਆ ਲੋਕਾਂ ਦੀਆਂ ਵੱਖ ਵੱਖ ਸੰਸਥਾਵਾ ਵਧ ਚੜਕੇ ਕਹਿਣ ਲਗੀਆਂ ਕਿ "ਅੰਗਰੇਜੋ ਭਾਰਤ ਛੱਡੋ"ਆਰੀਆ ਲੋਕਾਂ ਨੇ ਭਾਰਤੀ ਸਮਾਜ਼ ਨੂੰ ਚਾਰ ਵਰਣਾਂ ਵਿਚ ਵੰਡ ਦਿਤਾ । ਵਰਣਾਂ ਵੰਡ ਦੇ ਹਿਸਾਬ ਦੀ ਜੀਵਨ ਸਰੋਤ ਅਤੇ ਸਜਾਵਾਂ ਦਾ ਪ੍ਰਭਦਾਨ ਕੀਤਾ ਗਿਆ। ਜਿਵੇਂ ਜਿਵੇਂ ਵਰਗ ਦਰਜਾ ਉੱਚਾ ਹੁੰਦਾ ਉਸੇ ਤਰਾਂ ਸੰਸਾਧਨ ਵਧਦੇ ਇਕੋ ਜਿਹੇ ਜੁਰਮ ਦੀਆਂ ਸਜਾਵਾਂ ਘੱਟਦੀਆਂ ਸਨ। ਜਿਵੇਂ ਜਿਵੇਂ ਵਰਗ ਦਰਜਾ ਨੀਵਾਂ ਹੁੰਦਾ ਉਸੇ ਤਰਾਂ ਸੰਸਾਧਨ ਘਟਦੇ ਇਕੋ ਜਿਹੇ ਜੁਰਮ ਦੀਆਂ ਸਜਾਵਾਂ ਵਧਦੀਆਂ ਸਨ।

ਚਾਰੇ ਵਰਣਾਂ ਤੋਂ ਬਾਹਰ, ਸੰਸਾਧਨ ਵਿਹੂਣੇ ਸਮਾਜ ਵਿਚੋਂ ਅਵਰਣ ਸਮਾਜ ਜਿਹਨਾਂ ਦੀ ਅਬਾਦੀ 1947 ਵਿਚ ਤਕਰੀਬਨ 6 ਕਰੋੜ ਦੇ ਕਰੀਬ ਸੀ। ਅਖੌਤੀ ਉੱਚ ਜਾਤੀਆਂ ਆਰੀਆ ਸਮਾਜ ਦੀ ਦੇਣ ਦੇ ਪ੍ਰਣਾਮ ਸਵਰੂਪ ਮੂਲਲਿਵਾਸੀ ਦਬੇ ਕੁੱਚਲੇ ਭਾਰਤੀ ਜਾਤੀਵਾਦੀ ਸੋਚ ਦੀ ਨਾਕਾਰਾਤਮਿਕ ਦੀ ਪਦਾਇਸ ਵਿਚੋਂ ਅਵਰਣ ਚਮਾਰ ਜਾਤੀ ਅਛੂਤ ਸਮਾਜ ਜਾਤੀਆਂ ਵਿਚੋਂ ਇਕ ਜਾਤੀ ਹੈ। ਅਛੂਤ ਹੋਣ ਦੇ ਤੌਰ ਤੇ, ਉਨ੍ਹਾਂ ਨੂੰ ਰਵਾਇਤੀ ਤੌਰ ਤੇ ਹਿੰਦੂ ਰਵਾਇਤੀ ਪ੍ਰਣਾਲੀ ਵਿਧੀ ਜਿਵੇਂ ਕਿ ਵਰਣ ਤੋਂ ਬਾਹਰ ਜਾ ਕੇ ਜਾਤੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਹ ਮੁੱਖ ਰੂਪ ਵਿਚ ਭਾਰਤ ਦੇ ਉੱਤਰੀ ਰਾਜਾਂ ਅਤੇ ਪਾਕਿਸਤਾਨ ਅਤੇ ਨੇਪਾਲ ਵਿਚ ਮਿਲਦੇ ਹਨ ।ਹੋਰ ਜਾਤੀਆਂ ਦੀ ਤਰਾਂ ਚਮਾਰ ਜਾਤੀ ਦੇ ਲੋਕ ਸਮਝਦਾਰ, ਇਨਸਾਫ ਪਸੰਦ, ਮਿਹਨਤੀ, ਸੋਭਰ ਮੰਨੇ ਗਏ ਹਨ ਅਤੇਇਹ ਜਾਤੀ ਪੁਰਾਤਨ ਭਾਰਤ ਵਿਚ ਰਾਜ ਕਰਨ ਵਾਲੀਆਂ ਮੂਲ ਭਾਰਤੀ ਜਾਤੀਆਂ ਵਿਚੋਂ ਮੋਹਰੀ ਮੰਨੀ ਗਈ ਹੈ।

ਸਮਾਜ਼ ਕਈ ਸਾਰੇ ਪ੍ਰੀਵਾਰਾਂ ਦੀਆਂ ਇੱਕਾਈਆਂ ਜੋੜਕੇ ਬਣਦਾ ਹੈ। ਇੱਕ ਵੀ ਪ੍ਰੀਵਾਰ ਜੋ ਸਮਾਜ਼ ਦੀ ਇੱਕ ਇੱਕਾਈ ਹੈ, ਅਗਰ ਉਹ ਆਪਣੇ ਬੱਚਿਆਂ ਅਤੇ ਪ੍ਰੀਵਾਰ ਦਾ ਪਾਲਣ ਪੋਸ਼ਣ ਸਮਾਜ਼ ਦੇ ਔਸਤ ਪ੍ਰੀਵਾਰ ਪਾਲਣ ਪੋਸ਼ਣ ਦੇ ਬਰਾਬਰ ਨਹੀ ਕਰ ਪਾ ਰਿਹਾ ਤਾਂ ਉਸ ਸਮਾਜ਼ ਦੀ ਅਗਵਾਈ ਕਰ ਕਰ ਰਹੇ ਅਤੇ ਕਰ ਚੁੱਕੇ ਆਗੂ ਦੀ ਬਦਨੀਅਤ ਜਾਂ ਗੈਰ ਜਿਮੇਵਾਰਾਨਾਂ ਰਵਈਏ ਕਾਰਨ ਹੀ ਹੈ। ਅਗਰ ਧਾਰਮਿੱਕਤਾ ਇਨਸਾਨੀਆਤ ਸਿਖਾਂਉਂਦੀ ਹੈ ਤਾਂ ਧਾਰਮਿਕ ਥਾਵਾਂ ਤੇ ਭੀਖ ਮੰਗਣ ਵਾਲੇ ਇਨਸਾਨ ਨਹੀਂ ਹੋਂਣੇ ਚਾਹੀਦੇ, ਜੋ ਸਮਾਜ਼ ਦੇ ਹਾਸੀਏ ਉੱਤੇ ਰਹਿ ਰਹੇ ਲੋਕ ਹੁੰਦੇ ਹਨ। ਉਹਨਾਂ ਲੋਕਾਂ ਨੂੰ ਭੀਖ ਦੇਕੇ ਮਨ ਨੂੰ ਸ਼ਾਤੀ ਦੇਣ ਨਾਲੋਂ ਐਸੇ ਸ਼ਿਸਟਮ ਨੂੰ ਬਦਲਣਾ ਜਰੂਰੀ ਹੈ ਜੋ ਭਿਖਾਰੀ ਅਤੇ ਸਰਮਾਏਦਾਰ ਪੈਦਾ ਕਰਦਾ ਹੈ ਅਤੇ ਇਸ ਦੀ ਆਪ ਜਿਮੇਵਾਰੀ ਖੁਦ ਨਾਂ ਲੈਕੇ ਕਿਸੇ ਗਾਇਬੀ ਸ਼ਕਤੀ ਉਤੇ ਛੁੱਟਣ ਦਾ ਹਾਮੀ ਬਣਦਾ ਹੈ। ਦੇਖਣ ਵਿਚ ਆਇਆ ਹੈ ਕਿ ਦੁਨੀਆਂ ਦੇ ਘੱਟ ਧਾਰਮਿਕ ਸਥਾਨ ਅਤੇ ਵੱਧ ਵਿਦਿਅਕ ਅਦਾਰਿਆਂ ਵਾਲੇ ਦੇਸ਼ ਅਤੇ ਸਮਾਜ਼ ਜਿਆਦਾ ਸੁੱਖੀ ਅਤੇ ਸੰਪਨ ਹਨ। ਭਾਰਤ ਵਰਗੇ ਦੇਸ਼ਾ ਦੇ ਲੋਕਾ ਆਪਣੀ ਧਾਰਮਿਕਤਾ ਬੋਝੇ ਵਿਚ ਪਾ ਰੁਜਗਾਰ ਲਈ ਉਹਨਾਂ ਦੀ ਗੁਲਾਮੀ ਕਬੂਲਣ ਲਗੇ ਨਹੀਂ ਝਿੱਜਕਦੇ, ਬਹੁਤ ਸਾਰੇ ਰੁਜਗਾਰ ਲਈ ਧਾਰਮਿਕਤਾ ਵੀ ਆਪਣੇ ਨਾਲੋ ਅਲਗ ਕਰ ਲੈਂਦੇ ਹਨ। ਕਿਸੇ ਵੀ ਕੌਮ, ਸਮਾਜ, ਇਨਸਾਨ ਵਿਚ ਧਾਰਮਿੱਕਤਾ ਜਾਂ ਇਨਸਾਨੀਆਤ ਐਨੀ ਕੁ ਤੇ ਜਰੂਰ ਹੋਣੀ ਚਾਹੀਦੀ ਹੈ ਕਿ ਸਮਾਜ ਆਪਣੇ ਨਾਗਰਿਕਾਂ ਲਈ ਘਟੋ ਘੱਟ ਮਾਪ ਦੰਡ ਤਹਿ ਕਰੇ ਕਿ ਸਭ ਦੇ ਪ੍ਰੀਵਾਰ ਆਪਣੀ ਕਮਾਈ ਨਾਲ ਠੀਕ ਠਾਕ ਗੁਜਾਰਾ ਕਰ ਸਕਣ।

ਪਹਿਲਾ ਚਮਾਰ ਰੈਜੀਮੈਂਟ ਇੱਕ ਪੈਦਲ ਸਿਪਾਹੀ ਫੌਜ ਸੀ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਦੁਆਰਾ ਬਣਾਈ ਗਈ ਸੀ । ਇਸ ਰੈਜਮੈਂਟ ਨੂੰ ਸਰਕਾਰੀ ਤੌਰ ਤੇ, ਇਹ 1 ਮਾਰਚ 1943 ਨੂੰ ਬਣਾਇਆ ਗਿਆ ਸੀ, ਇਸ ਨੂੰ ਜਦੋਂ 27 ਵੀਂ ਬਟਾਲੀਅਨ ਦਾ ਦੂਜਾ ਪੰਜਾਬ ਰੈਜੀਮੈਂਟ ਤਬਦੀਲ ਕਰ ਦਿਤਾ ਗਿਆ ਸੀ। ਭਾਰਤੀ ਬ੍ਰਿਟਿਸ਼ ਸਰਕਾਰ ਦੁਆਰਾ ਜਬਲਪੁਰ ਦੇ ਮੁੱਖ ਦਫ਼ਤਰ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਸੀ। ਚਮਾਰ ਰੈਜਮੈਂਟ ਜੋ ਕਿ ਪੈਸੀਫਿਕ ਯੁੱਧ ਵਿਚ ਜਪਾਨ ਦੇ ਮੋਰਚੇ ਵਿਚ ਸ਼ਾਮਲ ਸੀ ਅਤੇ ਉਸਨੂੰ ਕੋਹੀਮਾ ਦੀ ਲੜਾਈ ਦਾ ਸਨਮਾਨ ਦਿੱਤਾ ਗਿਆ ਸੀ। ਚਮਾਰ ਰੈਜੀਮੈਂਟ ਕੋਹਿਮਾ ਦੀ ਲੜਾਈ ਵਿਚ ਵਿਸ਼ੇਸ਼ ਭੂਮਿਕਾ। ਇਸ ਰੇ-ਜਿਮੈਂਟ ਨੂੰ 1946 ਵਿਚ ਖ਼ਤਮ ਕਰ ਦਿੱਤਾ ਗਿਆ ਸੀ। ਹਾਲ ਹੀ ਵਿੱਚ, ਕਈ ਸਿਆਸਤਦਾਨਾਂ ਨੇ ਮੰਗ ਕੀਤੀ ਹੈ ਕਿ ਚਮਾਰ ਰੈਜਮੈਂਟ ਨੂੰ ਮੁੜ ਸੁਰਜੀਤ ਕੀਤਾ ਜਾਵੇ। ਜਿਨ੍ਹਾਂ ਰੈਜਮੈਂਟ ਤੋਂ ਇਹ ਪ੍ਰਸਿੱਧ ਹੋ ਗਏ, ਉਨ੍ਹਾਂ ਵਿਚ ਜਨਰਲ ਜੋਗਿੰਦਰ ਸਿੰਘ ਅਤੇ ਫੀਲਡ ਮਾਰਸ਼ਲ ਅਯੂਬ ਖਾਨ ਸਨ। ਕੋਰ ਜੋ ਕਿ ਲੈਫਟੀਨੈਂਟ ਜਨਰਲ ਅਲੈਗਜੈਂਡਰ ਫਰੈਂਚ ਕ੍ਰਿਸਟੀਨ ਦੁਆਰਾ ਨਿਯੁਕਤ ਕੀਤਾ ਗਿਆ ਸੀ । ਚਾਮਾਰ ਰੈਜਮੈਂਟ ਨੇ ਵਧੀਆ ਮੁਕਾਬਲਾ ਕੀਤਾ ਅਤੇ ਕੋਹੀਮਾ ਦੀਆਂ ਲੜਾਈਆਂ ਅਤੇ ਅਰਾਕਨ ਮੁਹਿੰਮ ਵਿਚ ਜਪਾਨ ਦੀ ਹਾਰ ਦਾ ਹਿੱਸਾ ਸੀ। ਇਸ ਦੀ ਵਿਸ਼ੇਸ਼ ਭੂਮਿਕਾ ਲਈ ਪਹਿਲਾ ਚਾਮਾਰ ਰੈਜੀਮੈਂਟ ਨੂੰ 'ਬੈਟਲ ਆਨਰ ਆਫ ਕੋਹੀਮਾ' ਦਿੱਤਾ ਗਿਆ। ਚਮਾਰ ਰੈਜੀਮੈਂਟ 268 ਭਾਰਤੀ ਬ੍ਰਿਗੇਡ ਦਾ ਹਿੱਸਾ ਸੀ ਜਿਸ ਦਾ ਆਦੇਸ਼ ਬ੍ਰਿਗੇਡੀਅਰ ਡਾਇਰ ਨੇ ਕੀਤਾ ਸੀ ।

### ਭਾਰਤੀ ਸੈਨਾ ਦੇ ਚਾਮਰ ਰੈਜੀਮੈਂਟ: ਰਾਈਜਿੰਗ ਐਂਡ ਡਿਸਬੈਂਡਮੈਂਟ

ਬ੍ਰਿਟਿਸ਼ ਨੇ ਜਾਤੀ ਅਤੇ ਕਲਾਸ ਆਧਾਰਿਤ ਰੈਜਮੈਂਟਾਂ ਨੂੰ ਕਾਇਮ ਕੀਤਾ ਹੋਇਆ ਸੀ। ਇਸ ਦੀ ਉਧਾਰਨ ਵਜੋਂ ਭਾਰਤੀ ਫੌਜ ਵਿਚ ਸਿੱਖ ਰੈਜੀਮੈਂਟਾਂ, ਰਾਜਪੂਤ ਰੈਜਮੈਂਟਾਂ ਆਦਿ ਸਨ । ਇਹ ਇਨਸਾਨੀਅਤ ਬਰਾਬਰਤਾ ਅਤੇ ਜੰਗ ਦੇ ਸਿਧਾਂਤਾਂ ਦੇ ਵਿਰੁੱਧ ਹੈ, ਪਰ ਇਕ ਦੁਰਕਾਰੇ ਵਰਗ ਵਿਚ ਪ੍ਰਭਿਤਾ ਨੂੰ ਲੱਭ ਲੈਣ ਅਤੇ ਉਸ ਦਾ ਮੁੱਲ ਪਾਉਣ ਦੀ ਉਚੀ ਸੁੱਚੀ ਸੋਚ ਅਤੇ ਦਮ ਅੰਗਰੇਜ ਹੀ ਦਿਖਾ ਪਾਏ। ਅੰਗਰੇਜਾਂ ਦੇ ਤਜਰਬੇ ਅਨੁਸਾਰ ਅਤੇ ਲੜਾਈ ਦੇ ਹਾਲਾਤ ਵਿਚ ਇਹ ਜਾਤੀ ਆਧਾਰਿਤ ਰੈਜਮੈਂਟਾਂ ਬਹੁਤ ਸਫਲ ਹੋਈਆਂ ਸਨ। ਬਰਤਾਨੀਆਂ ਸਰਕਾਰ ਦੁਆਰਾ ਦੂਜੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਨੇ ਚਮਾਰ ਜਾਤੀ ਨੂੰ ਫ਼ੌਜ ਵਿਚ ਭਰਤੀ ਕਰਨ ਲਈ ਅਰੰਭ ਕੀਤਾ। ਇਹ ਭਾਵੇਂ ਨੀਵੀਂ ਜਾਤ ਸਨ ਪਰ ਚਮਾਰ ਰੈਜੀਮੈਂਟ ਨੂੰ ਚੰਗੇ ਲੜਾਕੇਅਤੇ ਇਮਾਨਦਾਰ ਸਮਝਿਆ ਜਾਂਦਾ ਸੀ।

### ਪਿਛੋਕੜ

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ੱਤਰ ਪਤੀ ਸਿਵਾ ਜੀ ਨੇ ਅੰਗਰੇਜਾਂ ਤੋਂ ਪਹਿਲਾਂ ਵੀ ਚਮਾਰ ਜਾਤੀ ਨੂੰ ਫੌਜ ਵਿਚ ਭਰਤੀ ਕੀਤਾ ਗਿਆ ਸੀ। ਜਿਸ ਦੇ ਇਤਿਹਾਸ ਵਿਚੋਂ ਸਬੂਤ ਮਿਲਦੇ ਹਨ । ਪਰ ਚਮਾਰ ਰੈਜੀਮੈਂਟ ਦੇ ਨਾਂ ਨਾਲ ਬ੍ਰਿਟਿਸ਼ਜ ਨੇ ਹੀ ਫੌਜ ਤਿਆਰ ਕੀਤੀ। ਭਾਰਤ ਵਿਚ ਬ੍ਰਿਟਿਸ਼ ਰਾਜ ਕਰੀਬ 200 ਸਾਲਾਂ ਤਕ ਚੱਲਦਾ ਰਿਹਾ। ਇਸ ਸਮੇਂ ਦੌਰਾਨ ਬ੍ਰਿਟਿਸ਼ ਨੇ ਮੌਜੂਦਾ ਭਾਰਤੀ ਫੌਜ ਦੀ ਨੀਂਹ ਰੱਖੀ। ਇਸ ਤੋਂ ਪਹਿਲਾਂ ਭਾਰਤ ਵਿਚ ਰਾਜਿਆਂ, ਰਜਵਾੜਿਆਂ ਅਤੇ ਨਵਾਬਾਂ ਦੀਆਂ ਆਪਣੇ ਆਪਣੇ ਪੀ ਰਾਜ ਦੀਆਂ ਫੌਜਾਂ ਹੁੰਦੀਆਂ ਸਨ। ਅੰਗਰੇਜ ਕੌਮ ਕਿਸੇ ਜਾਤੀਵਾਦੀ ਸਮਾਜ ਵਿਚ ਜਕੀਨ ਨਹੀ ਰਖਦੀ ਸੀ ਉਸ ਲਈ ਭਾਰਤ ਦੇ ਸਾਰੇ ਨਾਗਰਿਕ ਭਾਰਤੀ ਹੀ ਸਨ। ਦੂਜੇ ਵਿਸ਼ਵ ਯੁੱਧ ਦੌਰਾਨ ਬਰਤਾਨੀਆ ਨੇ ਦੋ ਰੈਜੀਮੈਂਟਾਂ ਨੂੰ ਇਕੱਠਾ ਕੀਤਾ ਅਤੇ ਚਮਾਰ ਰੈਜੀਮੈਂਟ ਬਣਾਈ ਜਿਸ ਵਿਚ ਚਮਾਰ ਜਾਤੀਆਂ ਸਮੇਤ ਹੋਰ ਅਨੁਸੂਚਿਤ ਜਾਤੀਆਂ ਦੇ ਲੋਕ ਸਾਮਿਲ ਕੀਤੇ। ਕਿਉਂਕਿ ਪਹਿਲਾਂ ਤੋ ਫੌਜ ਵਿਚ ਸੇਵਾ ਨਿਭਾ ਰਹੀ ਮਹਾਰ ਰੈਜੀਮੈਂਟ ਆਪਣੇ ਭਰਤੀ ਕੋਟੇ ਨੂੰ ਪੂਰਾ ਕਰਨ ਵਿਚ ਸਮਰੱਥ ਨਹੀ ਹੋ ਰਹੇ ਸਨ। ਇਸੇ ਕਾਰਨ ਉਸ ਸਮੇ ਮਹਾਰ

(ਬਾਕੀ ਅਗਲੇ ਸਫੇ ਤੇ)

# ਸਾਹਿਤਕ ਪੈੜਾਂ- ਨਵੇਂ ਸਾਲ ਦੀਆਂ ਕੁਝ ਰਚਨਾਵਾਂ

## ਔਖਾ ਏ ਮਨਉਣਾ ਯਾਰ ਨੂੰ

ਕਹਿਦੇ ਰੱਬ ਨੂੰ ਮੁਨਉਣਾ ਯਾਰੋ ਸੋਖਾ
ਔਖਾ ਏ ਮੁਨਉਣਾ ਯਾਰ ਨੂੰ ---

ਮੇਰਾ ਯਾਰ ਹੀ ਮੇਰੀ ਜਿੰਦ ਜਾਨ ਏ
ਇੱਕੋ ਇੱਕ ਮੇਰੇ ਉਹੀ ਪਹਿਚਾਣ ਏ
ਜਾਨ ਵਾਰ ਦੇਵਾ ਨਾ ਦੇਵਾ ਕਦੇ ਧੋਖਾ
ਔਖਾ ਏ ਮੁਨਉਣਾ ਯਾਰ ਨੂੰ ---

ਹੋਇਆ ਯਾਰ ਹੁਣ ਮੇਰੀ ਤਕਦੀਰ ਏ
ਦਿਲੋ ਕੱਢਾਂ ਨਾ ਮੈ ਉਹਦੀ ਤਸਵੀਰ ਵੇ
ਉਹਦੀ ਯਾਦ ਤੇ ਨਾ ਫੇਰਾ ਕਦੇ ਪੋਚਾ
ਔਖਾ ਏ ਮੁਨਉਣਾ ਯਾਰ ਨੂੰ ---

ਮੇਰੇ ਦਿਲ ਦੀਆਂ ਸਭੇ ਉਹ ਜਾਣਦਾ
ਖੌਰੇ ਕਿਹੜੀ ਗੱਲੋ ਹੁਣ ਨਹੀ ਪਛਾਣਦਾ
ਐਨਾ ਰੋਏ ਪੈਗਿਆ ਹੰਝੂਆ ਦਾ ਸੋਕਾ
ਔਖਾ ਏ ਮੁਨਉਣਾ ਯਾਰ ਨੂੰ ---

ਮੈਨੂੰ ਲੱਗੇ " ਢੇਸੀ " ਹੁਣ ਮਰ ਜਾਉ ਵੇ
ਤੈਨੂੰ ਅਗਲੇ ਜਨਮ ਹੀ ਥਿਆਉ ਵੇ
ਸਾਹ ਆਖਰੀ ਦਿੰਦੇ ਨੇ ਪਏ ਹੋਕਾ
ਔਖਾ ਏ ਮੁਨਉਣਾ ਯਾਰ ਨੂੰ ---

**–ਗੈਰੀ ਢੇਸੀ ਕਰਮਨ**

## ਪੰਛੀ ਦੀ ਅਰਜ਼



ਵੱਧ ਤੋਂ ਵੱਧ ਰੁੱਖ ਲਗਾਓ
ਕ੍ਰਿਪਾ ਕਰਕੇ ਸਾਨੂੰ ਬਚਾਓ

ਦਮ ਘੁੱਟਦਾ ਅਸਾਡਾ
ਨਾ ਪ੍ਰਦੂਸ਼ਣ ਹੋਰ ਫੈਲਾਓ

ਕੀਟ ਨਾਸ਼ਕ ਨਾ ਵਰਤੋ
ਸਾਡਾ ਵੀ ਖਾਣਾ ਬਚਾਓ

ਆਲ੍ਹਣੇ ਧਰਤੀ ਤੇ ਆ ਰਹੇ
ਸਾਡੇ ਵੀ ਬੱਚਿਆਂ ਨੂੰ ਬਚਾਓ

ਹੋ ਰਹੀਆਂ ਅਲੋਪ ਜਾਤੀਆਂ
ਕੁੱਝ ਤਾਂ ਸਾਡੇ ਤੇ ਰਹਿਮ ਕਮਾਓ
ਵੱਧ ਤੋਂ ਵੱਧ ਰੁੱਖ ਲਗਾਓ ....।

**– ਤਜ਼ਿੰਦਰ ਮਿੱਠੂ**

## ਈੜੀ ਈੜੀ ਮਹਾਨ

ਸਾਰੀ ਹੀ ਮਹਾਰਨੀ, ਭਾਸ਼ਾ ਲਈ ਬਰਦਾਨ ਹੈ।
ਕੱਲੇ ਕੱਲੇ ਅੱਖਰ ਦਾ, ਅਨੋਖਾ ਯੋਗਦਾਨ ਹੈ।

ਪਹਿਲੀ ਈੜੀ ਈਸ਼ਵਰ ਬਨਾਮ ਹਰਿਕ ਜ਼ਿੰਦਗੀ,
ਕੁਦਰਤ ਦੀ ਰੰਗਲੀ ਧਰਤੀ ਤੇ ਨੀਲਾ ਅਸਮਾਨ ਹੈ।

ਦੂਜੀ ਈੜੀ ਇਸਤਰੀ, ਮਾਂ ਜੋ ਮਨੁੱਖਤਾ ਦੀ,
ਹਰ ਇਕ ਇਨਸਾਨ, ਵੱਖ ਵੱਖ ਮਾਂ ਦਾ ਨਿਸ਼ਾਨ ਹੈ।

ਤੀਜੀ ਈੜੀ ਇਲਮ ਵੀ ਤਾਂ ਬਹੁਤ ਜ਼ਰੂਰੀ ਏ,
ਅੱਜ ਇਲਮ ਨਾਲ ਰੰਗ ਹੋਇਆ ਇਨਸਾਨ ਹੈ।

ਚੌਥੀ ਈੜੀ ਈਮਾਨ ਜੋ ਪਾਠ ਪੂਜਾ ਦੇ ਵਾਸਤੇ,
ਇਸ ਨਾਲ ਮਨੁੱਖ ਨੂੰ ਨਿੱਤ ਮਿਲਦਾ ਸਕੂਨ ਹੈ।

ਪੰਜਵੀਂ ਈੜੀ ਏਕਤਾ, ਪਿਆਰ ਵਧਾਉਂਦੀ ਏ,
ਪਿਆਰ ਦਾ ਵੀ ਜੱਗ 'ਤੇ ਵੱਖਰਾ ਭੁਗਤਾਨ ਹੈ।

ਛੇਵੀਂ ਈੜੀ ਇੱਕਵੀਂ ਸਦੀ, ਇਸ ਦੇ ਨਾਂ ਚਲਦੀ,
ਇਸ ਨੇ ਸਦੀ ਦਾ, 83 ਸਾਲ ਰਹਿਣਾ ਮਹਿਮਾਨ ਹੈ।

ਮਹਾਰਨੀ 'ਚ ਈੜੀ ਦਾ, ਚਾਹੇ ਤੀਜਾ ਸਥਾਨ 'ਕਮਲ'
ਹਰਿਕ ਜੀਵਨ 'ਚ ਈੜੀ ਦਾ ਫਲਸਫਾ ਮਹਾਨ ਹੈ।



**– ਕਮਲ ਬੰਗਾ**
**ਸੈਕਰਾਮੈਂਟੋ**
**916-897-8570**

## ਖੰਘ

ਉਂਝ ਖੰਘ ਦਾ ਵੈਸੇ ਦੁੱਖ ਕੋਈ ਨਾ ਜੇਕਰ ਅਸਲੀ ਆਵੇ
ਇਲਾਜ ਤਾਂ ਕਰਨਾ ਪੈਂਦਾ ਜਿਹੜਾ ਮੁੜ ਮੁੜ ਰੋਗ ਸਤਾਵੇ
ਦੁਖੀ ਹੋਏ ਨੂੰ ਸੱਪ ਕੱਢਣ ਲਈ ਬੀਨ ਵਜਾਉਣੀ ਪੈਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।

ਦਾਦੀ ਮਾਂ ਨੇ ਤੋਰ ਦਿੱਤੇ ਸੀ ਪੋਤੇ ਹਿੱਕ ਨਾ ਲਾ ਕੇ
ਜੋੜੀ ਤੁਰ ਗਈ ਲਾਲਾਂ ਦੀ ਦੱਸਿਆ ਫਿਰ ਗੁਰੂ ਨੂੰ ਜਾ ਕੇ
ਬੰਦੇ ਬਹਾਦਰ ਵਰਗਿਆਂ ਨੂੰ ਫਿਰ ਕੰਧ ਵਿਖਾਉਣੀ ਪੈਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।

ਭਾਗ, ਘੁੱਕਰ ਨੂੰ ਬੁਰੀ ਬਿਮਾਰੀ ਸਾਰਾ ਪਿੰਡ ਸੀ ਡਰਿਆ
ਨਾ ਸੰਗ ਸ਼ਰਮ ਦਾ ਘਾਟਾ ਦੱਸ ਫਿਰ ਵੀਰੋ ਕੀ ਕੁਝ ਕਰਿਆ
ਆਖਰ ਅੱਕੇ ਸਤੇ ਫਿਰ ਫੌਜੀ 'ਸੁੱਚੇ' ਨੂੰ ਚਿੱਠੀ ਪਾਉਣੀ ਪੈਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।

ਮੱਸੇ ਰੰਘੜ ਦੀ ਖੰਘ ਨੇ ਸਭ ਦੀ ਜਾਨ ਸੂਲੀ ਤੇ ਟੰਗੀ
ਦੋ ਸਿੰਘ ਸੂਰਮੇ ਪਹੁੰਚ ਗਏ ਨਾਂ ਕਦੇ ਦਵਾਈ ਮੰਗੀ
ਧਰਮ ਕੌਮ ਦੀ ਖਾਤਰ ਤੇ ਕਦੇ ਧੌਣ ਵੀ ਲਹੁਣੀ ਪੈਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।

ਐਡਵਾਇਰ ਨੂੰ ਲੱਗਿਆ ਰੋਗ ਬੁਰਾ ਕਹਿੰਦੇ ਡਾਕਟਰਾਂ ਬੜਾ ਵਿਖਾਇਆ
ਊਧਮ ਸਿੰਘ ਸਰਦਾਰ ਨੇ ਜਾ ਕੇ ਲੰਡਨ ਤੋਂ ਇਲਾਜ ਕਰਾਇਆ
ਕੀ ਸੀਸ ਤਲੀ ਤੇ ਧਰਕੇ ਤੇ ਕਦੇ ਮੌਤ ਵਿਆਉਣੀ ਪੈਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।

ਮਿਰਜ਼ਾ ਜੱਟ ਵੀ ਖੰਘ ਪਿਆ ਘਰ ਚੰਦੜਾਂ ਦੇ ਜਦੋਂ ਜਾ ਕੇ
ਪੱਟ ਦਿੱਤਾ ਘਰ-ਬਾਰ ਸਾਰਾ ਉਹਨਾਂ ਲੱਭ ਲਿਆ ਫਿਰ ਆ ਕੇ
ਦੱਸੇ 'ਦੇਵ ਘੋਲੀਏ' ਵਾਲੇ ਘੋੜੀ ਵੀ ਖਾਲੀ ਹਿਣਕਦੀ ਆਉਂਦੀ
ਕੋਈ ਖੰਘ ਬਨਾਉਟੀ ਖੰਘੇ ਤੇ ਫਿਰ ਖੰਡ ਹਟਾਉਣੀ ਪੈਂਦੀ।



**ਦੇਵ**
**ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਖੰਡ ਖੱਡ ਤੇ ਖਹਿਰਾ

ਪੰਜ ਸਾਲ ਹੁਣ ਗੱਦੀ ਇਹ 'ਆਪਣੀ' ਏ
ਸੁਪਨੇ ਲਿਆਂ 'ਤੇ ਪਾਣੀ ਫਿਰ ਜਾਂਵਦਾ ਈ।

ਖੰਡ ਵੇਚ ਕੇ ਹੋਏ ਅਮੀਰ ਬਣਿਆਂ
ਖੱਡ ਵਿਚ ਵੀ ਹੱਥ ਅਜਮਾਂਵਦਾ ਈ।

ਦਾਮਨ ਚੋਰ ਦਾ ਕਦੇ ਨਾ ਰਹੇ ਚਿੱਟਾ
ਭਾਵੇਂ 'ਚਿੱਟ-ਕਲੀਨ' ਲੈ ਆਂਵਦਾ ਈ।

ਚੋਰ-ਮੋਰੀਆਂ ਨੰਗੀਆਂ ਕਰੇ ਖਹਿਰਾ
ਆਪੋਜ਼ੀਸ਼ਨ ਦੇ ਫਰਜ਼ ਨਿਭਾਂਵਦਾ ਈ।

ਦਾਅ-ਪੇਚ ਸਿਆਸਤ ਦੇ ਪੈਣ ਝੂਠੇ
ਸੋਸ਼ਲ ਮੀਡੀਆ ਜੌਹਰ ਦਿਖਾਂਵਦਾ ਈ।

ਚਾਰਾ ਛਕਣ 'ਤੇ ਕਿਸੇ ਨੂੰ ਕੈਦ ਹੋਈ
ਰੇਤਾ ਕਿਸੇ ਤੋਂ ਗੱਦੀ ਛਡਾਂਵਦਾ ਈ।



**ਤਰਲੋਚਨ ਸਿੰਘ**
**ਦੁਪਾਲਪੁਰ**
**001-408-**
**915-1268**

## ਬਸੰਤ

**– ਇਕਾਂਤ ਸ਼੍ਰੀਵਾਸਤਵ**

ਆ ਰਿਹਾ ਬਸੰਤ
ਜਿਵੇਂ ਆ ਰਿਹਾ ਮਾਂ ਦੀਆਂ ਸੁੱਕੀਆਂ ਛਾਤੀਆਂ ਵਿੱਚੋਂ ਦੁੱਧ
ਮਾਘ ਦੀ ਉਦਾਸ ਦੁਪਹਿਰ ਵਿੱਚ
ਗੇਂਦੇ ਦੇ ਫੁੱਲ ਦੇ ਹਾਸੇ ਵਾਂਗ
ਬਸੰਤ ਆ ਰਿਹਾ
ਬਸੰਤ ਦਾ ਆਉਣਾ
ਤੇਰੀਆਂ ਅੱਖੀਆਂ ਵਿੱਚ
ਕਣਕ ਦੀਆਂ ਸੋਨ ਵਰਗੀਆਂ ਬੱਲੀਆਂ
ਦੀ ਚਮਕ ਦਾ ਚਾਰੇ ਪਾਸੇ ਖਿੰਡ ਜਾਣਾ ਹੈ
ਕਾਂਸ ਦੇ ਫੁੱਲਾਂ ਨਾਲ ਲੱਦੇ
ਸਾਡੇ ਸੁਪਨਿਆਂ ਦੇ ਜੰਗਲ ਵਿੱਚ
ਰੰਗੀਨ ਚਿੜੀਆਂ ਦਾ ਮੁੜ ਆਉਣਾ ਹੈ
ਬਸੰਤ ਦੀ ਆਮਦ
ਬਸੰਤ ਹੱਸੇਗਾ
ਪਿੰਡ ਦੀ ਖਪਰੈਲ 'ਤੇ
ਲੌਕੀ ਨਾਲ ਲੱਦੀਆਂ ਵੇਲਾਂ ਦੀ ਤਰ੍ਹਾਂ
ਗੋਹੇ ਨਾਲ ਲਿੱਪੇ ਹੋਏ
ਸਾਡੇ ਘਰਾਂ ਦੇ ਵਿਹੜੇ ਵਿੱਚ
ਮਿੱਟੀ ਦੀ ਖੁਸ਼ਬੋਈ
ਬਣ ਨੱਚੇਗਾ ਬਸੰਤ
ਬਸੰਤ ਮਤਲਬ ਵਰ੍ਹਿਆਂ ਮਗਰੋਂ ਮਿਲੇ
ਇੱਕ ਪਿਆਰੇ ਮਿੱਤਰ ਦੀ ਥਾਪੀ
ਸਾਡੀ ਪਿੱਠ 'ਤੇ
ਬਸੰਤ ਮਤਲਬ ਇੱਕ ਵੱਖਰਾ ਜਿਹਾ ਦਾਣਾ
ਹਰ ਪੰਛੀ ਦੀ ਚੁੰਝ ਵਿੱਚ,
ਉਹ ਇਸ ਦਾਣੇ ਨੂੰ ਲੈ ਜਾਣਗੇ
ਸਾਡੇ ਤੋਂ ਵੀ ਬਹੁਤ ਪਹਿਲਾਂ
ਦੁਨੀਆਂ ਦੀ ਦੂਜੀ ਨੁੱਕਰ ਤੀਕ।

# ਚਮਾਰ ਰੈਜੀਮੈਂਟ ਅਤੇ ਫੌਜ ਭਰਤੀ

**(ਸਫਾ 20 ਦੀ ਬਾਕੀ)**

ਰੈਜੀਮੈਂਟ ਨੂੰ ਫੌਜੀ ਸੇਵਾਵਾਂ ਤੋਂ ਬਰਖਾਸਤ ਕਰਨਾ ਪੈਣਾ ਸੀ। ਫੌਜੀ ਭਰਤੀ ਬ੍ਰਿਟਿਸ਼ ਨੇ ਇਕ ਨਿਰਪੱਖ ਸੋਚ ਅਧਾਰਤ ਭਰਤੀ ਯੋਜਨਾ ਨਿਰਧਾਰਤ ਕੀਤੀ ਸੀ। ਉਨ੍ਹਾਂ ਦੀ ਨੀਤੀ ਨੇ ਦੋ ਮੁੱਖ ਧਾਰਨਾਵਾਂ ਨੂੰ ਅਪਣਾ ਲਿਆ।

1. ਬ੍ਰਿਟਿਸ਼ ਨੇ ਭਾਰਤ ਵਿਚ ਆਪਣੇ ਤਜ਼ੁਰਬੇ ਦੇ ਸਦਕਾ ਹੀ ਮਾਰਸ਼ਲ ਅਤੇ ਗ਼ੈਰ-ਮਾਰਸ਼ਲ ਕੌਮਾਂ ਦੀ ਧਾਰਨਾ ਨੂੰ ਅੰਜ਼ਾਮ ਦਿੱਤਾ। ਉਹ ਸਿੱਖਾਂ, ਜਾਟ, ਰਾਜਪੂਤ, ਪੰਜਾਬੀ ਦੇ, ਗੁਰਖਾ, ਮਹਾਰ ਆਦਿ ਨੂੰ ਮਾਰਸ਼ਲ ਰੇਸ ਦੇ ਰੂਪ ਵਿਚ ਮੰਨਦੇ ਸਨ ਅਤੇ ਕੇਵਲ ਬ੍ਰਿਟਿਸ਼ ਭਾਰਤੀ ਫ਼ੌਜ ਲਈ ਉਨ੍ਹਾਂ ਤੋਂ ਭਰਤੀ ਕੀਤੇ ਗਏ ਸਨ।

2. ਬ੍ਰਿਟਿਸ਼ ਨੇ ਜਾਤ ਅਤੇ ਕਲਾਸ ਆਧਾਰਿਤ ਰੈਜਮੈਂਟਾਂ ਨੂੰ ਕਾਇਮ ਰੱਖਿਆ । ਇਸ ਤਰ੍ਹਾਂ ਭਾਰਤੀ ਫੌਜ ਵਿਚ ਸਿੱਖ ਰੈਜੀਮੈਂਟਾਂ, ਰਾਜਪੂਤ ਰੈਜਮੈਂਟਾਂ ਆਦਿ ਸਨ। ਇਹ ਜੰਗ ਦੇ ਸਿਧਾਂਤਾਂ ਅਤੇ ਅਸੂਲਾਂ ਦੇ ਵਿਰੁੱਧ ਲੜਿਆ, ਪਰ ਅਸਲ ਲੜਾਈ ਦੇ ਹਾਲਾਤ ਵਿਚ ਇਹ ਜਾਤੀ ਆਧਾਰਿਤ ਰੈਜਮੈਂਟਾਂ ਬਹੁਤ ਸਫਲ ਸਨ । ਕਈ ਰੈਜੀਮੈਂਟਾਂ ਨੇ ਆਪਣੇ ਆਪ ਨੂੰ ਮਹਿਮਾ ਦਿੱਤੀ ।

### ਦੂਜਾ ਵਿਸ਼ਵ ਯੁੱਧ

ਬ੍ਰਿਟਿਸ਼ ਭਾਰਤੀ ਫੌਜ ਦੇ ਬਲ ਦੇ ਪੱਧਰ ਤੋਂ ਖੁਸ਼ ਸਨ ਜਿਹੜੇ 450,000 ਦੇ ਕਰੀਬ ਸੀ. ਇਹ ਫ਼ੌਜ ਬ੍ਰਿਟਿਸ਼ ਦੇ ਕੰਮ ਦੀ ਸੇਵਾ ਕਰਦੀ ਰਹੀ ਅਤੇ ਅੰਗਰੇਜ਼ਾਂ ਲਈ ਚੀਨ ਤੋਂ ਤਿੱਬਤ ਤੱਕ ਵਿਦੇਸ਼ੀ ਜੰਗਾਂ ਦੀ ਲੜਾਈ ਕਰਨ ਵਿਚ ਵੀ ਮਦਦ ਕੀਤੀ. ਫੌਜ ਨੇ ਭਾਰਤ ਵਿਚ ਕਾਨੂੰਨ ਵਿਵਸਥਾ ਕਾਇਮ ਰੱਖਣ ਵਿਚ ਵੀ ਮਦਦ ਕੀਤੀ।

ਹਿਟਲਰ ਦੇ ਆਗਮਨ ਅਤੇ ਉਸ ਨੇ ਜਪਾਨ ਦੇ ਨਾਲ ਦੂਜੀ ਵਿਸ਼ਵ ਯੁੱਧ ਸ਼ੁਰੂ ਕੀਤਾ ਕਿਉਂਕਿ ਉਸ ਦੇ ਸਹਿਯੋਗੀ ਨੇ ਬ੍ਰਿਟਿਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ. ਜਿਵੇਂ ਕਿ ਜਪਾਨੀਆਂ ਨੇ 1942-43 ਵਿਚ ਐਸਈ ਏਸ਼ੀਆ ਨੂੰ ਭੰਗ ਕੀਤਾ ਸੀ ਬ੍ਰਿਟਿਸ਼ ਭਾਰਤੀ ਸੈਨਾ ਦੀ ਅਸਪਸ਼ਟਤਾ ਦਾ ਖੁਲਾਸਾ ਹੋਇਆ ਸੀ। ਵਿੰਸਟਨ ਚਰਚਿਲ ਦੀ ਅਗਵਾਈ ਵਾਲੀ ਲੰਡਨ ਦੀ ਸਾਮਰਾਜੀ ਸਰਕਾਰ ਦੁਆਰਾ ਇੱਕ ਫੈਸਲੇ ਨੂੰ ਭਾਰਤੀ ਫੌਜ ਦੇ ਬਲ ਦਾ ਪੱਧਰ ਵਧਾਉਣ ਲਈ ਲਿਆ ਗਿਆ ਸੀ. ਇਸਦੀ ਯੋਜਨਾ ਸੀ ਕਿ ਆਪਣੀ ਤਾਕਤ 25 ਲੱਖ ਤੱਕ ਵਧਾਏ.

### ਚਮਾਰ ਰੈਜੀਮੈਂਟ ਦੀ ਰਾਈਜ਼ਿੰਗ

ਬ੍ਰਿਟਿਸ਼ ਭਾਰਤੀ ਫ਼ੌਜ ਦੁਆਰਾ ਨਿਯੁਕਤ ਕੀਤੀ ਗਈ ਇਕ ਕਮੇਟੀ ਨੇ ਭਾਰਤੀ ਫ਼ੌਜ ਵਿਚ ਚਮਾਰ ਜਾਤੀਆਂ ਨੂੰ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਸੀ । ਚਮਾਰ ਨੀਵੀਂ ਜਾਤ ਹਿੰਦੂਵਾਦੀ ਚਾਰੇ ਵਰਣਾਂ ਤੋਂ ਬਾਹਰ ਸਮਾਜ ਵਿਚੋਂ ਜਾਤੀ ਸੀ ਅਤੇ ਜਿਆਦਾਤਰ ਚਮੜੇ ਦਾ ਕੰਮ ਕਾਰ ਕਰਦੇ ਹਨ । ਪਰ ਉਨ੍ਹਾਂ ਦਾ ਮੱਧ ਭਾਰਤ ਵਿਚ ਬਹਾਦਰ ਸਿਪਾਹੀਆਂ ਦੇ ਤੌਰ ਤੇ ਰਜਵਾੜਿਆਂ ਅਤੇ ਜੱਟਾਂ ਦੀਆਂ ਨਾਇਨਸਾਫੀਆਂ ਵਿਰੁੱਧ ਲੜਨ ਅਤੇ ਟੱਕਰ ਦੇਣ ਦਾ ਇਤਿਹਾਸ ਸੀ।

ਇਸੇ ਸੰਦਰਵ ਵਿਚ ਚਮਾਰਜਾਤੀ ਦੀ ਵਿਸ਼ੇਸਰੈਜੀਮੈਂਟਬਨਾਉਣ ਦਾ ਇੱਕ ਫੈਸਲਾ ਲਿਆ ਗਿਆ। ਹਾਲਾਂਕਿ ਬ੍ਰਿਟਿਸ਼ ਨੇ ਫੌਜ ਦੀ ਜਾਤ ਦਾ ਚਰਿੱਤਰ ਬਰਕਰਾਰ ਰੱਖਿਆ ਅਤੇ ਭਰਤੀ ਕਰਦੇ ਸਮੇਂ ਮਾਰਸ਼ਲ ਰੀਤਾਂ ਨੂੰ ਵੀ ਮਨ ਵਿਚ ਰੱਖਿਆ। ਚਮਾਰ ਰੈਜਮੈਂਟ ਦੇ ਬਹਾਦਰ ਫੌਜੀਆਂ ਨੇ 1946 ਵਿਚ ਸਿੰਗੂਰ ਦੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਵੀ ਕੰਮ ਕੀਤਾ ਪਰ ਭਾਰਤੀ ਫ਼ੌਜ ਦੇ ਵਿਚ ਇੰਡੀਅਨ ਨੈਸ਼ਨਲ ਆਰਮੀ ਦੀ ਭਰਤੀ ਹੋਣ ਤੋਂ ਬਾਅਦ ਦੋ ਸਾਲਾਂ ਵਿਚ ਇਸ ਨੂੰ ਖ਼ਤਮ ਕਰ ਦਿੱਤਾ ਗਿਆ ।

ਸਾਨੂੰ ਸਾਰਿਆਂ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਰੈਜਮੈਂਟ ਮੁੜ ਬਣਾਇਆ ਜਾ ਸਕਦਾ ਹੈ. ਜਾਤੀ ਦੇ ਆਧਾਰ 'ਤੇ ਬਹੁਤ ਜ਼ਿਆਦਾ ਰੈਜਮੈਂਟਾਂ ਦੇ ਨਾਲ, ਚਾਮਾਰ ਰੈਜੀਮੈਂਟ ਨੂੰ ਮੁੜ ਸ਼ਾਮਿਲ ਕਰਨ ਦਾ ਇਹ ਚੰਗਾ ਸੰਕੇਤ ਹੋਵੇਗਾ. ਇਸ ਨਾਲ ਭਾਰਤੀ ਫੌਜ ਨੂੰ ਵਧੇਰੇ ਵਿਆਪਕ ਆਧਾਰ ਮਿਲੇਗਾ. ਜਿਵੇਂ ਕਿ ਬ੍ਰਿਟਿਸ਼ ਨੇ ਚਰਮ ਰੈਜਮੈਂਟ ਦਾ ਗਠਨ ਕੀਤਾ ਸੀ, ਇਹ ਕੇਵਲ ਬ੍ਰਿਟਿਸ਼ ਦੀਆਂ ਚੀਜ਼ਾਂ ਨੂੰ ਲੈ ਕੇ ਹੀ ਸੀ ਅਤੇ ਅਸੀਂ ਇਸਨੂੰ ਸਵੀਕਾਰ ਕਰਦੇ ਹਾਂ. ਇਸ ਕਰਕੇ ਚਾਮਾਰ ਰੈਜੀਮੈਂਟ ਨੂੰ ਮੁੜ ਸੁਰਜੀਤ ਕਰਨ ਦਾ ਇਕ ਕੇਸ ਜ਼ਰੂਰ ਹੈ ।

### ਡਿਸਚਾਰਜ ਜੇ ਚਮਾਰ ਰੈਜੀਮੈਂਟ

1945 ਵਿਚ ਦੂਜਾ ਵਿਸ਼ਵ ਯੁੱਧ ਜਪਾਨ ਦੇ ਪ੍ਰਮਾਣੂ ਬੰਬਾਂ ਨੂੰ ਛੱਡਣ ਤੋਂ ਬਾਅਦ ਖ਼ਤਮ ਹੋਇਆ । ਅਚਨਚੇਤ 2.5 ਮਿਲੀਅਨ ਦੀ ਇੱਕ ਫੋਰਸ ਲਗਜ਼ਰੀ ਬਣ ਗਈ ਅਤੇ ਇੱਕ ਖਰਾਬ ਈਂਧਨ ਇੰਨੀ ਵੱਡੀ ਫੌਜ ਨੂੰ ਬਿਮਾਰ ਕਰ ਸਕਦਾ ਸੀ. ਇਹ ਫੈਸਲਾ ਲਿਆ ਗਿਆ ਸੀ ਕਿ ਭਾਰਤੀ ਫੌਜ ਨੂੰ ਪ੍ਰੀ-ਫੌਰ ਬਲ ਦੇ ਪੱਧਰ ਤੇ ਪੁਨਰ ਸਥਾਪਿਤ ਕਰਨ ਲਈ ਮਾਸਿਕ ਪੱਧਰ 'ਤੇ ਆਵਾਜਾਈ ਦਾ ਆਦੇਸ਼ ਦਿੱਤਾ ਗਿਆ ਸੀ ਅਤੇ ਨਵੇਂ ਬਣੇ ਰੈਜਮੈਂਟਾਂ ਨੇ ਪਹਿਲੀ ਕੁਰਸੀ ਦਾ ਸਾਹਮਣਾ ਕੀਤਾ ਸੀ। ਬਰਤਾਨੀਆ ਨੇ ਪੁਰਾਣੇ ਸਿੱਖ, ਗੋਰਖਾ ਅਤੇ ਜਾਟ ਰੈਜਮੈਂਟਾਂ ਨੂੰ ਬਰਕਰਾਰ ਰੱਖਿਆ ਅਤੇ ਬਾਕੀ ਸਾਰੇ ਖਤਮਹੋ ਗਏ. ਤਕਰੀਬਨ 2 ਮਿਲੀਅਨ ਸਿਪਾਹੀ ਘਰ ਭੇਜੇ ਗਏ ਸਨ. ਚਾਮਾਰ ਰੈਜੀਮੈਂਟ ਨੂੰ 1945 ਦੇ ਅੰਤ ਵਿਚ ਵੀ ਖ਼ਤਮ ਕਰ ਦਿੱਤਾ ਗਿਆ ਸੀ ਅਤੇ ਇਹ ਇਤਿਹਾਸ ਦੀਆਂ ਕਿਤਾਬਾਂ ਨੂੰ ਛੱਡ ਕੇ ਬਾਕੀ ਰਹਿ ਗਿਆ ਸੀ ।

ਐਸ ਸੀ ਕਮਿਸ਼ਨਰ ਨੇ ਪਾਰੀਕਰ ਨੂੰ ਲਿਖਿਆ ਹੈ, ਭਾਰਤੀ ਸੈਨਾ ਵਿਚ ਚਾਮਾਰ ਰੈਜੀਮੈਂਟ ਦੀ ਪੁਨਰ ਸੁਰਜੀਤੀ ਦੀ ਮੰਗ ਕਰਦਾ ਹੈ।

ਨੈਸ਼ਨਲ ਕਮਿਸ਼ਨ ਆਫ ਅਨੁਸੂਚਿਤ ਜਾਤੀ (ਐਨ ਸੀ ਐਸ ਸੀ) ਨੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਭਾਰਤੀ ਫੌਜ ਵਿੱਚ ਚਾਮਾਰ ਰੈਜੀਮੈਂਟ ਦੀ ਪੁਨਰ ਸੁਰਜੀਤੀ "ਐਨ ਸੀ ਐਸ ਸੀ" ਨੇ ਕਿਹਾ ਸੀ ਕਿ ਰੈਜਮੈਂਟ ਦਾ ਹਿੱਸਾ ਸੀ, ਜੋ ਹਰਿਆਣੇ ਦੇ ਤਿੰਨ ਨਿਸ਼ਾਨੇਬਾਜ਼ਾਂ ਨੇ ਕਮਿਸ਼ਨ ਤੋਂ ਪਹਿਲਾਂ ਦਿਖਾਇਆ ਅਤੇ ਇਸਦੇ ਮੁੜ ਸੁਰਜੀਤ ਕਰਨ ਦੀ ਬੇਨਤੀ ਕੀਤੀ।"

ਚਿੱਠੀ ਵਿਚ ਕਿਹਾ ਗਿਆ ਹੈ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਚਾਮਰ ਰੈਜੀਮੈਂਟ ਨੂੰ ਭੰਗ ਕਰ ਦਿੱਤੇ ਜਾਣ ਸਮੇਂ ਜਾਤ/ ਧਰਮ ਦੇ ਆਧਾਰ 'ਤੇ ਬਣੀਆਂ ਸਾਰੀਆਂ ਰੈਜਮੈਂਟਾਂ ਜਿਵੇਂ ਸਿਖ ਰੈਜਮੈਂਟ, ਜਾਟ ਰੈਜੀਮੈਂਟ, ਡੋਗਰਾ ਰੈਜੀਮੈਂਟ ਆਦਿ ਦੇ ਆਧਾਰ' ਤੇ ਲਿਖਿਆ ਗਿਆ ਸੀ।

ਹਰਿਆਣਾ ਮਹੇਂਦਰਗੜ੍ਹ ਤੋਂ ਚੁੰਨੀ ਲਾਲ, ਭਿਵਾਨੀ ਦੇ ਜੋਗੀ ਰਾਮ ਅਤੇ ਸੋਨੀਪਤ ਦੇ ਧਰਮ ਸਿੰਘ ਤੋਂ ਹਨ- ਸਾਰੇ 95 ਸਾਲਾਂ ਦੇ ਹੋ ਚੁਕੇ ਹਨ ਉਹਨਾਂ 1943 ਤੋਂ 1946 ਤੱਕ ਚਾਮਾਰ ਰੈਜੀਮੈਂਟ ਵਿੱਚ ਸੇਵਾ ਨਿਭਾਈ ਕਮਿਸ਼ਨ ਨੇ ਰੱਖਿਆ ਮੰਤਰਾਲੇ ਨੂੰ ਲਿਖੇ ਆਪਣੇ ਪੱਤਰ ਵਿਚ ਇਹ ਕਾਰਨ ਮੰਗੇ ਸਨ ਕਿ ਜਦੋਂ ਜਾਤੀ ਦੇ ਆਧਾਰ 'ਤੇ ਰੈਜੀਮੈਂਟਾਂ ਬਣੀਆਂ ਤਾਂ ਚਮਾਰ ਰੈਜਮੈਂਟ ਨੂੰ ਬਹਾਲ ਕਰਨਾ ਚਾਹੀਦਾ।

ਕਮਿਸ਼ਨ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਫ਼ੌਜ ਵਿਚ ਅਨੁਸੂਚਿਤ ਜਾਤੀਆਂ ਲਈ ਕੋਈ ਰਿਜ਼ਰਵੇਸ਼ਨ ਨਹੀਂ, ਜਿਸ ਕਾਰਨ ਦਲਿਤ ਮੁੰਡਿਆਂ ਨੂੰ ਕਮਿਸ਼ਨ ਨਹੀਂ ਮਿਲ ਰਹੇ ।

ਚਮਾਰ ਰੈਜੀਮੈਂਟ ਮੁੜ ਬਹਾਲ ਹੋਣ 'ਤੇ ਦਲਿਤ ਮੁੰਡੇ ਵੀ ਦੇਸ਼ ਦੀ ਸੇਵਾ ਕਰਨ ਦੇ ਯੋਗ ਹੋਣਗੇ। ਕਮਿਸ਼ਨ ਨੇ 15 ਦਿਨਾਂ ਦੇ ਅੰਦਰ ਰੱਖਿਆ ਮੰਤਰਾਲੇ ਤੋਂ ਜਵਾਬ ਮੰਗਿਆ ਹੈ ਕਿ ਉਹ ਸਾਰੇ ਤੱਥਾਂ ਦੀ ਜਾਂਚ ਕਰਨ "ਸਮਾਜ ਦੇ ਵਿਰਵਿਤ ਮੈਂਬਰ ਨਾਲ ਸਬੰਧਤ ਮਾਮਲਾ".

ਐਸਸੀ ਕਮਿਸ਼ਨਰ ਨੇ ਰੱਖਿਆ ਸਕੱਤਰ ਨੂੰ ਕਿਹਾ ਕਿ'ਚਮਾਰ ਰੇਜਿਮੈਂਟ' ਨੂੰ ਬਹਾਲ ਕਰਨਾ ਚਾਹੀਦਾ ਹੈ ।ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ (ਜੇਐਨਯੂ) ਆਧੁਨਿਕ ਇਤਿਹਾਸ ਵਿਭਾਗ ਨੇ ਬ੍ਰਿਟਿਸ਼ ਫੌਜ ਦੇ ਢਾਂਚੇ ਵਿਚ ਚਾਮਾਰ ਰੈਜਮੈਂਟ ਦੀ ਭੂਮਿਕਾ 'ਤੇ ਇਕ ਖੋਜ ਪ੍ਰੋਗਰਾਮ ਵੀ ਅਰੰਭ ਕੀਤਾ ਹੈ।

# ਕੌਮਾਂਤਰੀ ਪੱਧਰ ਉੱਤੇ ਖੇਡ ਸਰਗਰਮੀਆਂ ਨਾਲ ਭਰਪੂਰ ਰਹੇਗਾ ਸਾਲ 2018

ਨਵਦੀਪ ਸਿੰਘ ਗਿੱਲ

ਨਵਾਂ ਵਰ੍ਹਾ 2018 ਕੌਮਾਂਤਰੀ ਪੱਧਰ ਉੱਤੇ ਖੇਡ ਸਰਗਰਮੀਆਂ ਨਾਲ ਭਰਿਆ ਰਹੇਗਾ। ਚਾਰ ਵਰ੍ਹਿਆਂ ਬਾਅਦ ਆਉਣ ਵਾਲੇ ਇਸ ਜਿਸਤ ਵਰ੍ਹੇ ਵਿੱਚ ਸਭ ਤੋਂ ਵੱਡੇ ਤੇ ਅਹਿਮ ਕੌਮਾਂਤਰੀ ਖੇਡ ਮੁਕਾਬਲੇ ਹੁੰਦੇ ਹਨ। ਉਂਝ ਵੀ ਜਿਸਤ ਵਰ੍ਹੇ ਨੂੰ ਖੇਡਾਂ ਲਈ ਜਾਣਿਆਂ ਜਾਂਦਾ ਹੈ। ਇੱਕ ਵਾਰ ਆਉਣ ਵਾਲੇ ਜਿਸਤ ਵਰ੍ਹੇ (ਲੀਪ ਵਾਲਾ ਸਾਲ) ਵਿੱਚ ਜਿੱਥੇ ਓਲੰਪਿਕ ਖੇਡਾਂ ਕਰਵਾਈਆਂ ਜਾਂਦੀਆਂ ਹਨ ਉਥੇ ਦੂਜੇ ਜਿਸਤ ਵਰ੍ਹੇ (ਜਿਹੜਾ 2018 ਵਿੱਚ ਆਇਆ ਹੈ) ਵਿੱਚ ਵਿਸ਼ਵ ਦੀ ਸਭ ਤੋਂ ਮਕਬੂਲ ਅਤੇ ਵੱਧ ਮੁਲਕਾਂ ਵਿੱਚ ਖੇਡੀ ਜਾਂਦੀ ਖੇਡ ਫੁਟਬਾਲ ਅਤੇ ਹਾਕੀ ਦਾ ਵਿਸ਼ਵ ਕੱਪ ਅਤੇ ਰਾਸ਼ਟਰਮੰਡਲ ਤੇ ਏਸ਼ਿਆਈ ਖੇਡਾਂ ਹੋਣਗੀਆਂ। ਸਾਲ 2018 ਵਿੱਚ ਇਨ੍ਹਾਂ ਚਾਰ ਵੱਡੇ ਕੌਮਾਂਤਰੀ ਖੇਡ ਮੁਕਾਬਲਿਆਂ ਤੋਂ ਇਲਾਵਾ ਸਰਦ ਰੁੱਤ ਦੀਆਂ ਓਲੰਪਿਕ ਖੇਡਾਂ, ਅੰਡਰ-19 ਕ੍ਰਿਕਟ ਵਿਸ਼ਵ ਕੱਪ ਅਤੇ ਬੈਡਮਿੰਟਨ ਦਾ ਦੋ ਵਰ੍ਹਿਆਂ ਬਾਅਦ ਆਉਣ ਵਾਲਾ ਥਾਮਸ ਤੇ ਉਬੇਰ ਕੱਪ ਵੀ ਇਸ ਸਾਲ ਹੀ ਹੋਵੇਗਾ। ਖੇਡ ਪ੍ਰੇਮੀਆਂ ਨੂੰ ਸਾਰਾ ਸਾਲ ਵੱਡੇ ਪੱਧਰ ਦੇ ਕੌਮਾਂਤਰੀ ਖੇਡ ਮੁਕਾਬਲੇ ਦੇਖਣ ਨੂੰ ਮਿਲਦੇ ਰਹਿਣਗੇ।

ਫੀਫਾ ਵਿਸ਼ਵ ਕੱਪ: ਚਾਰ ਵਰ੍ਹਿਆਂ ਬਾਅਦ ਖੇਡਿਆ ਜਾਣ ਵਾਲਾ ਫੀਫਾ ਵਿਸ਼ਵ ਕੱਪ ਫੁਟਬਾਲ ਦਾ ਮਹਾਂਕੁੰਭ ਹੁੰਦਾ ਹੈ ਜਿਸ ਨੂੰ ਦੇਖਣ ਲਈ ਖੇਡ ਪ੍ਰੇਮੀ ਚਾਰ ਸਾਲ ਉਡੀਕ ਕਰਦੇ ਹਨ। ਓਲੰਪਿਕ ਖੇਡਾਂ ਤੋਂ ਬਾਅਦ ਸਭ ਤੋਂ ਵੱਧ ਮਕਬੂਲ ਇਸ ਟੂਰਨਾਮੈਂਟ ਦੀ ਖਾਸੀਅਤ ਹੈ ਕਿ ਇਸ ਨੂੰ ਦੁਨੀਆਂ ਦੇ ਹਰ ਮੁਲਕ ਵਿੱਚ ਉਤਸ਼ਾਹ ਪੂਰਵਕ ਦੇਖਿਆ ਜਾਂਦਾ ਹੈ। ਕਿਸੇ ਇਕ ਖੇਡ ਦੇ ਆਲਮੀ ਕੱਪ ਦੀ ਗੱਲ ਕਰੀਏ ਤਾਂ ਫੀਫਾ ਵਿਸ਼ਵ ਕੱਪ ਦੇ ਨੇੜੇ ਹੋਰ ਕਿਸੇ ਵੀ ਖੇਡ ਦਾ ਟੂਰਨਾਮੈਂਟ ਨਹੀਂ ਢੁੱਕਦਾ। ਫੁਟਬਾਲ ਦਾ ਵਿਸ਼ਵ ਕੱਪ ਇਸ ਵਾਰ ਪਹਿਲੀ ਵਾਰ ਰੂਸ ਵਿਖੇ ਹੋ ਰਿਹਾ ਹੈ। 14 ਜੂਨ ਤੋਂ 15 ਜੁਲਾਈ ਤੱਕ ਖੇਡੇ ਜਾਣ ਵਾਲੇ 21ਵੇਂ ਫੀਫਾ ਵਿਸ਼ਵ ਕੱਪ ਵਿੱਚ 32 ਮੁਲਕਾਂ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਵਿਸ਼ਵ ਕੱਪ ਵਿੱਚ ਪੰਜ ਵਾਰ ਦੇ ਵਿਸ਼ਵ ਚੈਂਪੀਅਨ ਬਰਾਜ਼ੀਲ ਅਤੇ ਮੌਜੂਦਾ ਚੈਂਪੀਅਨ ਜਰਮਨੀ ਸਮੇਤ 20 ਟੀਮਾਂ ਨੇ ਮੁੜ ਕੁਆਲੀਫਾਈ ਕੀਤਾ ਹੈ ਜਿਨ੍ਹਾਂ ਨੇ 2014 ਦਾ ਵਿਸ਼ਵ ਕੱਪ ਖੇਡਿਆ ਸੀ। 4 ਵਾਰ ਦਾ ਵਿਸ਼ਵ ਚੈਂਪੀਅਨ ਇਟਲੀ ਪਹਿਲੀ ਵਾਰ ਵਿਸ਼ਵ ਕੱਪ ਤੋਂ ਬਾਹਰ ਹੈ। ਇਸ ਤੋਂ ਇਲਾਵਾ ਹਾਲੈਂਡ, ਅਮਰੀਕਾ ਤੇ ਚਿੱਲੀ ਦੀਆਂ ਟੀਮਾਂ ਵੀ ਇਸ ਵਾਰ ਵਿਸ਼ਵ ਕੱਪ ਲਈ ਕੁਆਲੀਫਾਈ ਨਹੀਂ ਹੋ ਸਕੀਆਂ। ਆਈਸਲੈਂਡ ਤੇ ਪਨਾਮਾ ਦੀਆਂ ਟੀਮਾਂ ਨੇ ਪਹਿਲੀ ਵਾਰ ਵਿਸ਼ਵ ਕੱਪ ਵਿੱਚ ਖੇਡਣਾ ਹੈ। ਪੇਰੂ ਦੀ ਟੀਮ 36 ਵਰ੍ਹਿਆਂ ਬਾਅਦ ਵਿਸ਼ਵ ਕੱਪ ਦਾ ਹਿੱਸਾ ਬਣੀ ਹੈ। 32 ਟੀਮਾਂ ਨੂੰ ਅੱਠ ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਬੀ ਨੂੰ ਗਰੁੱਪ ਆਫ ਡੈਥ ਵੀ ਕਿਹਾ ਜਾ ਰਿਹਾ ਹੈ ਜਿਸ ਵਿੱਚ ਪੁਰਤਗਾਲ ਤੇ ਸਪੇਨ ਦੀਆਂ ਦੋਵੇਂ ਟੀਮਾਂ ਸ਼ਾਮਲ ਹਨ। ਮੌਜੂਦਾ ਚੈਂਪੀਅਨ ਤੇ ਚਾਰ ਵਾਰ ਦੇ ਵਿਸ਼ਵ ਚੈਂਪੀਅਨ ਜਰਮਨੀ, ਬਰਾਜੀਲ, ਪੁਰਤਗਾਲ, ਅਰਜਨਟਾਈਨਾ, ਬੈਲਜੀਅਮ ਤੇ ਸਪੇਨ ਦੀਆਂ ਟੀਮਾਂ ਨੂੰ ਵੱਡਾ ਦਾਅਵੇਦਾਰ ਮੰਨਿਆ ਜਾ ਰਿਹਾ ਹੈ।



ਹਾਕੀ ਵਿਸ਼ਵ ਕੱਪ: 14ਵਾਂ ਹਾਕੀ ਵਿਸ਼ਵ ਕੱਪ ਇਸ ਸਾਲ 28 ਨਵੰਬਰ ਤੋਂ 16 ਦਸੰਬਰ ਤੱਕ ਭਾਰਤ ਦੇ ਉੜੀਸਾ ਸੂਬੇ ਦੀ ਰਾਜਧਾਨੀ ਭੁਵਨੇਸ਼ਵਰ ਵਿਖੇ ਖੇਡਿਆ ਜਾਣਿਆ ਹੈ। ਭਾਰਤ ਤੀਜੀ ਵਾਰ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰ ਕੇ ਸਭ ਤੋਂ ਵੱਧ ਵਾਰ ਮੇਜ਼ਬਾਨੀ ਕਰਨ ਵਾਲੇ ਹਾਲੈਂਡ ਦੀ ਬਰਾਬਰੀ ਕਰੇਗਾ। ਭਾਰਤ ਇਸ ਤੋਂ ਪਹਿਲਾਂ 1982 ਵਿੱਚ ਬੰਬਈ ਅਤੇ 2010 ਵਿੱਚ ਨਵੀਂ ਦਿੱਲੀ ਵਿਖੇ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰ ਚੁੱਕਾ ਹੈ। ਇਸ ਵਾਰ 16 ਟੀਮਾਂ ਵਿਸ਼ਵ ਕੱਪ ਦਾ ਹਿੱਸਾ ਹਨ ਜਿਨ੍ਹਾਂ ਵਿੱਚੋਂ ਚੀਨ ਪਹਿਲੀ ਵਾਰ ਵਿਸ਼ਵ ਕੱਪ ਖੇਡੇਗਾ। ਭਾਰਤੀ ਟੀਮ ਨੇ ਵਿਸ਼ਵ ਕੱਪ ਦਾ ਸੈਮੀ ਫਾਈਨਲ ਆਖਰੀ ਵਾਰ 1975 ਵਿੱਚ ਖੇਡਿਆ ਸੀ ਜਦੋਂ ਉਹ ਚੈਂਪੀਅਨ ਬਣੀ ਸੀ। 43 ਵਰ੍ਹਿਆਂ ਤੋਂ ਭਾਰਤ ਨੂੰ ਸੈਮੀ ਫਾਈਨਲ ਵਿੱਚ ਦਾਖਲੇ ਦੀ ਉਡੀਕ ਹੈ ਅਤੇ ਇਸ ਵਾਰ ਹਾਕੀ ਪ੍ਰੇਮੀਆਂ ਨੂੰ ਵੱਡੀਆਂ ਆਸਾਂ ਹਨ। ਆਸਟਰੇਲੀਆ, ਅਰਜਨਟਾਈਨਾ, ਹਾਲੈਂਡ, ਬੈਲਜੀਅਮ ਤੇ ਜਰਮਨੀ ਟੀਮ ਦੀ ਰੈਂਕਿੰਗ ਭਾਰਤ ਤੋਂ ਉਪਰ ਹੈ। ਹਾਕੀ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਾਕਿਸਤਾਨ ਸਭ ਤੋਂ ਵੱਧ ਪੰਜ ਵਾਰ ਚੈਂਪੀਅਨ ਬਣਿਆ ਹੈ ਜਦੋਂ ਕਿ ਆਸਟਰੇਲੀਆ 3 ਵਾਰ ਅਤੇ ਜਰਮਨੀ ਤੇ ਹਾਲੈਂਡ 2-2 ਵਾਰ ਚੈਂਪੀਅਨ ਬਣੇ ਹਨ।

ਰਾਸ਼ਟਰਮੰਡਲ ਖੇਡਾਂ: ਰਾਸ਼ਟਰਮੰਡਲ ਖੇਡਾਂ ਓਲੰਪਿਕਸ ਤੋਂ ਬਾਅਦ ਸਭ ਤੋਂ ਵੱਧ ਮੁਲਕਾਂ ਦੀ ਹਿੱਸੇਦਾਰੀ ਦੇ ਲਿਹਾਜ਼ ਨਾਲ ਵਿਸ਼ਵ ਦੀਆਂ ਦੂਜੇ ਨੰਬਰ ਦੀਆਂ ਖੇਡਾਂ ਹਨ ਜਿਨ੍ਹਾਂ ਵਿੱਚ ਬਰਤਾਨਵੀ ਹਕੂਮਤ ਅਧੀਨ ਰਹੇ 70 ਮੁਲਕ ਹਿੱਸਾ ਲੈਂਦੇ ਹਨ। ਇਸ ਵਰ੍ਹੇ 21ਵੀਆਂ ਰਾਸ਼ਟਰਮੰਡਲ ਖੇਡਾਂ ਆਸਟਰੇਲੀਆ ਦੇ ਸ਼ਹਿਰ ਗੋਲਡ ਕੋਸਟ ਵਿਖੇ 4 ਤੋਂ 15 ਅਪਰੈਲ ਤੱਕ ਹੋਣਗੀਆਂ। ਇਨ੍ਹਾਂ ਖੇਡਾਂ ਦੇ ਨਾਲ ਹੀ ਆਸਟਰੇਲੀਆ ਇਕੱਲਾ ਅਜਿਹਾ ਮੁਲਕ ਬਣ ਜਾਵੇਗਾ ਜਿਸ ਨੇ ਸਭ ਤੋਂ ਵੱਧ 5 ਵਾਰ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕੀਤੀ ਹੋਵੇ। ਕੈਨੇਡਾ ਵੱਲੋਂ ਚਾਰ ਵਾਰ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਆਸਟਰੇਲੀਆ ਚਾਰ ਵਾਰ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕੀਤੀ ਹੈ। ਗੋਲਡ ਕੌਸਟ ਵਿੱਚ ਹੋਣ ਵਾਲੀਆਂ 21ਵੀਆਂ ਰਾਸ਼ਟਰਮੰਡਲ ਖੇਡਾਂ ਵਿੱਚ 70 ਮੁਲਕਾਂ ਦੇ ਖਿਡਾਰੀ 18 ਖੇਡਾਂ ਦੀਆਂ 275 ਈਵੈਂਟਾਂ ਵਿੱਚ ਹਿੱਸਾ ਲੈਣਗੇ। ਰਾਸ਼ਟਰਮੰਡਲ ਖੇਡਾਂ ਵਿੱਚ ਸਭ ਤੋਂ ਵੱਧ ਤਗਮੇ ਜਿੱਤਣ ਵਾਲੇ ਮੁਲਕਾਂ ਵਿੱਚ ਵੀ ਆਸਟਰੇਲੀਆ ਚੋਟੀ 'ਤੇ ਹੈ ਜਿਸ ਨੇ ਹੁਣ ਤੱਕ ਇਨ੍ਹਾਂ ਖੇਡਾਂ ਦੇ ਇਤਿਹਾਸ ਵਿੱਚ 852 ਸੋਨੇ, 716 ਚਾਂਦੀ ਤੇ 650 ਕਾਂਸੀ ਦੇ ਤਗ਼ਮਿਆਂ ਸਣੇ ਕੁੱਲ 2218 ਤਮਗੇ ਜਿੱਤੇ ਹਨ। ਭਾਰਤ ਦੀ ਪੁਜੀਸ਼ਨ ਚੌਥੇ ਨੰਬਰ 'ਤੇ ਆਉਂਦੀ ਹੈ ਜਿਸ ਨੇ 155 ਸੋਨੇ, 155 ਚਾਂਦੀ ਤੇ 128 ਕਾਂਸੀ ਦੇ ਤਗ਼ਮਿਆਂ ਸਣੇ ਕੁੱਲ 438 ਤਗ਼ਮੇ ਜਿੱਤੇ ਹਨ।

ਏਸ਼ਿਆਈ ਖੇਡਾਂ: ਏਸ਼ਿਆਈ ਖੇਡਾਂ ਹੁੰਦੀਆਂ ਹਨ ਜਿਹੜੀਆਂ ਇਸ ਸਾਲ 18 ਅਗਸਤ ਤੋਂ 2 ਸਤੰਬਰ ਤੱਕ ਜਕਾਰਤਾ-ਪਾਲੇਮਬਾਂਗ (ਇੰਡੋਨੇਸ਼ੀਆ) ਵਿੱਚ ਹੋਣਗੀਆਂ। 18ਵੀਆਂ ਏਸ਼ਿਆਈ ਖੇਡਾਂ ਦੀ ਮੇਜ਼ਬਾਨੀ ਇਸ ਵਾਰ ਇੰਡੋਨੇਸ਼ੀਆ ਦੇ ਦੋ ਸ਼ਹਿਰ ਕਰ ਰਹੇ ਹਨ ਅਤੇ ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਦੋ ਸ਼ਹਿਰਾਂ ਵੱਲੋਂ ਮੇਜ਼ਬਾਨੀ ਕੀਤੀ ਜਾ ਰਹੀ ਹੈ। ਇੰਡੋਨੇਸ਼ੀਆ ਦੂਜੀ ਵਾਰ ਏਸ਼ਿਆਈ ਖੇਡਾਂ ਦੀ ਮੇਜ਼ਬਾਨੀ ਕਰੇਗਾ। ਇਸ ਤੋਂ ਪਹਿਲਾਂ 1962 ਵਿੱਚ ਜਕਾਰਤਾ ਵਿੱਚ ਖੇਡਾਂ ਹੋਈਆਂ ਸਨ। ਇਨ੍ਹਾਂ ਖੇਡਾਂ ਵਿੱਚ ਏਸ਼ੀਅਨ ਮੁਲਕਾਂ ਦੇ ਖਿਡਾਰੀ 40 ਖੇਡਾਂ ਦੇ 462 ਈਵੈਂਟਾਂ ਵਿੱਚ ਹਿੱਸਾ ਲੈਣਗੇ। ਏਸ਼ਿਆਈ ਖੇਡਾਂ ਵਿੱਚ ਜਦੋਂ ਤੋਂ ਚੀਨ ਨੇ ਹਿੱਸਾ ਲੈਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਚੀਨ ਮੀਰੀ ਰਿਹਾ ਹੈ। 1982 ਵਿੱਚ ਚੀਨ ਦੇ ਹਿੱਸਾ ਲੈਣ ਤੋਂ ਪਹਿਲਾਂ ਜਪਾਨ ਤਮਗਾ ਸੂਚੀ ਵਿੱਚ ਪਹਿਲੇ ਸਥਾਨ 'ਤੇ ਰਹਿੰਦਾ ਸੀ। ਤਮਗਾ ਸੂਚੀ ਵਿੱਚ ਭਾਰਤ ਹਮੇਸ਼ਾ ਹੀ ਪਹਿਲੇ 10 ਮੁਲਕਾਂ ਵਿੱਚ ਹੀ ਸ਼ੁਮਾਰ ਰਿਹਾ ਹੈ। ਸਾਲ 2018 ਵਿੱਚ ਹੋਰ ਵੱਡੇ ਕੌਮਾਂਤਰੀ ਮੁਕਾਬਲਿਆਂ ਦੀ ਗੱਲ ਕਰੀਏ ਤਾਂ ਸਰਦ ਰੁੱਤ ਦੀਆਂ ਓਲੰਪਿਕ ਖੇਡਾਂ ਇਸ ਸਾਲ 9 ਤੋਂ 25 ਫਰਵਰੀ ਤੱਕ ਦੱਖਣੀ ਕੋਰੀਆ ਦੇ ਸ਼ਹਿਰ ਪਿਓਂਗਯਾਂਗ ਵਿੱਚ ਹੋਣਗੀਆਂ ਜਿਸ ਵਿੱਚ 90 ਮੁਲਕਾਂ ਦੇ ਖਿਡਾਰੀ 7 ਖੇਡਾਂ ਦੀਆਂ 102 ਵੰਨਗੀਆਂ ਵਿੱਚ ਹਿੱਸਾ ਲੈਣਗੇ। ਬੈਡਮਿੰਟਨ ਦਾ ਸਭ ਤੋਂ ਵਕਾਰੀ ਮੁਕਾਬਲਾ ਥਾਮਸ ਤੇ ਉਬੇਰ ਕੱਪ ਇਸ ਸਾਲ 20 ਤੋਂ 27 ਮਈ ਤੱਕ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਖੇ ਖੇਡਿਆ ਜਾਵੇਗਾ। ਕ੍ਰਿਕਟ ਖੇਡ ਵਿੱਚ ਜੂਨੀਅਰ ਵਰਗ ਦਾ ਸਭ ਤੋਂ ਵੱਡਾ ਕੌਮਾਂਤਰੀ ਮੁਕਾਬਲਾ ਅੰਡਰ-19 ਕ੍ਰਿਕਟ ਵਿਸ਼ਵ ਕੱਪ ਇਸ ਸਾਲ ਦੇ ਪਹਿਲੇ ਮਹੀਨੇ ਹੀ ਨਿਊਜ਼ੀਲੈਂਡ ਵਿੱਚ ਖੇਡਿਆ ਜਾਣਾ ਹੈ। 13 ਮਈ ਤੋਂ 3 ਫਰਵਰੀ ਤੱਕ ਖੇਡੇ ਜਾਣ ਵਾਲੇ 12ਵੇਂ ਅੰਡਰ-19 ਕ੍ਰਿਕਟ ਵਿਸ਼ਵ ਕੱਪ ਵਿੱਚ 16 ਟੀਮਾਂ ਹਿੱਸਾ ਲੈ ਰਹੀਆਂ ਹਨ।

# ਵਿਗਿਆਨ ਦਾ ਸੁਭਾਅ ਅਤੇ ਇਸ ਦੀ ਮਾਨਵਵਾਦੀ ਅਦਾ

ਸੁਰਜੀਤ ਸਿੰਘ ਢਿੱਲੋਂ ਡਾ.
0175-2214547

ਨਵਾਂ ਕੁਝ ਸਿੱਖਣ ਨੂੰ ਆਲੇ-ਦੁਆਲੇ ਬਹੁਤ ਹੈ, ਪਰ ਨਾਲ ਹੀ ਕੁਝ ਨਾ ਸਿੱਖਣ ਵਾਲੀ ਰੁਚੀ ਦੀ ਵੀ ਸੰਸਾਰ ਵਿੱਚ ਕੋਈ ਘਾਟ ਨਹੀਂ। ਸਾਡੇ ਸਭਨਾਂ 'ਚ ਪਹਿਲਾਂ-ਪਹਿਲ ਵਿਆਪਕ ਸੂਝ-ਸਮਝ ਤੋਂ ਉਤਾਂਹ ਉਠਣ ਦੀ ਆਵੇਗੀ ਲਾਲਸਾ ਹੁੰਦੀ ਹੈ। ਅਜਿਹਾ ਕਰਨ ਲਈ ਸੋਚਦਿਆਂ ਵਰ੍ਹੇ ਬੀਤ ਜਾਂਦੇ ਹਨ ਅਤੇ ਅੰਤ ਉਸੇ ਨਾਲ ਸਮਝੌਤਾ ਕਰਨਾ ਪੈ ਜਾਂਦਾ ਹੈ ਜਿਹੜੀ ਹੋਰਨਾਂ ਦੀ ਸੋਚ ਹੁੰਦੀ ਹੈ। ਇਸ ਉਪਰੰਤ ਸੁਤੰਤਰ ਸੋਚ ਤੋਂ ਤ੍ਰਭਕਦੇ ਰਹਿਣਾ ਸਾਡੀ ਆਦਤ ਬਣ ਜਾਂਦੀ ਹੈ। ਵਿਗਿਆਨ ਸੁਤੰਤਰ ਸੋਚ ਦਾ ਮੁਰੀਦ ਹੈ ਅਤੇ ਇਸੇ ਕਾਰਨ ਇਸ ਦੇ ਕਹੇ ਦੀ ਹਾਮੀ ਭਰਨ 'ਚ ਆਮ ਇਤਰਾਜ਼ ਹੈ। ਫਿਰ ਵੀ ਇਹ ਰੁਮਕ ਤੇ ਮਹਿਕ ਮਾਨਵਤਾ ਲਈ ਹੀ ਰਿਹਾ ਹੈ ਅਤੇ ਉਸੇ ਦਾ ਦਮ ਭਰਦਿਆਂ ਇਹ ਸੁਆਸ ਲੈ ਰਿਹਾ ਹੈ। ਵਿਗਿਆਨ ਅਸਾਧਾਰਨ ਕੁਝ ਨਹੀਂ ਕਰ ਰਿਹਾ; ਇਹ ਤਾਂ ਅਜਿਹੇ ਬ੍ਰਹਿਮੰਡ ਦੇ ਸਾਨੂੰ ਦਰਸ਼ਨ ਕਰਵਾ ਰਿਹਾ ਹੈ ਜਿਹੜਾ ਅਦਿੱਖ ਹੈ। ਇਹ ਜੀਵਨ ਦੀਆਂ ਅਜਿਹੀਆਂ ਪੇਚੀਦਗੀਆਂ ਨਾਲ ਸਾਡੀ ਪਛਾਣ ਕਰਵਾ ਰਿਹਾ ਹੈ ਜਿਨ੍ਹਾਂ ਨੂੰ ਅਸੀਂ ਸਮਝ ਨਹੀਂ ਰਹੇ। ਇਹ ਵੱਖਰੀ ਗੱਲ ਹੈ ਕਿ ਬ੍ਰਹਿਮੰਡ ਅਤੇ ਜੀਵਨ ਦੀ ਅਲੌਕਿਕ ਪ੍ਰਤਿਭਾ ਦੇ ਸਨਮੁੱਖ ਸਾਡੀ ਸੂਝ ਤੁੱਛ ਮਹਿਸੂਸ ਕਰ ਰਹੀ ਹੈ। ਦਰਅਸਲ, ਇਹ ਵੀ ਇੱਕ ਕਾਰਨ ਹੈ ਕਿ ਵਿਗਿਆਨ ਦੀ ਸੰਗਤ ਮਾਨਣੀ ਬਹੁਤਿਆਂ ਨੂੰ ਲਜ਼ੀਜ਼ ਨਹੀਂ ਲੱਗਦੀ।

ਜਦੋਂ ਅਸੀਂ 100 ਇੰਚ ਲੈਂਜ਼ ਦੀ ਦੂਰਬੀਨ ਵਿਚਦੀ ਉਸ ਆਕਾਸ਼ਗੰਗਾ ਨੂੰ ਤੱਕਦੇ ਹਾਂ ਜਿਸ ਦਾ ਪ੍ਰਕਾਸ਼ ਕਰੋੜਾਂ ਵਰ੍ਹਿਆਂ ਉਪਰੰਤ ਪ੍ਰਿਥਵੀ ਉਪਰ ਪੁੱਜ ਰਿਹਾ ਹੈ। ਜਦੋਂ ਅਸੀਂ 10 ਕਰੋੜ ਵਰ੍ਹੇ ਪਹਿਲਾਂ ਵਿਚਰੇ ਪ੍ਰਾਣੀ ਦੇ ਚਟਾਨ 'ਚ ਅੰਕਿਤ ਸੰਕੇਤਾਂ ਉਪਰ ਨਜ਼ਰ ਮਾਰਦੇ ਹਾਂ; ਜਾਂ ਜਦੋਂ ਅਸੀਂ 5 ਲੱਖ ਵਰ੍ਹੇ ਪਹਿਲਾਂ ਸਾਡੇ ਪੂਰਵਜ ਦੇ ਤਰਾਸ਼ੇ ਪੱਥਰ ਨੂੰ ਹੱਥ 'ਚ ਫੜਦੇ ਹਾਂ; ਜਾਂ ਜਦੋਂ ਅਸੀਂ ਸਮੇਂ ਤੇ ਪੁਲਾੜ ਦੀ ਵਿਸ਼ਾਲਤਾ ਨਾਲ ਅਤੇ ਵਿਸ਼ਵ ਦੇ 14 ਅਰਬ ਵਰ੍ਹੇ ਲੰਬੇ ਇਤਿਹਾਸ ਨਾਲ ਦੋ-ਚਾਰ ਹੁੰਦੇ ਹਾਂ ਤਾਂ ਸਾਡੇ ਮਨਾਂ ਅੰਦਰ ਵਿਸਮਾਦ ਦਾ ਜਾਗ ਪੈਣਾ ਸੁਭਾਵਿਕ ਹੈ। ਇਹ ਹੀ ਤਾਂ ਵਿਗਿਆਨ ਹੈ।

ਕਾਰਲ ਸੈਗਨ ਦਾ ਕਹਿਣਾ ਹੈ: 'ਪਰਖ-ਪੜਤਾਲ ਦੁਆਰਾ ਛੰਡ-ਛੰਡਾਈ ਕਰਕੇ ਵਿਗਿਆਨ ਦੇ ਖੇਤਰ 'ਚੋਂ ਅਤੇ ਧਰਮ ਦੇ ਖੇਤਰ 'ਚੋਂ ਵੀ ਗੰਭੀਰ ਵਿਚਾਰਾਂ ਨੂੰ ਊਲ-ਜਲੂਲ ਬੇਤੁਕੇਪਣ ਨਾਲੋਂ ਨਿਖੇੜਨ ਦੀ ਸਦਾ ਲੋੜ ਰਹਿੰਦੀ ਹੈ'। ਸਦਾਚਾਰ ਦੇ ਵਿਆਖਿਆਕਾਰ ਐਮਰਸਨ ਦਾ ਵੀ ਵਿਚਾਰ ਹੈ ਕਿ ਧਰਮ ਦਾ ਆਧਾਰ ਬਣਦੇ ਗੰਭੀਰ ਵਿਚਾਰ ਸਮੇਂ ਨਾਲ ਆਪਣੀ ਗੰਭੀਰਤਾ ਗੁਆ ਬੈਠਦੇ ਹਨ ਅਤੇ ਮਨ ਨੂੰ ਬਹਿਲਾਉਣ ਦਾ ਸਾਧਨ ਬਣ ਜਾਂਦੇ ਹਨ। ਵਿਗਿਆਨ ਕਦੇ ਵੀ ਇਸ 'ਤੇ ਜ਼ੋਰ ਨਹੀਂ ਦਿੰਦਾ ਕਿ ਉਸ ਦੇ ਕਹੇ ਉੱਤੇ ਵਿਸ਼ਵਾਸ ਕਰ ਹੀ ਲਿਆ ਜਾਵੇ। ਉਹ ਤਾਂ ਆਪ ਵੀ ਖੋਜੇ ਗਏ ਤੱਥਾਂ ਦੀਆਂ ਵਿਆਖਿਆਵਾਂ ਨੂੰ ਅੰਤ੍ਰਿਮ ਅਤੇ ਅਜ਼ਮਾਇਸ਼ੀ ਸਮਝਦਾ ਹੈ ਅਤੇ ਇਨ੍ਹਾਂ 'ਚ ਉਪਲੱਬਧ ਪ੍ਰਮਾਣਾਂ ਅਨੁਕੂਲ ਸੋਧ ਕਰਦਾ ਰਹਿੰਦਾ ਹੈ। ਜੋ ਵਿਗਿਆਨ ਜਾਣਦਾ ਅਤੇ ਅਨੁਭਵ ਕਰਦਾ ਹੈ, ਉਸ ਨੂੰ ਹੋਰਨਾਂ ਸਾਹਮਣੇ ਬਿਨਾਂ ਲਾਗ ਲਪੇਟ ਪੇਸ਼ ਕਰ ਦਿੰਦਾ ਹੈ। ਇਹ ਪੜ੍ਹਨ ਜਾਂ ਸੁਣਨ ਵਾਲਿਆਂ ਉਪਰ ਨਿਰਭਰ ਹੈ ਕਿ ਉਹ ਇਸ ਨਾਲ ਸਹਿਮਤ ਹੁੰਦੇ ਹਨ ਜਾਂ ਨਹੀਂ। ਵਿਗਿਆਨ ਸਿਲਸਿਲੇਵਾਰ ਵਿਉਂਤਬੱਧ ਕੀਤਾ ਗਿਆਨ ਹੈ ਜਿਸ ਦਾ ਆਧਾਰ ਪ੍ਰਯੋਗਕ ਪਰਖ-ਪੜਤਾਲ, ਵਿਸ਼ਲੇਸ਼ਣ ਅਤੇ ਭਵਿੱਖ ਪ੍ਰਤੀ ਤਰਕ ਆਧਾਰਿਤ ਅਨੁਮਾਨ ਹਨ। ਪਰ ਤੱਥਾਂ ਤੋਂ ਕੋਰਾ ਨਿਰੋਲ ਕਿਆਸ ਇਸ ਨੂੰ ਸਵੀਕਾਰ ਨਹੀਂ।

ਸਮੇਂ ਸਮੇਂ, ਕਿਧਰੋਂ ਨਾ ਕਿਧਰੋਂ ਖ਼ਬਰ ਆਉਂਦੀ ਰਹਿੰਦੀ ਹੈ ਕਿ ਵਿਗਿਆਨ ਨੇ ਕੁਝ ਨਾ ਕੁਝ ਨਵਾਂ ਖੋਜ ਲਿਆ ਹੈ। ਸਾਡੇ ਮਨਾਂ ਅੰਦਰ ਉੱਠਦੇ ਰਹਿੰਦੇ ਪ੍ਰਸ਼ਨਾਂ ਦੀ ਤਹਿ ਤਕ ਪੁੱਜਣ ਦੇ ਯਤਨ ਕਰਦਾ ਹੋਇਆ ਵਿਗਿਆਨ ਇਨ੍ਹਾਂ ਦੇ ਉੱਤਰ ਵੀ ਲੱਭੀ ਜਾ ਰਿਹਾ ਹੈ। ਪਿਛਲੇ ਦਸ ਵਰ੍ਹਿਆਂ ਦੌਰਾਨ ਕਾਮਿਟ (ਧੂਮਕੇਤੂ) ਉਪਰ ਜਹਾਜ਼ ਉਤਾਰਿਆ ਗਿਆ ਹੈ; ਜ਼ਬਾਨੀ ਦਿੱਤੇ ਜਾ ਰਹੇ ਹੁਕਮਾਂ ਦੀ ਪਾਲਣਾ ਕਰ ਰਹੇ ਰੋਬੋਟ ਬਣਾਏ ਗਏ ਹਨ; ਸਟੈਮ-ਸੈਲਾਂ ਨੂੰ ਸਰੀਰ 'ਚ ਇੰਜੈਕਟ ਕਰਕੇ ਸ਼ੱਕਰ ਰੋਗ ਦਾ ਇਲਾਜ ਕੀਤਾ ਗਿਆ ਹੈ ਅਤੇ 50 ਹਜ਼ਾਰ ਵਰ੍ਹੇ ਪਹਿਲਾਂ ਵਿਚਰੀ ਯੁਵਤੀ ਦੇ ਜੀਨਾਂ ਦੀ ਪਛਾਣ ਕਰ ਲਈ ਗਈ ਹੈ। ਇਸ ਪ੍ਰਕਾਰ, ਜੋ ਅਸੀਂ ਜਾਣਦੇ ਹਾਂ, ਵਿਗਿਆਨ ਸਦਕਾ ਦਿਨ-ਪ੍ਰਤੀ-ਦਿਨ ਉਸ ਦਾ ਘੇਰਾ ਮੋਕਲਾ ਹੋਈ ਜਾ ਰਿਹਾ ਹੈ।

ਵਿਗਿਆਨ ਸਾਡੀ ਔਝੜੀ ਤਕਦੀਰ ਨੂੰ ਰਾਹੇ ਪਾਉਣ ਦਾ ਸਾਧਨ ਵੀ ਸਿੱਧ ਹੋ ਰਿਹਾ ਹੈ। ਜਿਹੜੇ ਰੋਗ ਕਾਬੂ ਨਹੀਂ ਸਨ ਆ ਰਹੇ, ਉਨ੍ਹਾਂ ਨੂੰ ਨਿਯੰਤ੍ਰਿਤ ਕਰ ਸਕਣਾ ਸੰਭਵ ਹੁੰਦਾ ਜਾ ਰਿਹਾ ਹੈ। ਜੇਕਰ ਅਸੀਂ ਨਵੇਂ ਨਵੇਂ ਰੋਗ ਸਹੇੜ ਰਹੇ ਹਾਂ ਅਤੇ ਸਾਡੀ ਵਸੋਂ 'ਚ ਵੀ ਅਰੋਕ ਵਾਧਾ ਹੋਈ ਜਾ ਰਿਹਾ ਹੈ ਤਾਂ ਇਨ੍ਹਾਂ ਵੱਲੋਂ ਵੀ ਅਸੀਂ ਇਸ ਲਈ ਲਾਪ੍ਰਵਾਹ ਹਾਂ ਕਿਉਂਕਿ ਵਿਗਿਆਨ ਕਾਰਨ ਸਾਨੂੰ ਆਸ ਹੈ ਕਿ ਅਸੀਂ ਰੋਗ ਨਵਿਰਤ ਹੋਵਾਂਗੇ ਹੀ ਅਤੇ ਅਸੀਂ ਕਿਸੇ ਹਾਲ ਵੀ ਭੁੱਖੇ ਨਹੀਂ ਮਰਾਂਗੇ। ਉਂਜ, ਵਿਗਿਆਨ ਚਿਤਾਵਨੀ ਵੀ ਦੇ ਰਿਹਾ ਹੈ ਕਿ ਜੇਕਰ ਗਿਣਤੀ 'ਚ ਅਸੀਂ ਇਸੇ ਦਰ ਨਾਲ ਵਧਦੇ ਰਹੇ ਤਾਂ 2050 ਤਕ ਸਾਡੀ ਵਸੋਂ 9 ਅਰਬ 60 ਕਰੋੜ ਹੋ ਜਾਣ ਦਾ ਅਨੁਮਾਨ ਹੈ। ਅਤੇ ਜੇਕਰ ਅਸੀਂ ਇਸੇ ਪ੍ਰਕਾਰ ਵਿਚਰਦੇ ਰਹੇ, ਜਿਵੇਂ ਵਿਚਰ ਰਹੇ ਹਾਂ, ਤਾਂ ਦੂਸ਼ਿਤ ਵਾਤਾਵਰਨ ਅਤੇ ਬਦਲਦੇ ਜਾ ਰਹੇ ਮੌਸਮਾਂ ਤੇ ਰੁੱਤਾਂ ਦਾ ਸਾਡੇ ਜੀਵਨ ਉਪਰ ਉਲਟਾ ਪ੍ਰਭਾਵ ਪੈਣਾ ਲਾਜ਼ਮੀ ਹੈ। ਉਸ ਸਥਿਤੀ 'ਚ ਰੋਗ ਵਧ ਜਾਣਗੇ, ਕਾਸ਼ਤੀ ਉਪਜ ਘਟ ਜਾਵੇਗੀ ਅਤੇ ਫਲਸਰੂਪ ਆਰਥਿਕਤਾ ਨਿਘਰ ਜਾਵੇਗੀ। ਵਧਦੀ ਜਾ ਰਹੀ ਵਸੋਂ ਦੇ ਨਾਲ ਨਾਲ ਸਾਡੇ ਜੀਵਨ ਉਪਰ ਪੈ ਰਹੇ ਅਜਿਹੇ ਪ੍ਰਭਾਵ ਹੋਰ ਵੀ ਗੰਭੀਰ ਰੂਪ ਧਾਰਨ ਕਰਦੇ ਰਹਿਣਗੇ। ਇਨ੍ਹੀਂ ਹਾਲੀਂ ਵਿਗਿਆਨ ਵੀ ਬਹੁਤ ਕੁਝ ਸੰਵਾਰ ਨਹੀਂ ਸਕੇਗਾ।

ਭੈੜੇ ਭਵਿੱਖ ਦੀ ਸੰਭਾਵਨਾ ਦੇ ਬਾਵਜੂਦ ਅਸੀਂ ਵਿਗਿਆਨ ਆਸਰੇ ਹੀ ਹੁਣ ਨਾਲੋਂ ਵਧੀਆ ਜੀਵਨ ਭੋਗਣ ਦੇ ਸੁਪਨੇ ਦੇਖ ਰਹੇ ਹਾਂ। ਇਸ ਲਈ ਕਿ ਅੱਜ ਵੀ ਵਿਗਿਆਨ ਹੀ ਸਾਡੀਆਂ ਸਮੱਸਿਆਵਾਂ ਸੁਲਝਾ ਰਿਹਾ ਹੈ, ਸਾਡੇ ਅਕੇਵਿਆਂ ਦਾ ਸਮਾਧਾਨ ਕਰ ਰਿਹਾ ਹੈ ਅਤੇ ਕੌਮਾਂ ਵਿਚਕਾਰ ਮਿਲਵਰਤਨ ਨੂੰ ਪ੍ਰੋਤਸਾਹਿਤ ਕਰ ਰਿਹਾ ਹੈ। ਵਿਗਿਆਨ ਕਰਕੇ ਹੀ ਘਰ ਘਰ ਸੁੱਖ-ਸਾਧਨ ਹਨ ਅਤੇ ਸੁਖਾਵਾਂ ਮਾਹੌਲ ਭੰਗ ਨਹੀਂ ਹੋ ਰਿਹਾ। ਇਹ ਵੱਖਰੀ ਗੱਲ ਹੈ ਕਿ ਸਾਡੀ ਮਾਨਸਿਕ ਅਸ਼ਿਸ਼ਟਤਾ ਦਾ ਇਲਾਜ ਵਿਗਿਆਨ ਨਹੀਂ ਕਰ ਸਕਿਆ। ਸਾਡੀ ਸੂਝ-ਸਮਝ ਅਧਵਾਟੇ ਖਲੋਤੀ ਅਤੀਤ 'ਚ ਪਰਤ ਜਾਣ ਲਈ ਤਾਂਘਦੀ ਰਹਿੰਦੀ ਹੈ। ਗਿਆਨ ਗ੍ਰਹਿਣ ਕਰਨ ਨਾਲੋਂ ਅਸੀਂ ਆਰਥਿਕ ਸਮ੍ਰਿਧੀ ਨੂੰ ਤਰਜੀਹ ਦੇ ਰਹੇ ਹਾਂ। ਇਹ ਜਾਨਣ ਨਾਲੋਂ ਕਿ ਬ੍ਰਹਿਮੰਡ ਦੀ ਰਚਨਾ ਦਾ ਕੀ ਆਧਾਰ ਹੈ ਅਤੇ ਜੀਵਨ ਦੇ ਬਹੁਰ-ਗੇਪਣ ਦਾ ਕੀ ਭੇਦ ਹੈ, ਅਸੀਂ ਵਧੇਰੇ ਦਿਲਚਸਪੀ ਇਸ 'ਚ ਲੈ ਰਹੇ ਹਾਂ ਕਿ ਆਂਢ-ਗੁਆਂਢ ਕੀ ਕਰ ਰਿਹਾ ਹੈ ਜਾਂ ਕੀ ਨਹੀਂ ਕਰ ਰਿਹਾ। ਅਸੀਂ ਸੰਸਾਰ ਅਤੇ ਆਪਣੇ ਆਪ ਬਾਰੇ ਜੋ ਜੋ ਜਾਣ ਰਹੇ ਹਾਂ, ਸਿਰਫ਼ ਜਾਣ ਹੀ ਰਹੇ ਹਾਂ, ਸਮਝ ਨਹੀਂ ਰਹੇ। ਜਾਣ ਲੈਣਾ ਸਹਿਲ ਹੈ, ਸਮਝ ਲੈਣਾ ਸਹਿਲ ਨਹੀਂ। ਜਿਹੜੇ ਆਪਣੇ ਵਿਸ਼ੇ ਦੇ ਮਾਹਿਰ ਹਨ, ਉਹ ਵੀ ਵਿਸ਼ੇ ਦੇ ਘੇਰੇ 'ਚ ਹੀ ਘਿਰੇ ਰਹਿ ਰਹੇ ਹਨ। ਬ੍ਰਹਿਮੰਡ ਤੇ ਜੀਵਨ ਪ੍ਰਤੀ ਸਮੁੱਚੀ ਹਕੀਕਤ ਸਮਝਣ ਲਈ ਜਾਣਕਾਰੀ ਦੇ ਸੀਮਿਤ ਘੇਰੇ 'ਚੋਂ ਬਾਹਰ ਨਿਕਲਣਾ ਜ਼ਰੂਰੀ ਹੈ। ਜੇਕਰ ਅਜਿਹਾ ਨਾ ਕੀਤਾ ਜਾਂਦਾ ਤਾਂ ਵਿਗਿਆਨਕ ਵਿਸ਼ਿਆਂ ਨੇ ਵੀ ਪ੍ਰਫੁੱਲਿਤ ਨਹੀਂ ਸੀ ਹੋਣਾ। ਕੈਮਿਸਟਰੀ (ਰਸਾਇਣ ਵਿਗਿਆਨ) ਅਗਾਂਹ ਵਧੀ ਤਾਂ ਫਿਜ਼ਿਕਸ (ਭੌਤਿਕ ਵਿਗਿਆਨ) ਦੇ ਮੋਢਿਆਂ 'ਤੇ ਸਵਾਰ ਹੋ ਕੇ। ਜਿਵੇਂ ਜੀਵਨ ਦੀਆਂ ਗੁੰਝਲਾਂ ਕੈਮਿਸਟਰੀ ਦਾ ਆਸਰਾ ਲਏ ਬਿਨਾਂ ਨਹੀਂ ਸੀ ਸੁਲਝਣੀਆਂ ਅਤੇ ਸਾਇਕਾਲੋਜੀ (ਮਨੋਵਿਗਿਆਨ) ਵੀ ਜੇਕਰ ਨਵੇਂ ਰਾਹ ਤੁਰ ਪਈ ਹੈ ਤਾਂ ਜੀਵ-ਵਿਗਿਆਨ ਵੱਲ ਨੂੰ ਝੁਕ ਜਾਣ ਕਰਕੇ। ਫਿਲਾਸਫੀ ਅਤੇ ਗਣਿਤ ਬਿਨਾਂ ਨਾ ਫਿਜ਼ਿਕਸ ਦਾ ਗੁਜ਼ਾਰਾ ਹੈ, ਨਾ ਹੋਰਨਾਂ ਵਿਗਿਆਨਕ ਵਿਸ਼ਿਆਂ ਦਾ।

ਜੋ ਕੁਝ ਵਿਗਿਆਨ ਜਾਣਦਾ ਹੈ, ਉਹ ਬਹੁਤ ਨਹੀਂ। ਹਾਲੇ ਵੀ ਵਿਗਿਆਨ ਗਿਆਨ ਲਈ ਭੁੱਖਾ ਹੈ ਅਤੇ ਬਹੁਤ ਕੁਝ ਜਾਨਣ ਦੀ ਇਸ ਨੂੰ ਆਪਣੇ ਆਪ ਤੋਂ ਆਸ ਹੈ। ਵਿਗਿਆਨ ਜੋ ਜਾਣਦਾ ਹੈ, ਉਸ ਨਾਲੋਂ ਵੱਧ ਉਸ ਦੀ ਦਿਲਚਸਪੀ ਉਸ ਵਿੱਚ ਹੈ ਜੋ ਉਹ ਨਹੀਂ ਜਾਣਦਾ ਅਤੇ ਅਜਿਹਾ ਹੈ ਵੀ ਬਹੁਤ ਕੁਝ। ਦੁਨੀਆਂ ਦੇ ਸਿਰਫ਼ 5 ਫ਼ੀਸਦੀ ਤੋਂ ਵਿਗਿਆਨ ਜਾਣੂ ਹੈ, ਜਦੋਂਕਿ ਇਸ ਦੇ ਉਸ 95 ਫ਼ੀਸਦੀ ਨੂੰ ਖੋਜਣਾ ਬਾਕੀ ਹੈ। ਇਸ ਦਾ ਭਾਗ ਅਦਿੱਖ ਪਦਾਰਥ ਹਨ ਅਤੇ ਅੰਨ੍ਹੀ ਊਰਜਾ ਹੈ। ਸੰਸਾਰ 'ਚ ਜੋ ਵੀ ਹੈ, ਉਸ ਦੀ ਗ੍ਰੈਵਿਟੀ (ਗੁਰੂਤਾ ਆਕਰਸ਼ਣ) ਹੈ ਅਤੇ ਜਿਸ ਦੀ ਖਿੱਚ ਅਧੀਨ ਸੁੰਗੜਨ ਦੀ ਬਜਾਏ ਵਿਸ਼ਵ ਫੈਲਦਾ ਜਾ ਰਿਹਾ ਹੈ। ਅਜਿਹਾ ਕਿਉਂ? ਸੰਸਾਰ ਨੂੰ ਪਸਰਨ ਲਈ ਊਰਜਾ ਕਿਸ ਸਰੋਤ ਤੋਂ ਉਪਲੱਬਧ ਹੋ ਰਹੀ ਹੈ, ਕੋਈ ਨਹੀਂ ਜਾਣਦਾ। ਵਿਸ਼ਾਲ ਜਗਤ ਅੰਦਰ ਵਿਆਪਕ ਪਰਿਸਥਿਤੀਆਂ ਉਪਰ ਲਾਗੂ ਨਿਯਮ, ਐਟਮ ਅੰਦਰਲੇ ਉਪ-ਅਣੂਆਂ 'ਤੇ ਕਿਉਂ ਲਾਗੂ ਨਹੀਂ ਹਨ, ਜਦੋਂਕਿ ਕੁਦਰਤੀ ਨਿਯਮ ਬ੍ਰਹਿਮੰਡ ਵਿੱਚ ਇਕਸਾਰ ਲਾਗੂ ਹੋਣੇ ਚਾਹੀਦੇ ਹਨ? ਜੀਵਨ ਪ੍ਰਤੀ ਵੀ ਹਾਲੇ ਬਹੁਤ ਕੁਝ ਸਪਸ਼ਟ ਨਹੀਂ। ਸਾਡੇ ਸਰੀਰ ਅੰਦਰਲੇ ਸੈਲਾਂ 'ਚ ਰਸਾਇਣਕ ਕਾਰੋਬਾਰ ਇਸ ਹੱਦ ਤਕ ਗੁੰਝਲਦਾਰ ਹਨ ਕਿ ਵਿਸ਼ਵ ਦੀ ਪੱਧਰ 'ਤੇ ਜੋ ਹੋ ਰਿਹਾ ਹੈ, ਉਹ ਇਸ ਸਾਹਮਣੇ ਅਤਿ ਸਾਧਾਰਨ ਹੈ। ਆਲੇ-ਦੁਆਲੇ ਵਿਆਪਕ ਪਰਿਸਥਿਤੀਆਂ ਤੋਂ ਸਾਡੇ ਜੀਨ ਪ੍ਰਭਾਵਿਤ ਹੋਣ ਯੋਗ ਹਨ, ਪਰ ਕਿਵੇਂ ? ਵਿਗਿਆਨਕ ਯਤਨਾਂ ਦੇ ਬਾਵਜੂਦ ਕੈਂਸਰ ਲਾਇਲਾਜ ਹੈ। ਸੰਸਕਾਰ ਕਿਸ ਹੱਦ ਤਕ ਜੀਨਾਂ ਨੂੰ ਟੁੰਬ ਜਗਾਉਣਯੋਗ ਹਨ, ਵਿਗਿਆਨ ਨਹੀਂ ਜਾਣਦਾ। ਬੁਢੇਪੇ ਦੀ ਦੁਰਬਲਤਾ ਹਾਲੇ ਵੀ ਸਮੱਸਿਆ ਬਣੀ ਹੋਈ ਹੈ ਅਤੇ ਲੰਬੀ ਆਯੂ ਭੋਗਣਾ, ਸੁਪਨਾ। ਫਿਰ, ਇਹ ਗੁੰਝਲ ਵੀ ਸੁਲਝਾਈ ਨਹੀਂ ਜਾ ਸਕੀ ਕਿ ਜਿਹੜੇ ਜੀਵ ਸੰਸਾਰ ਵਿੱਚ ਹਨ, ਉਨ੍ਹਾਂ ਦੇ ਵਿਕਾਸ 'ਚ ਕਿੰਨੀ ਕੁ ਭੂਮਿਕਾ ਇਤਫ਼ਾਕ ਦੀ ਸੀ ਅਤੇ ਕਿੰਨੀ ਕੁ ਪੂਰਵ-ਨਿਸ਼ਚਿਤ ਮੰਜ਼ਿਲ ਦੀ। ਕੀ ਵਿਸ਼ਵ ਵਿੱਚ ਹੋਰ ਕਿਧਰੇ ਸੂਝਵਾਨ ਪੱਧਰ ਉਪਰ ਜੀਵਨ ਹੈ ਵੀ?

ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਯਤਨ ਜਾਰੀ ਹਨ। ਕਿਸ ਸਮੇਂ ਕਿਹੜੀ ਸਮੱਸਿਆ ਸੁਲਝ ਜਾਵੇ, ਇਸ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ। 1835 ਵਿੱਚ ਫਰਾਂਸੀਸੀ ਫਿਲਾਸਫਰ ਆਗਤਿ ਕਾਮਤੇ ਨੇ ਨਿਸ਼ਚੇਪੂਰਵਕ ਦਾਅਵਾ ਕੀਤਾ ਸੀ ਕਿ ਅਸੀਂ ਕਦੇ ਵੀ ਜਾਣ ਨਹੀਂ ਸਕਾਂਗੇ ਕਿ ਤਾਰਿਆਂ ਵਿਖੇ ਕਿਹੜੇ ਕਿਹੜੇ ਪਦਾਰਥ ਹਨ। ਇਸ ਦੇ ਕੁਝ ਕੁ ਦਹਾਕਿਆਂ ਉਪਰੰਤ ਹੀ ਤਾਰਿਆਂ ਦੇ ਪ੍ਰਕਾਸ਼ ਦੇ ਵਿਸ਼ਲੇਸ਼ਣ ਦੁਆਰਾ ਇਨ੍ਹਾਂ ਦੀ ਪਦਾਰਥਕ ਰਚਨਾ ਉਘੇੜੀ ਜਾਣੀ ਆਰੰਭ ਹੋ ਗਈ ਸੀ। ਫਿਰ, 1900 'ਚ ਸੰਸਾਰ ਪ੍ਰਸਿੱਧ ਵਿਗਿਆਨੀ ਕੈਲਵਿਨ ਨੇ ਵਿਚਾਰ ਪ੍ਰਗਟਾਇਆ: ''ਕੁਦਰਤ ਬਾਰੇ ਜੋ ਕੁਝ ਜਾਣਿਆ ਜਾ ਸਕਦਾ ਹੈ, ਜਾਣ ਲਿਆ ਗਿਆ ਹੈ। ਹੁਣ ਸਿਰਫ਼ ਇਸ ਦੇ ਵਿਸਥਾਰ ਨਾਲ ਸਬੰਧਤ ਖੋਜ ਜਾਰੀ ਰਹੇਗੀ।'' ਇਸੇ ਦੀ ਹਾਮੀ ਪ੍ਰਕਾਸ਼ ਦੀ ਗਤੀ ਮਾਪ ਚੁੱਕੇ ਅਮਰੀਕੀ ਵਿਗਿਆਨੀ ਮਿਕਲਸਨ ਨੇ ਭਰੀ। ਪੰਜ ਵਰ੍ਹਿਆਂ ਉਪਰੰਤ ਐਲਬਰਟ ਅਇੰਸਟਾਈਨ ਨੇ ਜਿਹੋ-ਜਿਹਾ ਖਾਕਾ ਬ੍ਰਹਿਮੰਡ ਦਾ ਪੇਸ਼ ਕੀਤਾ, ਉਸ ਨੇ ਉਪਰੋਕਤ ਦਾਅਵਾ ਨਿਰਆਧਾਰ ਸਿੱਧ ਕਰ ਦਿੱਤਾ ਸੀ। ਇਸ ਉਪਰੰਤ ਹੀ ਐਟਮ ਅੰਦਰ ਉਪ-ਅਣੂਆਂ ਦੀ ਪੱਧਰ 'ਤੇ ਕੀ ਵਾਪਰ ਰਿਹਾ ਹੈ, ਉਸ ਨਾਲ ਸਬੰਧਿਤ ਕੁਆਂਟਮ ਫਿਜ਼ਿਕਸ ਦੀ ਨੀਂਹ ਪਈ। ਇਸ ਵਿਸ਼ੇ ਅਧੀਨ, ਤਦ ਤਕ ਜੋ ਕੁਝ ਵੀ ਜਾਣਿਆ ਗਿਆ ਸੀ, ਉਸ ਦੀ ਪੁਨਰ ਵਿਆਖਿਆ ਕਰਨ ਦੀ ਲੋੜ ਪਈ। ਸਾਨੂੰ ਵਿਗਿਆਨ ਉਸ ਉਸ ਤੋਂ ਜਾਣੂ ਕਰਵਾ ਰਿਹਾ ਹੈ, ਜਿਸ ਜਿਸ ਨੂੰ ਅਸੀਂ ਆਪ ਅਨੁਭਵ ਕਰਨ ਯੋਗ ਨਹੀਂ ਹਾਂ। ਕੀਟਾਣੂਆਂ ਦੀ ਹੋਂਦ ਨੂੰ ਵਿਗਿਆਨ ਉਜਾਗਰ ਕਰ ਰਿਹਾ ਹੈ ਅਤੇ ਸੰਸਾਰ ਵਿੱਚ ਦੂਰੀਆਂ ਦਾ ਥਹੁ-ਪਤਾ ਵੀ ਵਿਗਿਆਨ ਹੀ ਦੇ ਰਿਹਾ ਹੈ। ਚੰਦਰਮਾ ਉਪਰ ਕੀ ਹੈ; ਮੰਗਲ ਗ੍ਰਹਿ ਦਾ ਕਿਹੋ ਜਿਹਾ ਵਾਤਾਵਰਨ ਹੈ; ਸੂਰਜ ਕਿਵੇਂ ਤਪਸ਼ ਅਤੇ ਪ੍ਰਕਾਸ਼ ਉਪਜਾਈ ਜਾ ਰਿਹਾ ਹੈ, ਇਹ ਸਭ ਅਸੀਂ ਵਿਗਿਆਨ ਦੁਆਰਾ ਹੀ ਜਾਣ ਸਕੇ ਹਾਂ।

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

# L.A. MERCHANDISE
## Whole Sale +Retail

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables



ਵਾਣ ਵਾਲਾ ਮੰਜਾ ਸੇਲ 'ਤੇ ਹੈ।



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

## ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਡ-ਮੰਡਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

Tel: 800.936.4011 • 209.636.0880

WE HANDLE DOT AUDITS

RAJINDER SINGH

GLOBAL SOLUTION FOR TRANSPORTATION
(A PAPERLESS SOLUTION FOR TRUCKING)

LAKHVIR SINGH

email: info@etruckingsolution.com • www.etruckingsolution.com

# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh



# Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well." ~ Henry Scott Holland**

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grand-father and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Ninth Memorial Ceremony of this great departed soul.

## Program:

**Commence Prayer Ceremony (Arambh Sri Akhand Path Sahib):**
**Friday January 26, 2018 at 11:00 am.**

**Conclusion of Prayer -- Main Service (Bhog):**
**Sunday January 28, 2018 -- 10:00 am to 3:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:



**Paul Ram**
**(650) 296-4208**



**Jack Ram**
**(650) 455-9026**